Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

All International Channels
MR IPTV
"Entertainment" is his middle name!
THE ULTIMATE IPTV SERVICES
*Live TV *4K Channels *Sports *Movies
*Documentaries *PPV *News
*Bollywood/Hollywood Movies
*Web Series *Music *Local Channels
ਆਈ ਪੀ ਟੀ ਵੀ ਲਾਓ ਅਤੇ ਆਪਣੇ ਪਸੰਦੀਦਾ ਪ੍ਰੋਗਰਾਮ ਘਰ ਬੈਠੇ ਦੇਖੋ!
CALL OR TEXT BOBBY: +1-909-278-7147

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 38; September 20, 2025
20451 N. Plum Grove Rd., Palatine, IL 60074
Ph:847-359-0746, Fax:847-705-9388

## ਰਾਵੀ ਪਾਰ ਜਾਣ ਲਈ ਰਾਹੁਲ ਗਾਂਧੀ ਦੀ ਅਫ਼ਸਰਾਂ ਨਾਲ ਤਕਰਾਰ

### "ਨਹੀਂ ਦਿੱਤੀ ਕਿਸ਼ਤੀ ਤਾਂ ਤੈਰ ਕੇ ਪਾਰ ਕਰ ਲਵਾਂਗਾ ਦਰਿਆ"

**ਗੁਰਦਾਸਪੁਰ:**ਪੰਜਾਬ 'ਚ ਆਏ ਭਿਆਨਕ ਹੜ੍ਹਾਂ ਦਾ ਜਾਇਜ਼ਾ ਲੈਣ ਸੋਮਵਾਰ ਨੂੰ ਪੰਜਾਬ ਦੇ ਦੌਰੇ 'ਤੇ ਆਏ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਗੁਰਦਾਸਪੁਰ ਦੇ ਮਕੌੜਾ ਪੱਤਣ ਪੁੱਜੇ। ਇੱਥੇ ਰਾਵੀ ਦਰਿਆ ਦੇ ਪਾਰ ਵਸੇ ਸੱਤ ਪਿੰਡਾਂ 'ਚ ਜਾਣ ਲਈ ਰਾਹੁਲ ਤੇ ਕਾਂਗਰਸ ਨੇਤਾਵਾਂ ਦੀ ਪੁਲਿਸ ਨਾਲ ਬਹਿਸ ਚਰਚਾ ਦਾ ਵਿਸ਼ਾ ਬਣ ਗਈ ਹੈ। ਰਾਹੁਲ ਰਾਵੀ ਦਰਿਆ ਦੇ ਪਾਰ ਵਸੇ ਸੱਤ ਪਿੰਡਾਂ ਦਾ ਹਾਲ ਜਾਣਨਾ ਚਾਹੁੰਦੇ ਸਨ ਪਰ ਮੌਕੇ 'ਤੇ ਮੌਜੂਦ ਪੁਲਿਸ ਪ੍ਰਸ਼ਾਸਨ ਨੇ ਇਹ ਕਹਿ ਕੇ ਉਨ੍ਹਾਂ ਨੂੰ ਬੇੜੀ ਰਾਹੀਂ ਦਰਿਆ ਪਾਰ ਜਾਣ ਤੋਂ ਰੋਕ ਦਿੱਤਾ ਕਿ ਉਨ੍ਹਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਇਹ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਰਾਹੁਲ ਨੇ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੂੰ ਕਿਸ਼ਤੀ ਨਾ ਦਿੱਤੀ ਗਈ ਤਾਂ ਉਹ ਖ਼ੁਦ ਤੈਰ ਕੇ ਦਰਿਆ ਪਾਰ ਕਰ ਲੈਣਗੇ। ਮਾਮਲਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੱਕ ਪੁੱਜ ਗਿਆ ਜਿਨ੍ਹਾਂ ਨੇ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੂੰ ਫੋਨ ਕਰ ਕੇ ਕਿਹਾ ਕਿ ਉਹ ਰਾਹੁਲ ਨੂੰ ਦਰਿਆ ਪਾਰ ਕਰਨ ਦੀ ਜ਼ਿੱਦ ਨਾ ਕਰਨ ਲਈ ਕਹਿਣ। ਖੜਗੇ ਦੇ ਕਹਿਣ 'ਤੇ ਰਾਹੁਲ ਨੇ ਦਰਿਆ ਪਾਰ ਜਾਣ ਦੀ ਜ਼ਿੱਦ ਛੱਡੀ। ਹੜ੍ਹ ਪ੍ਰਭਾਵਿਤ ਪੰਜਾਬ ਦੇ ਦੌਰੇ ਦੌਰਾਨ ਰਾਹੁਲ ਗਾਂਧੀ ਦਾ ਆਖਰੀ ਪੜਾਅ ਮਕੌੜਾ ਪੱਤਣ ਸੀ।



ਦੁਪਹਿਰ ਸਮੇਂ ਜਦੋਂ ਰਾਹੁਲ ਗਾਂਧੀ ਆਪਣੇ ਕਾਫ਼ਲੇ ਨਾਲ ਮਕੌੜਾ ਪੱਤਣ ਪੁੱਜੇ ਤਾਂ ਉੱਥੇ ਐੱਸ.ਐੱਸ.ਪੀ ਗੁਰਦਾਸਪੁਰ ਆਦਿੱਤਯ, ਐੱਸ.ਪੀ ਜੁਗਰਾਜ ਸਿੰਘ, ਐੱਸ.ਪੀ ਗੁਰਪ੍ਰਤਾਪ ਸਿੰਘ, ਐੱਸ.ਡੀ.ਐੱਮ ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਮੌਜੂਦ ਸਨ। ਇਸ ਦੌਰਾਨ ਰਾਹੁਲ ਗਾਂਧੀ ਨੇ ਰਾਵੀ ਪਾਰ ਵੱਸਦੇ 7 ਪਿੰਡਾਂ ਦੇ ਹਾਲਾਤ ਜਾਣਨ ਦੀ ਇੱਛਾ ਜਤਾਈ। ਉਨ੍ਹਾਂ ਪ੍ਰਸ਼ਾਸਨ ਨੂੰ ਬੇੜੀ ਮੁਹੱਈਆ ਕਰਵਾਉਣ ਲਈ ਕਿਹਾ ਪਰ ਪੁਲਿਸ ਪ੍ਰਸ਼ਾਸਨ ਨੇ ਇਸ ਤੋਂ ਸਾਫ਼ ਮਨਾਂ ਕਰ ਦਿੱਤਾ।

ਇਸ 'ਤੇ ਰਾਹੁਲ ਤੇ ਕਾਂਗਰਸ ਦੇ ਹੋਰ ਆਗੂਆਂ ਦੀ ਐੱਸਐੱਸਪੀ ਸਮੇਤ ਹੋਰਨਾਂ ਅਧਿਕਾਰੀਆਂ ਨਾਲ ਲੰਬੀ ਬਹਿਸ ਹੋਈ। ਪੁਲਿਸ ਅਧਿਕਾਰੀਆਂ ਦਾ ਮੰਨਣਾ ਸੀ ਕਿ ਜਿੰਨਾਂ ਪਿੰਡਾਂ 'ਚ ਰਾਹੁਲ ਗਾਂਧੀ ਜਾਣਾ ਚਾਹੁੰਦੇ ਹਨ ਉਹ ਪਾਕਿਸਤਾਨ ਦੇ ਬਾਰਡਰ ਦੇ ਬਿਲਕੁਲ ਨਾਲ ਲੱਗਦੇ ਹਨ। ਇਸ ਕਾਰਨ ਖ਼ੁਫ਼ੀਆ ਏਜੰਸੀਆਂ ਨੇ ਸੁਰੱਖਿਆ ਦੇ ਮੱਦੇਨਜ਼ਰ ਉੱਥੇ ਜਾਣ ਤੋਂ ਅਲਰਟ ਭੇਜਿਆ ਹੈ। ਇਸ ਉਪਰੰਤ ਕਾਂਗਰਸ ਲੀਡਰਸ਼ਿਪ ਨੇ ਐੱਨਡੀਆਰਐੱਫ ਨੂੰ ਸਪੈਸ਼ਲ ਬੋਟ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ ਪਰ ਉਨ੍ਹਾਂ ਨੇ ਵੀ

*(ਬਾਕੀ ਸਫ਼ਾ 6 'ਤੇ)*

## ਅਮਰੀਕਾ ਵਲੋਂ ਰੂਸ ਅਤੇ ਚੀਨ ਵਿਰੁੱਧ ਨਵੇਂ ਟੈਰਿਫ਼ ਦੀ ਤਿਆਰੀ



**ਮਾਸਕੋ:**ਯੂਕਰੇਨ ਜੰਗ ਖ਼ਤਮ ਕਰਵਾਉਣ 'ਚ ਲੱਗਾ ਅਮਰੀਕਾ ਰੂਸ ਤੇ ਚੀਨ 'ਤੇ ਨਵੀਆਂ ਪਾਬੰਦੀਆਂ ਲਾਗੂ ਕਰਨ ਦੀ ਤਿਆਰੀ ਕਰ ਰਿਹਾ ਹੈ। ਪਰ ਰੂਸ ਤੇ ਚੀਨ ਨੇ ਮਿਲ ਕੇ ਪਹਿਲਾਂ ਹੀ ਇਸਦੀ ਕਾਟ ਲੱਭ ਲਈ ਹੈ। ਦੋਵੇਂ ਦੇਸ਼ ਵਸਤੂ ਵਟਾਂਦਰਾ ਪ੍ਰਣਾਲੀ ਦੇ ਤਹਿਤ ਆਪਸੀ ਲੈਣ-ਦੇਣ ਨੂੰ ਵਧਾ ਰਹੇ ਹਨ। ਰੂਸ ਤੋਂ ਵੱਡੀ ਮਾਤਰਾ 'ਚ ਕਣਕ ਤੇ ਅਲਸੀ ਤੋਂ ਇਲਾਵਾ ਕੱਚਾ ਮਾਲ ਚੀਨ ਭੇਜਿਆ ਜਾ ਰਿਹਾ ਹੈ, ਜਿਸਦੇ ਬਦਲੇ ਚੀਨ ਰੂਸ ਨੂੰ ਆਪਣੀਆਂ ਕਾਰਾਂ, ਮਸ਼ੀਨਰੀ, ਘਰੇਲੂ ਯੰਤਰ ਤੇ ਨਿਰਮਾਣ ਸਮੱਗਰੀ ਸਪਲਾਈ ਕਰ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਪਿਛਲੇ ਮਹੀਨੇ ਚੀਨ ਦੀ ਹੈਨਾਨ ਲਾਂਗਪੈਨ ਆਇਲਫੀਲਡ ਟੈਕਨਾਲੋਜੀ ਕੰਪਨੀ ਨੇ ਸਮੁੰਦਰੀ ਇੰਜਣਾਂ ਦੇ ਬਦਲੇ ਸਟੀਲ ਤੇ ਐਲਿਊਮੀਨੀਅਮ ਮਿਸ਼ਰਤ ਧਾਤਾਂ ਦੇ ਵਪਾਰ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਹਨ। ਵਪਾਰ ਸੋਮਿਆਂ, ਕਸਟਮ ਸੇਵਾਵਾਂ ਦੇ ਬਿਆਨਾਂ ਦੇ ਆਧਾਰ 'ਤੇ ਇਸ ਤਰ੍ਹਾਂ ਦੇ ਅੱਠ ਤਰ੍ਹਾਂ ਦੇ ਲੈਣ-ਦੇਣ ਦੀ ਪਛਾਣ ਕੀਤੀ ਗਈ ਹੈ। ਸੂਤਰਾਂ ਅਨੁਸਾਰ, ਚੀਨੀ ਕਾਰਾਂ ਦਾ ਰੂਸੀ ਕਣਕ ਦੇ ਬਦਲੇ ਵਪਾਰ ਕੀਤਾ ਜਾ ਰਿਹਾ ਹੈ। ਹਾਲਾਂਕਿ, ਇਸਦੀ ਮਾਤਰਾ ਦਾ ਪਤਾ ਨਹੀਂ ਲੱਗ ਸਕਿਆ ਕਿ ਦੋਵੇਂ ਕਿਸ ਆਧਾਰ 'ਤੇ ਭਾਅ ਤੈਅ ਕਰ ਰਹੇ ਹਨ। ਦੋ ਹੋਰਨਾਂ ਲੈਣ-ਦੇਣ 'ਚ ਅਲਸੀ ਦੇ ਬੀਜਾਂ ਦਾ ਚੀਨ ਨਾਲ ਘਰੇਲੂ ਯੰਤਰਾਂ ਤੇ ਉਸਾਰੀ ਸਮੱਗਰੀ ਵਰਗੀਆਂ ਚੀਜ਼ਾਂ ਨਾਲ ਲੈਣ-ਦੇਣ ਹੋਇਆ। ਚੀਨ 'ਚ ਵੱਡੇ ਪੱਧਰ 'ਤੇ ਰੂਸ ਦੀ ਕਣਕ ਤੇ ਅਲਸੀ ਦੀ ਮੰਗ ਰਹਿੰਦੀ ਹੈ। ਇਸ ਤੋਂ ਇਲਾਵਾ ਚੀਨ ਤੋਂ ਮਸ਼ੀਨ ਦੇ ਬਦਲੇ ਰੂਸ ਤੋਂ ਧਾਤਾਂ ਦਾ ਆਦਾਨ-ਪ੍ਰਦਾਨ ਹੋਇਆ। ਚੀਨ ਨੂੰ ਕੱਚਾ ਮਾਲ ਮੁਹੱਈਆ ਕਰਵਾਉਣ ਦੇ ਬਦਲੇ ਰੂਸ ਨੇ ਐਲਿਊਮਿਨੀਅਮ ਦੀ ਬਰਾਮਦ ਕੀਤੀ ਹੈ।

ਸੰਨ 2014 'ਚ ਕ੍ਰੀਮੀਆ ਨੂੰ ਰੂਸ 'ਚ ਮਿਲਾਉਣ ਤੇ 2022 'ਚ ਯੂਕਰੇਨ ਜੰਗ ਸ਼ੁਰੂ ਕਰਨ ਕਾਰਨ ਰੂਸ 'ਤੇ ਅਮਰੀਕਾ ਤੇ ਯੂਰੋਪ ਨੇ ਮਿਲ ਕੇ 22 ਹਜ਼ਾਰ ਤੋਂ ਵੱਧ ਪਾਬੰਦੀਆਂ ਲਗਾਈਆਂ ਹੋਈਆਂ ਹਨ। ਮਕਸਦ ਰੂਸ ਦੇ 2.2 ਟ੍ਰਿਲੀਅਨ ਡਾਲਰ ਦੇ ਅਰਥਚਾਰੇ 'ਤੇ ਸੱਟ ਮਾਰਨ ਦਾ ਸੀ। ਇਸ ਤੋਂ ਇਲਾਵਾ ਵਾਸ਼ਿੰਗਟਨ ਨੇ ਰੂਸ ਤੋਂ ਤੇਲ ਖ਼ਰੀਦਣ ਦੇ ਵਿਰੋਧ 'ਚ ਭਾਰਤ 'ਤੇ ਵੀ ਪਾਬੰਦੀ ਮੜ੍ਹੀਆਂ ਹੋਈਆਂ ਹਨ। ਹਾਲਾਂਕਿ, ਪੁਤਿਨ ਨੇ ਦਾਅਵਾ ਕੀਤਾ ਹੈ ਕਿ ਪੱਛਮੀ ਦੇਸ਼ਾਂ ਦੇ ਅੰਦਾਜ਼ਿਆਂ ਦੇ ਉਲਟ ਰੂਸ ਦਾ

*(ਬਾਕੀ ਸਫ਼ਾ 6 'ਤੇ)*

## ਭਾਰਤ ਦੀ ਅਮਰੀਕਾ ਨਾਲ ਵਪਾਰਕ ਗੱਲਬਾਤ ਲੀਹ 'ਤੇ

ਨਵੀਂ ਦਿੱਲੀ:ਭਾਰਤ ਤੇ ਅਮਰੀਕਾ ਵਿਚਾਲੇ ਵਪਾਰ ਗੱਲਬਾਤ 'ਚ ਆਈ ਰੁਕਾਵਟ ਹੁਣ ਦੁਬਾਰਾ ਲੀਹ 'ਤੇ ਆ ਰਹੀ ਹੈ। ਵਪਾਰ ਗੱਲਬਾਤ ਦੇ ਅਗਲੇ ਪੜਾਅ ਦੀ ਸ਼ੁਰੂਆਤ ਤੇ ਹੋਰ ਵਪਾਰਕ ਮਸਲਿਆਂ 'ਤੇ ਗੱਲਬਾਤ ਜਾਰੀ ਹੈ। ਅਮਰੀਕਾ ਵੱਲੋਂ ਬੇਨਡੇਨ ਲਿੰਚ ਅਤੇ ਭਾਰਤ ਦੇ ਮੁੱਖ ਬੁਲਾਰੇ ਅਤੇ ਵਣਜ ਮੰਤਰਾਲੇ ਦੇ ਵਿਸ਼ੇਸ਼ ਸਕੱਤਰ ਰਾਜੇਸ਼ ਅਗਰਵਾਲ ਦੀ ਅਗਵਾਈ 'ਚ ਮੀਟਿੰਗਾਂ ਹੋ ਰਹੀਆਂ ਹਨ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਮਾਰਚ 'ਚ ਦੋਵਾਂ ਦੇਸ਼ਾਂ ਦੇ ਵਿਚਕਾਰ ਦੁਵੱਲੀ ਵਪਾਰ ਗੱਲਬਾਤ (ਬੀਟੀਏ) ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਸੀ। ਅਗਲੇ ਅਕਤੂਬਰ ਤੱਕ ਬੀਟੀਏ ਦੇ ਪਹਿਲੇ ਪੜਾਅ ਨੂੰ ਪੂਰਾ ਕਰਨ ਦਾ ਟੀਚਾ ਰਖਿਆ ਗਿਆ ਸੀ। ਬੀਟੀਏ ਦੇ ਸਬੰਧ ਵਿਚ ਹੁਣ ਤੱਕ ਪੰਜ ਦੌਰਾਂ ਦੀ ਮੀਟਿੰਗ ਹੋ ਚੁੱਕੀ ਹੈ ਅਤੇ ਪਿਛਲੇ 25 ਅਗਸਤ ਤੋਂ


*(ਬਾਕੀ ਸਫ਼ਾ 6 'ਤੇ)*

Sukhsimranjit Singh LLB, LLM, Ph.D
Mediator and Arbitrator, JAMS
ਸਿਵਲ, ਬਿਜ਼ਨਸ, ਪਰਿਵਾਰਕ, ਠੇਕੇ ਜਾਂ ਜਾਇਦਾਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਝਗੜੇ ਦੇ ਹੱਲ ਲਈ ਅਤੇ ਆਪਣੇ ਪੈਸੇ ਤੇ ਰਿਸ਼ਤਿਆਂ ਨੂੰ ਬਚਾਉਣ ਲਈ ਮੀਡੀਏਟਰ ਅਤੇ ਆਰਬੀਟਰੇਟਰ ਸੁਖਸਿਮਰਨਜੀਤ ਸਿੰਘ ਨਾਲ ਸੰਪਰਕ ਕਰੋ।
Do you have Civil, Business, Family, Contractual or Property Disputes?
Winner of SCMA Peacemaker Award, Dr. Singh is an internationally Acclaimed Mediator and Arbitrator.
Call: 503-910-8767
Case Manager: Julie McCool ,Email: jmccool@jamsadr.com
Mediation helps save money, completed within a day and save your relationship!
Four Locations: LOS ANGELES, SAN FRANCISCO, SACRAMENTO, VISALIA/ FRESNO, NEW YORK



Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faleeda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS




Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਡਾ. ਇਸ਼ਤਿਆਕ ਅਹਿਮਦ ਵੱਲੋਂ ਭਾਰਤ ਦੀ ਵੰਡ ਬਾਰੇ ਅਹਿਮ ਖੁਲਾਸੇ

**ਸਰੀ (ਹਰਦਮ ਮਾਨ):** ਸਾਊਥ ਏਸ਼ੀਅਨ ਰਿਵਿਊ ਅਤੇ ਪੰਜਾਬੀ ਵਿਰਸਾ ਵੱਲੋਂ ਬੀਤੇ ਦਿਨੀਂ ਤਾਜ ਪਾਰਕ ਕਨਵੈਨਸ਼ਨ ਸੈਂਟਰ ਸਰੀ ਵਿਖੇ ਭਾਰਤੀ ਉਪ-ਮਹਾਂਦੀਪ ਦੀ ਵੰਡ ਅਤੇ ਇਸ ਦੇ ਨਤੀਜਿਆਂ ਉੱਪਰ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿਚ 1947 ਦੀ ਪੰਜਾਬ ਦੀ ਵੰਡ ਬਾਰੇ ਖੋਜ ਭਰਪੂਰ ਪੁਸਤਕ 'ਲਹੂ ਲੁਹਾਣ ਪੰਜਾਬ' ਦੇ ਰਚਨਹਾਰੇ ਨਾਮਵਰ ਇਤਿਹਾਸਕਾਰ, ਵਿਗਿਆਨੀ ਅਤੇ ਵਿਦਵਾਨ ਡਾ. ਇਸ਼ਤਿਆਕ ਅਹਿਮਦ ਮੁੱਖ ਬੁਲਾਰੇ ਸਨ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਨਵਰੂਪ ਸਿੰਘ ਨੇ ਸਮਾਗਮ ਵਿਚ ਪਹੁੰਚੀਆਂ ਸਭਨਾਂ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ। ਉਨ੍ਹਾਂ ਡਾ. ਇਸ਼ਤਿਆਕ ਅਹਿਮਦ ਦੀ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਉਹ ਸਟੌਕਹੋਮ ਯੂਨੀਵਰਸਿਟੀ ਸਵੀਡਨ ਵਿਚ ਰਾਜਨੀਤੀ ਸ਼ਾਸਤਰ ਦੇ ਸੇਵਾ ਮੁਕਤ ਪ੍ਰੋਫੈਸਰ ਅਤੇ ਸਿੰਘਾਪੁਰ ਨੈਸ਼ਨਲ ਯੂਨੀਵਰਸਿਟੀ ਵਿਚ ਦੱਖਣੀ ਏਸ਼ੀਆ ਅਧਿਐਨ ਸੰਸਥਾਨ ਵਿਚ ਰਸਮੀ ਖੋਜੀ ਹਨ। ਇਨ੍ਹਾਂ ਨੇ ਸਿਆਸੀ ਇਸਲਾਮ, ਨਸਲ, ਕੌਮਵਾਦ, ਇਨਸਾਨੀ ਅਤੇ ਘੱਟ-ਗਿਣਤੀਆਂ ਦੇ ਹੱਕ, ਵੰਡ ਅਤੇ ਸਿਨਮੇ ਦੀ ਕਲਾ ਨੂੰ ਪੰਜਾਬ ਦੀ ਦੇਣ ਆਦਿ ਵਿਸ਼ਿਆਂ ਬਾਰੇ ਡੂੰਘਾ ਖੋਜ ਕਾਰਜ ਕੀਤਾ ਹੈ। ਉਹ ਲਾਹੌਰ ਦੇ ਅੰਗਰੇਜ਼ੀ ਅਖਬਾਰ 'ਫਰਾਈ ਡੇ' ਵਿਚ ਹਫਤਾਵਰੀ ਕਾਲਮ ਵੀ ਲਿਖਦੇ ਹਨ। ਉਨ੍ਹਾਂ ਦੀਆਂ ਹੁਣ ਤੱਕ ਸੱਤ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਤੇ ਉਹ ਬਹੁਤ ਸਾਰੇ ਖੋਜ ਪੱਤਰਾਂ ਦੇ ਘੋਖ ਕਰਤਾ ਰਹੇ ਹਨ। ਉਨ੍ਹਾਂ ਨੇ 1947 ਦੀ ਤਰਾਸਦੀ ਸਬੰਧੀ ਗੁਪਤ ਬਰਤਾਨਵੀ ਰਿਪੋਰਟਾਂ 'ਤੇ ਅਧਾਰਤ ਅਤੇ ਮੌਕੇ ਦੇ ਗਵਾਹਾਂ ਦੀ ਜ਼ਬਾਨੀ ਲਹੂ-ਲੁਹਾਨ ਹੋਏ ਵੰਡੇ ਤੇ ਵੱਢੇ ਟੁੱਕੇ ਪੰਜਾਬ ਦੀ ਵਿਥਿਆ ਨੂੰ ਆਪਣੀ ਪੁਸਤਕ ਵਿਚ ਬਿਆਨ ਕੀਤਾ ਹੈ। ਇਹ ਪੁਸਤਕ ਉਨ੍ਹਾਂ ਮੂਲ ਵਿਚ ਅੰਗਰੇਜ਼ੀ ਵਿਚ ਲਿਖੀ ਸੀ ਜੋ ਬਾਅਦ ਵਿਚ ਉਰਦੂ, ਹਿੰਦੀ ਤੇ ਪੰਜਾਬੀ ਵਿਚ ਅਨੁਵਾਦ ਹੋ ਚੁੱਕੀ ਹੈ।

ਡਾ. ਇਸ਼ਤਿਆਕ ਅਹਿਮਦ ਨੇ ਭਾਰਤੀ ਉਪ ਮਹਾਂਦੀਪ ਦੀ ਵੰਡ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੰਗਰੇਜ਼ ਆਪਣੇ ਆਪ ਨੂੰ ਸਭ ਤੋਂ ਵੱਡੀ ਸਿਵਲਾਈਜ਼ੇਸ਼ਨ ਪਾਵਰ ਸਮਝਦੇ ਸਨ ਅਤੇ ਉਹ ਸਮਝਦੇ ਸਨ ਕਿ ਏਸ਼ੀਆ ਅਤੇ ਭਾਰਤ ਦੇ ਲੋਕ ਇਸ ਕਾਬਲ ਨਹੀਂ ਕਿ ਆਪਣੀ ਹਕੂਮਤ ਖ਼ੁਦ ਚਲਾ ਸਕਣ। ਉਨ੍ਹਾਂ ਨੇ ਤੱਥਾਂ 'ਤੇ ਆਧਾਰਤ ਦੱਸਿਆ ਕਿ ਅੰਗਰੇਜ਼ਾਂ ਨੇ ਭਾਰਤ ਉੱਪਰ ਆਪਣੀ ਹਕੂਮਤ ਕਾਇਮ ਕੀਤੀ ਅਤੇ ਕਦੇ ਵੀ ਇਹ ਨਹੀਂ ਸੀ ਚਿਤਵਿਆ ਕਿ ਇਕ ਦਿਨ ਇਹ ਹਕੂਮਤ ਛੱਡ ਕੇ ਉਨ੍ਹਾਂ ਨੂੰ ਵਾਪਸ ਇੰਗਲੈਂਡ ਜਾਣਾ ਪਵੇਗਾ। ਉਨ੍ਹਾਂ ਅੰਗਰੇਜ਼ਾਂ ਵੱਲੋਂ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਆਪਸੀ ਭਾਈਚਾਰੇ ਵਿਚ ਵੰਡੀਆਂ ਪਾਉਣ, ਮੁਹੰਮਦ ਅਲੀ ਜਿੱਨਾਹ ਨੂੰ ਹੱਲਾਸ਼ੇਰੀ ਦੇ ਕੇ ਭਾਰਤ ਦੀ ਵੰਡ ਲਈ ਉਕਸਾਉਣ, ਬੰਗਾਲ ਵਿਚ ਹਿੰਸਕ ਵਾਰਦਾਤਾਂ ਦੀ ਸ਼ੁਰੂਆਤ ਤੋਂ ਲੈ ਕੇ ਪੰਜਾਬ ਦੀ ਵੰਡ, ਪੰਜਾਬ ਵਿਚ ਆਪਣਿਆਂ ਹੱਥੋਂ ਮਾਰੇ 8 ਲੱਖ ਪੰਜਾਬੀਆਂ ਦੀ ਦਾਸਤਾਨ ਬਾਰੇ ਵਿਸਥਾਰ ਵਿਚ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਲਗਾਤਾਰ 11 ਸਾਲਾਂ ਦੀ ਆਪਣੀ ਖੋਜ ਦੌਰਾਨ ਉਨ੍ਹਾਂ ਪਾਕਿਸਤਾਨ, ਭਾਰਤ, ਇੰਗਲੈਂਡ, ਅਮਰੀਕਾ, ਕੈਨੇਡਾ, ਸਿੰਘਾਪੁਰ ਆਦਿ ਦੇਸ਼ਾਂ ਵਿਚ ਜਾ ਕੇ 1947 ਦੀ ਪੰਜਾਬ ਵੰਡ ਤੋਂ ਪੀੜਤ ਪਰਿਵਾਰਾਂ ਦੇ ਲਗਭਗ 450 ਮੈਂਬਰਾਂ ਨਾਲ ਇੰਟਰਵਿਊ ਕੀਤੀ ਜੋ ਉਨ੍ਹਾਂ ਦੀ ਖੋਜ ਭਰਪੂਰ ਕਿਤਾਬ ਵਿਚ ਦਰਜ ਹੈ। ਉਨ੍ਹਾਂ ਕਿਹਾ ਕਿ ਇਸ ਕਿਤਾਬ ਵਿਚ ਦਰਜ ਜਾਣਕਾਰੀ ਤੱਥਾਂ ਅਤੇ ਦਸਤਾਵੇਜ਼ਾਂ 'ਤੇ ਆਧਾਰਿਤ ਹੈ।



ਇਸ ਮੌਕੇ ਉਨ੍ਹਾਂ ਲੋਕਾਂ ਵੱਲੋਂ ਵੰਡ ਸਬੰਧੀ ਅਤੇ ਉਸ ਸਮੇਂ ਦੀਆਂ ਰਾਜਸੀ ਹਸਤੀਆਂ ਦੀ ਭੂਮਿਕਾ ਅਤੇ ਹੋਰ ਕਈ ਸਵਲ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ। ਉਭਰਵੇਂ ਰੂਪ ਵਿਚ ਭਾਰਤ-ਪਾਕਿ ਵੰਡ ਦੌਰਾਨ ਅੰਗਰੇਜ਼ਾਂ ਵਲੋਂ ਅਪਣਾਏ ਗਏ ਦੋ ਕੌਮੀ ਫਾਰਮੂਲੇ ਅਤੇ ਸਿੱਖ ਭਾਈਚਾਰੇ ਨੂੰ ਅਣਗੌਲੇ ਜਾਣ ਬਾਰੇ ਪੁੱਛੇ ਗਏ ਸਵਾਲਾਂ ਦੇ ਵੀ ਸਟੀਕ ਜਵਾਬ ਦਿੱਤੇ। ਉਨ੍ਹਾਂ ਇਸ ਧਾਰਨਾ ਨੂੰ ਗਲਤ ਦੱਸਿਆ ਕਿ ਉਸ ਸਮੇਂ ਸਿੱਖ ਆਗੂਆਂ ਨੇ ਵੱਖਰੀ ਸਿੱਖ ਸਟੇਟ ਦੀ ਮੰਗ ਨਹੀਂ ਕੀਤੀ। ਉਨ੍ਹਾਂ ਇਤਿਹਾਸਕ ਤੱਥਾਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਖਾਲਸਾ ਰਾਜ ਸਮੇਂ ਵਿਚ ਸਿੱਖਾਂ ਦੀ ਆਬਾਦੀ ਕਦੇ ਵੀ 12-14 ਪ੍ਰਤੀਸ਼ਤ ਤੋਂ ਵੱਧ ਨਹੀਂ ਸੀ। ਹਿੰਦੁਸਤਾਨ ਦੀ ਵੰਡ ਹਿੰਦੂ-ਮੁਸਲਿਮ ਆਬਾਦੀ ਨੂੰ ਆਧਾਰ ਬਣਾ ਕੇ ਕੀਤੀ ਗਈ ਸੀ ਪਰ ਪੰਜਾਬ ਵਿਚ 1947 ਦੇ ਸਮੇਂ ਵਿਚ ਕੇਵਲ ਇਕ ਤਰਨ ਤਾਰਨ ਤਹਿਸੀਲ ਨੂੰ ਛੱਡ ਕੇ ਕਿਤੇ ਵੀ ਸਿੱਖ ਬਹੁ-ਗਿਣਤੀ ਵਿਚ ਨਹੀਂ ਸਨ। ਅਜਿਹੀ ਸਥਿਤੀ ਨੂੰ ਵੇਖਦਿਆਂ ਹੀ ਉਸ ਸਮੇਂ ਦੇ ਸਿੱਖ ਆਗੂਆਂ ਨੇ ਭਾਰਤ ਨਾਲ ਜਾਣ ਦੀ ਚੋਣ ਕੀਤੀ।

ਅਜੋਕੇ ਦੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਨੂੰ ਆਧਾਰ ਬਣਾ ਕੇ ਕੁਝ ਸਿੱਖਾਂ ਵਲੋਂ ਖਾਲਿਸਤਾਨ ਦੀ ਮੰਗ ਕੀਤੇ ਜਾਣ ਤੇ ਸੰਘਰਸ਼ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਸਪੱਸ਼ਟ ਦੱਸਿਆ ਕਿ ਅੱਜ ਦੇ ਜਮਹੂਰੀ ਮਾਡਲ ਅਤੇ ਯੂ.ਐਨ.ਓ. ਦੇ ਚਾਰਟਰ ਮੁਤਾਬਿਕ ਕਿਸੇ ਵੀ ਮੈਂਬਰ ਮੁਲਕ ਨੂੰ ਤੋੜਨ ਦੀ ਇਜਾਜ਼ਤ ਨਹੀਂ। ਇਸ ਲਈ ਇਕੋ ਤਰੀਕਾ ਹੈ ਕਿ ਜਾਂ ਤਾਂ ਦਾਅਵੇਦਾਰ ਧਿਰ ਸਬੰਧਿਤ ਮੁਲਕ ਨਾਲ ਗੱਲਬਾਤ ਦੀ ਟੇਬਲ 'ਤੇ ਆਵੇ ਜਾਂ ਦੂਸਰਾ ਹੱਲ ਕਿ ਤੁਸੀਂ ਲੜਾਈ ਲੜ ਕੇ ਵੱਖਰਾ ਮੁਲਕ ਬਣਾ ਲਵੋ। ਇਕ ਹੋਰ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੀ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰੀਮੀਅਰ ਉੱਜਲ ਦੋਸਾਂਝ ਨਾਲ ਮਿਲਣੀ ਦੀਆਂ ਤਸਵੀਰਾਂ ਬਾਰੇ ਸੋਸ਼ਲ ਮੀਡੀਆ ਉਪਰ ਵਿਪਰੀਤ ਟਿਪਣੀਆਂ ਬਾਰੇ ਕਿਹਾ ਕਿ ਉਨ੍ਹਾਂ ਦਾ ਸਥਾਨਕ ਸਿਆਸਤ ਨਾਲ ਕੋਈ ਲੈਣ ਦੇਣ ਨਹੀਂ। ਉਹ ਉੱਜਲ ਦੋਸਾਂਝ ਦੇ ਪੁਰਾਣੇ ਮਿੱਤਰ ਹਨ, ਇਸ ਲਈ ਉਨ੍ਹਾਂ ਨੂੰ ਮਿਲਣ ਗਏ ਸਨ। ਇਸ ਲਈ ਕਿਸੇ ਨੂੰ ਵੀ ਇਤਰਾਜ਼ ਨਹੀਂ ਹੋਣਾ ਚਾਹੀਦਾ।

ਸਮਾਗਮ ਵਿਚ ਸਰੀ, ਵੈਨਕੂਵਰ ਦੀਆਂ ਕਈ ਅਹਿਮ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ। ਇਸ ਮੌਕੇ ਦੋਹਾਂ ਸੰਸਥਾਵਾਂ ਵੱਲੋਂ ਡਾ. ਇਸ਼ਤਿਆਕ ਅਹਿਮਦ ਦਾ ਸਨਮਾਨ ਕੀਤਾ ਗਿਆ। ਅੰਤ ਵਿਚ ਨਵਰੂਪ ਸਿੰਘ ਨੇ ਇਸ ਸਮਾਗਮ ਲਈ ਸਹਿਯੋਗ ਦੇਣ ਵਾਲੇ ਕਾਰੋਬਾਰੀਆਂ, ਸਹਿਯੋਗੀਆਂ, ਸ਼ਾਮਲ ਲੋਕਾਂ ਅਤੇ ਵਿਸ਼ੇਸ਼ ਕਰ ਕੇ ਡਾ. ਇਸ਼ਤਿਆਕ ਅਹਿਮਦ ਦਾ ਧੰਨਵਾਦ ਕੀਤਾ।



'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ
HISTORICAL SIKH SHRINES

'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਦੁਨੀਆਂ ਦੀ ਪਹਿਲੀ ਤੇ ਇੱਕੋ-ਇਕ ਕਿਤਾਬ ਹੈ ਜਿਸ ਵਿਚ ਗੁਰੂ ਸਾਹਿਬ ਅਤੇ ਸ਼ਹੀਦਾਂ ਨਾਲ ਸਬੰਧਤ ਪੰਜਾਬ ਤੇ ਭਾਰਤ ਦੇ ਸਾਰੇ ਸੂਬਿਆਂ, ਪਾਕਿਸਤਾਨ ਦੇ ਸਾਰੇ ਪਿੰਡਾਂ ਤੇ ਨਗਰਾਂ, ਅਫ਼ਗਾਨਿਸਤਾਨ, ਨੇਪਾਲ, ਬੰਗਲਾ ਦੇਸ਼ ਅਤੇ ਹੋਰ ਥਾਂਵਾਂ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਅਸਲ ਇਤਿਹਾਸ, ਪਿੰਡ/ਨਗਰ ਜਾਣ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦਿੱਤੀਆਂ ਹੋਈਆਂ ਹਨ। ਇਸ ਵਿਚ 850 ਪਿੰਡਾਂ ਤੇ ਨਗਰਾਂ ਦੇ ਸਾਰੇ ਦੇ ਸਾਰੇ ਗੁਰਦੁਆਰਿਆਂ ਦੀਆਂ ਤਸਵੀਰਾਂ ਤੇ ਅਸਲ ਇਤਿਹਾਸ ਹਨ।
ਸਾਰੀ ਕਿਤਾਬ ਵਧੀਆ ਆਰਟ ਪੇਪਰ 'ਤੇ ਛਪੀ ਹੋਈ ਹੈ। ਇਹ ਬਹੁਤ ਵੱਡਾ ਗ੍ਰੰਥ ਹੈ। ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਦੀ ਕੀਮਤ, ਕੋਰੀਅਰ ਖ਼ਰਚ ਸਣੇ ਸਿਰਫ਼ 125 ਅਮਰੀਕਨ ਡਾਲਰ ਹੈ।

ਕਿਤਾਬ ਖ਼ਰੀਦਣ ਵਾਸਤੇ ਰਾਬਤਾ ਕਰੋ:
ਜਸਪ੍ਰੀਤ ਕੌਰ, ਫੋਨ: 222-422-4773



Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997




Personal Injury and Wrongful Death Attorneys

Case Results*

$10 MILLION Motorcycle vs. Truck Collision


$8 MILLION Wrongful Death

$5.25 MILLION Traumatic Brain Injury

$1.1 MILLION Burn Injury

$1.1 MILLION Pedestrian vs. Motor Vehicle Collision

*Past Performance Not a Guarantee of Future Results



WILLIAM E. WEISS Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com

www.thebainsfirm.com



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS

HOMEOPATHIC NATURAL MEDICINES

When Tired of all Treatments, For any Disease, At any Age, Try Alternative Treatment

Homeopathic Natural Medicines — Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577 State of CA



Corporate NMLS# 68434
AZ License# BK-0945946



Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੇ ਦੀ ਲੋੜ ਹੈ

Looking for a well-educated and professional Jat Sikh match, preferably a citizen or green card holder, for a 30 years, 5'3" tall, US-based H-1B visa holder, M.Sc. Computer Science professional girl. Currently working as a Data Scientist in an MNC. Family well settled in India. Elder brother green card in USA. Serious inquiries, please contact +1-224-584-8673 (father) or +1-317-500-0470 (brother). Email: nsinghsar@gmail.com

34-37

## ਲੜਕੀ ਦੀ ਲੋੜ ਹੈ

Well settled USA citizen Lubana Sikh divorcee, 52 years, 5,10"ft tall and wears a Turban. He has his own business and home in the USA. Seeking a companion that enjoys family and lives in the USA. Caste is no bar. Please E-mail at: singhj72@gmail.com

37-40

Qualified compatible match for sikh Khatri postgraduate IT engineer Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Contact us at Mobile +1 315 849 6562, Whatsapp +91 8860131363 or E-mail richiewalia@gmail.com

37-40

Gursikh family in USA seeks Amritdhari (Keskidhari/ready to tie Keski), educated, vegetarian, family oriented girl for their Amritdhari son, 1987 born, 5'-11" tall, MS Degree holder from USA, working as Software Product Leader, Green Card petition approved in 2016. Home Owner in San Francisco, Bay Area, California since 2021, innocently divorced, issueless, family oriented. Preference to girls living in USA & CANADA. Marriage Bureau stay away. Please contact us at +1-510-399-4085 or +91-98993-79442 (whatsapp) or email at cjsingh55@gmail.com

35-38

Jat Sikh parents seek U.S. based match for their U.S. born son, 28 years, 6" tall, vegetarian, non-drinker. He has a bachelor's degree from the University of Illinois Urbana-Champaign and is currently working for an automotive company. Please contact us at 773-442-2143 if interested.

34-37

Sikh family seeking a suitable match for their 6'1", 30 year old son, born and raised in the US, and currently a third-year Internal Medicine resident. He is family oriented, and values our cultural traditions who enjoys being physically active, spending time with family and friends as well as traveling. We are looking for a smart and kind girl, born and raised in the US or Canada, who is also professional and shares similar values and is ready to build a life together with our son and is open to living in California.Family is well educated and settled in California for a long time. Contact: Harjit Kaur @ 925-225-1400

34-37

Seeking an educated and professional match (American citizen or Permanent Resident) for a 1992-born in Punjab boy (Ramdasia and others), 5'8" Education: B.Tech, MBA(IIT Delhi), MS in Business Analytics (University of Colorado). Currently working as a Business Analyst in Chicago, USA. Belongs to a well-educated and reputed family. Caste No bar. Please contact at +91-7589242016 (Whatsapp) or +1-7204996020.

32-35

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.




UMA TRAVELS
2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਚੋਣ ਅਕਤੂਬਰ 12, 2025




## Current Parbandhak Committee Slate Cndidates

## ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰ

**ELECTION DATE** October 12th, 2025 (Sunday)



1. Bhupindar S. Dhillon ਭੁਪਿੰਦਰ (ਬੋਬ) ਸਿੰਘ ਢਿਲੋਂ
2. Dr. Gurinder Pal Singh ਡਾ: ਗੁਰਿੰਦਰ ਪਾਲ ਸਿੰਘ
3. Pritam Singh Grewal ਪ੍ਰੀਤਮ ਸਿੰਘ ਗਰੇਵਾਲ
4. Rajinder Singh Manger ਰਾਜਿੰਦਰ ਸਿੰਘ ਮੰਗਰ
5. Sukhdev Singh Bainiwal ਸੁਖਦੇਵ ਸਿੰਘ ਬੈਨੀਵਾਲ
6. Kirpal Singh Atwal ਕਿਰਪਾਲ ਸਿੰਘ ਅਟਵਾਲ
7. Surjit Singh Bains ਸੁਰਜੀਤ ਸਿੰਘ ਬੈਂਸ



8. Sohan Singh Dhanota ਸੋਹਨ ਸਿੰਘ ਧਨੋਟਾ
9. Dr. Harjinder S. Ladhar ਡਾ: ਹਰਜਿੰਦਰ ਸਿੰਘ ਲੱਧੜ
10. Gurpreet Singh ਗੁਰਪ੍ਰੀਤ ਸਿੰਘ
11. Harparminder S. Powar ਹਰਪ੍ਰਮਿੰਦਰ ਸਿੰਘ ਪੋਵਾਰ
12. Narinder K. Meharu ਨਰਿੰਦਰ ਕੋਰ ਮਹੇਰੂ
13. Pritpal Kaur ਪ੍ਰਤਿਪਾਲ ਕੋਰ
14. Sharanjit Kaur Bhandal ਸ਼ਰਨਜੀਤ ਕੋਰ ਭੰਡਾਲ



15. Dr. Balbir S. Bains ਡਾ: ਬਲਬੀਰ ਸਿੰਘ ਬੈਂਸ
16. Kuldip S.Shergill ਕੁਲਦੀਪ ਸਿੰਘ ਸ਼ੇਰਗਿਲ
17. Bahadur S. Deol ਬਹਾਦੁਰ ਸਿੰਘ ਦਿਉਲ
18. Gurpreet S. Sethi ਗੁਰਪ੍ਰੀਤ ਸਿੰਘ ਸੇਠੀ
19. Harduman S. Sanghera ਹਰਦੁਮਨ (ਬਿੱਲਾ) ਸਿੰਘ ਸੰਗੇੜਾ
20. Gurbux Singh Dhillon ਗੁਰਬਖਸ਼ ਸਿੰਘ ਢਿਲੋਂ
21. Jorawar Singh ਜੋਰਾਵਰ ਸਿੰਘ

**ਸਾਧ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਇਹਨਾਂ ਉਮੀਦਵਾਰਾਂ ਨੂੰ ਆਪਣਾ ਵੋਟ ਪਾਓ ਅਤੇ ਸੇਵਾ ਕਰਨ ਦਾ ਮੌਕਾ ਦਿਓ**

# Sikh Gurdwara San Jose Parbandhak Committee Election October 12, 2025

## Sample Ballot — ਨਮੂਨਾ ਬੈਲਟ

**Mark Your Ballot like this** ⬬ — **ਆਪਣੇ ਬੈਲਟ 'ਤੇ ਇਸ ਤਰ੍ਹਾਂ ਨਿਸ਼ਾਨ ਲਗਾਓ** ⬬

## Parbandhak Committee Members — ਪ੍ਰਬੰਧਕ ਕਮੇਟੀ ਮੈਂਬਰ

*Vote for no more than 21 Candidates

*21 ਉਮੀਦਵਾਰਾਂ ਤੋਂ ਵੱਧ ਨੂੰ ਵੋਟ ਨਾ ਪਾਓ

**Current Parbandhak Committee Slate Cndidates**
ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ

**Sadh Sangat Slate Candidates**
ਸਾਧ ਸੰਗਤ ਸਲੇਟ ਉਮੀਦਵਾਰ

**Current Parbandhak Committee Slate Candidates**

**ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ**

As shown, please vote for all 21 Current Parbandhak Committee Slate candidates.

*Please do not vote for more than 21 candidates*

ਜਿਸ ਤਰਾਂ ਦਿਖਾਇਆ ਗਿਆ ਹੈ ਕਿਰਪਾ ਕਰਕੇ ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਸਾਰੇ 21 ਉਮੀਦਵਾਰਾਂ ਨੂੰ ਵੋਟ ਪਾਓ ਜੀ ॥

*21 ਤੋਂ ਜ਼ਿਆਦਾ ਮੈਂਬਰਾਂ ਨੂੰ ਵੋਟ ਨਹੀਂ ਪਾਓ ਜੀ*

| Current Parbandhak Committee Slate (marked ⬬) | Sadh Sangat Slate (unmarked ◯) |
|---|---|
| 1. Bhupindar Singh Dhillon ਭੁਪਿੰਦਰ ਸਿੰਘ ਢਿਲੋਂ | 1. Bhupinder Singh Cheema ਭੁਪਿੰਦਰ ਸਿੰਘ ਚੀਮਾ |
| 2. Dr. Gurinder Pal Singh ਡਾ: ਗੁਰਿੰਦਰ ਪਾਲ ਸਿੰਘ | 2. Harpal Singh Chahal ਹਰਪਾਲ ਸਿੰਘ ਚਾਹਲ |
| 3. Pritam Singh Grewal ਪ੍ਰੀਤਮ ਸਿੰਘ ਗਰੇਵਾਲ | 3. Kashmir Singh Kalcut ਕਸ਼ਮੀਰ ਸਿੰਘ ਕਾਲਕੱਟ |
| 4. Rajinder Singh Mangar ਰਜਿੰਦਰ ਸਿੰਘ ਮੰਗਰ | 4. Kulwinder Kaur Cheema ਕੁਲਵਿੰਦਰ ਕੌਰ ਚੀਮਾ |
| 5. Sukhdev Singh Bainiwal ਸੁਖਦੇਵ ਸਿੰਘ ਬੈਨੀਵਾਲ | 5. Jagjit Singh ਜਗਜੀਤ ਸਿੰਘ |
| 6. Kirpal Singh Atwal ਕਿਰਪਾਲ ਸਿੰਘ ਅਟਵਾਲ | 6. Satnam Singh Dhillon ਸਤਨਾਮ ਸਿੰਘ ਢਿਲੋਂ |
| 7. Surjit Singh Bains ਸੁਰਜੀਤ ਸਿੰਘ ਬੈਂਸ | 7. Trilochan Singh Sra ਤਰਲੋਚਨ ਸਿੰਘ ਸਰਾ |
| 8. Sohan Singh Dhanota ਸੋਹਣ ਸਿੰਘ ਧਨੋਤਾ | 8. Gurmail Singh Khalsa ਗੁਰਮੇਲ ਸਿੰਘ ਖਾਲਸਾ |
| 9. Dr. Harjinder Singh Ladhar ਡਾ: ਹਰਜਿੰਦਰ ਸਿੰਘ ਲੱਧੜ | 9. Karnail Singh ਕਰਨੈਲ ਸਿੰਘ |
| 10. Gurpreet Singh ਗੁਰਪ੍ਰੀਤ ਸਿੰਘ | 10. Dr. Satvinder Singh Bajwa ਡਾ: ਸਤਵਿੰਦਰ ਸਿੰਘ ਬਾਜਵਾ |
| 11. Harparminder Singh Powar ਹਰਪ੍ਰਮਿੰਦਰ ਸਿੰਘ ਪਵਾਰ | 11. Jatinder Kaur ਜਤਿੰਦਰ ਕੌਰ |
| 12. Narinder Kaur Meharu ਨਰਿੰਦਰ ਕੌਰ ਮਹੇੜੂ | 12. Sukhvir Singh Randhawa ਸੁਖਵੀਰ ਸਿੰਘ ਰੰਧਾਵਾ |
| 13. Pritpal Kaur ਪ੍ਰਿਤਪਾਲ ਕੌਰ | 13. Amrik Singh Lubana ਅਮਰੀਕ ਸਿੰਘ ਲੁਬਾਣਾ |
| 14. Sharanjit Kaur Bhandal ਸ਼ਰਨਜੀਤ ਕੌਰ ਭੰਡਾਲ | 14. Gulbag Singh Lubana ਗੁਲਬਾਗ ਸਿੰਘ ਲੁਬਾਣਾ |
| 15. Dr. Balbir Singh Bains ਡਾ: ਬਲਬੀਰ ਸਿੰਘ ਬੈਂਸ | 15. Raghubir Singh Dhillon ਰਘੁਬੀਰ ਸਿੰਘ ਢਿਲੋਂ |
| 16. Bahadur Singh Deol ਬਹਾਦੁਰ ਸਿੰਘ ਦਿਓਲ | 16. Baldev Singh Jandu ਬਲਦੇਵ ਸਿੰਘ ਜੰਡੂ |
| 17. Kuldip Singh Shergill ਕੁਲਦੀਪ ਸਿੰਘ ਸ਼ੇਰਗਿੱਲ | 17. Joginder Singh Dhaliwal ਜੋਗਿੰਦਰ ਕੌਰ ਧਾਲੀਵਾਲ |
| 18. Gurpreet Singh Sethi ਗੁਰਪ੍ਰੀਤ ਸਿੰਘ ਸੇਠੀ | 18. Kulwant Kaur Chahal ਕੁਲਵੰਤ ਕੌਰ ਚਾਹਲ |
| 19. Harduman Singh Sanghera ਹਰਦੁਮਨ (ਬਿੱਲਾ) ਸਿੰਘ ਸੰਘੇੜਾ | 19. Kamaljit Singh Cheema ਕਮਲਜੀਤ ਸਿੰਘ ਚੀਮਾ |
| 20. Gurbux Singh Dhillon ਗੁਰਬਖਸ਼ ਸਿੰਘ ਢਿਲੋਂ | 20. Jagjit Singh Mand ਜਗਜੀਤ ਸਿੰਘ ਮੰਡ |
| 21. Jorawar Singh ਜੋਰਾਵਰ ਸਿੰਘ | 21. Jaspal Singh Saini ਜਸਪਾਲ ਸਿੰਘ ਸੈਣੀ |

**Independent Candidate** — **ਅਜ਼ਾਦ ਉਮੀਦਵਾਰ**

◯ Arvinder Singh ਅਰਵਿੰਦਰ ਸਿੰਘ

Vote Yes for the Bylaws amendment for election to be held after 4 years and a maximum of two consecutive terms for the Parbandhak Committee Membership.

ਬਾਈਲਾਜ਼ ਤਬਦੀਲੀ: ਪ੍ਰਬੰਧਕ ਕਮੇਟੀ ਦੀਆਂ ਚੋਣਾ ਚਾਰ ਸਾਲ ਬਾਅਦ ਅਤੇ ਮੈਂਬਰ ਲਗਾਤਾਰ ਦੋ ਕਾਰਜਕਾਲ ਤੋਂ ਵੱਧ ਨਹੀਂ, ਇਸ ਤੇ ਹਾਂ ਵਿੱਚ ਵੋਟ ਪਾਓ ॥

### Gurdwara Bylaws Amendment — ਗੁਰਦਵਾਰਾ ਬਾਈਲਾਜ਼ ਵਿਚ ਤਬਦੀਲੀ

Change/Amend Article IV(A)(6)(b)
From 2 years to 4 years with condition
Of two consecutive terms and it applies to members elected in this election and onwards.

ਧਾਰਾ IV(A)(6)(b) ਨੂੰ ਬਦਲੋ, 2 ਸਾਲ ਤੋਂ 4 ਸਾਲ ਤੱਕ, ਲਗਾਤਾਰ ਦੋ ਕਾਰਜਕਾਰਾਂ ਤੋਂ ਵੱਧ ਨਹੀਂ, ਅਤੇ ਇਹ ਇਸ ਚੋਣ ਵਿੱਚ ਅਤੇ ਇਸ ਤੋਂ ਬਾਅਦ ਚੁਣੇ ਗਏ ਮੈਂਬਰਾਂ ਤੇ ਲਾਗੂ ਹੋਵੇਗਾ

Yes ⬬ ਹਾਂ — No ◯ ਨਾਂਹ

**For More Information Call:**
**ਵਧੇਰੇ ਜਾਣਕਾਰੀ ਲਈ ਫੋਨ ਕਰੋ:**

Bhupindar (Bob) Singh Dhillon *408-568-0034*, Sukhdev S. Bainiwal *408-421-9463*, Harjinder Singh Ladhar *408-904-9158*, Kirpal Singh Atwal *408-835-7712*, Surjit Singh Bains *408-394-3595*, Jasvir Singh Powar *408-416-7200*

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ਅਮਰੀਕਾ ਵਲੋਂ ਰੂਸ...

(ਪਹਿਲੇ ਸਫ਼ੇ ਦਾ ਬਾਕੀ)

ਅਰਥਚਾਰਾ ਪਿਛਲੇ ਦੋ ਸਾਲਾਂ 'ਚ ਜੀ7 ਦੇਸ਼ਾਂ ਦੇ ਮੁਕਾਬਲੇ ਕਾਫੀ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। ਅਮਰੀਕਾ ਨੇ ਯੂਕਰੇਨ ਜੰਗ ਨਾ ਰੋਕੇ ਜਾਣ 'ਤੇ ਰੂਸ ਦੇ ਬੈਂਕਾਂ ਨੂੰ ਸਵਿਫਟ 1 ਭੁਗਤਾਨ ਪ੍ਰਣਾਲੀ ਤੋਂ ਵੱਖ ਕਰ ਦਿੱਤਾ 1 ਸੀ। ਉਥੇ ਹੀ ਚੀਨ ਦੇ ਬੈਂਕਾਂ ਨੂੰ ਰੂਸ ਦਾ ਸਮਰਥਨ ਨਾ ਕਰਨ ਦੀ ਚਿਤਾਵਨੀ ਦਿੱਤੀ ਸੀ। ਅਮਰੀਕੀ ਸੈਕੰਡਰੀ ਸੈਂਕਸ਼ਨ ਦੇ ਖ਼ਦਸ਼ੇ 'ਚ ਚੀਨ ਦੇ ਬੈਂਕ ਰੂਸ ਤੋਂ ਪੈਸਾ ਲੈਣ ਤੋਂ ਕੰਨੀ ਕਤਰਾ ਰਹੇ ਹਨ। ਇਸਦੇ ਚੱਲਦਿਆਂ ਦੋਵੇਂ ਦੇਸ਼ ਵਸਤੂ ਵਟਾਂਦਰਾ ਪ੍ਰਣਾਲੀ ਤਹਿਤ ਲੈਣਦੇਣ ਕਰ ਰੇਹ ਹਨ, ਜਿਨ੍ਹਾਂ ਦਾ ਪਤਾ ਲਗਾਉਣਾ ਵੱਧ ਔਖਾ ਹੈ। 2024 'ਚ ਰੂਸ ਦੇ ਅਰਥਚਾਰੇ ਮੰਤਰਾਲੇ ਨੇ 14 ਸਫ਼ਿਆਂ ਦੀ ਵਿਦੇਸ਼ੀ ਵਸਤੂ ਵਟਾਂਦਰਾ ਪ੍ਰਣਾਲੀ ਲਈ ਗਾਈਡ ਜਾਰੀ ਕੀਤੀ।



### ਚੀਨ ਦੀ ਚਿਤਾਵਨੀ-ਟੈਰਿਫ ਲੱਗਾ ਤਾਂ ਹੋਵੇਗਾ ਪਲਟਵਾਰ

ਚੀਨ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਜੀ7 ਤੇ ਨਾਟੋ ਦੇਸ਼ਾਂ ਰਾਹੀਂ ਰੂਸ ਤੋਂ ਤੇਲ ਲੈਣ ਵਾਲੇ ਦੇਸ਼ਾਂ 'ਤੇ ਟੈਰਿਫ ਲਗਾਉਣ ਦੀ ਸਲਾਹ ਦੇਣ ਤੋਂ ਪਰਹੇਜ਼ ਕਰਨ, ਨਹੀਂ ਤਾਂ ਅਸੀਂ ਵੀ ਪ੍ਰਤੀਕਿਰਿਆ ਵਜੋਂ ਕਾਰਵਾਈ ਤੋਂ ਬਾਜ਼ ਨਹੀਂ ਆਵਾਂਗੇ। ਕਿਹਾ ਹੈ ਕਿ ਅਮਰੀਕਾ ਦੀ ਇਕਪਾਸੜ ਧੌਂਸ ਤੇ ਆਰਥਿਕ ਦਬਾਅ ਦੀ ਸਿਆਸਤ ਦਾ ਠੋਸ ਜਵਾਬ ਦਿੱਤਾ ਜਾਵੇਗਾ। ਸਪੇਨ 'ਚ ਆਰਥਿਕ ਤੇ ਵਪਾਰਕ ਮੁੱਦਿਆਂ 'ਤੇ ਚੀਨ ਤੇ ਅਮਰੀਕੀ ਵਫਦਾਂ ਦੀ ਮੁਲਾਕਾਤ ਦੇ ਦੂਜੇ ਦਿਨ ਚੀਨ ਵੱਲੋਂ ਇਹ ਬਿਆਨ ਆਇਆ ਹੈ।

### ਅਮਰੀਕੀ ਡੇਅਰੀ ਉਤਪਾਦਾਂ ਨੂੰ ਨਹੀਂ ਮਿਲੇਗੀ ਮਨਜ਼ੂਰੀ

ਖੇਤੀਬਾੜੀ ਅਤੇ ਡੇਅਰੀ ਖੇਤਰਾਂ ਨੂੰ ਖੋਲ੍ਹਣ ਦੀ ਅਮਰੀਕੀ ਮੰਗ 'ਤੇ ਭਾਰਤ ਦੇ ਕੁਝ ਇਤਰਾਜ਼ ਹਨ।ਕਿਸਾਨੀ ਅਤੇ ਡੇਅਰੀ ਭਾਰਤ ਲਈ ਮਹੱਤਵਪੂਰਨ ਹਨ ਕਿਉਂਕਿ ਇਹ ਦੋਹਾਂ ਖੇਤਰ ਲੋਕਾਂ ਦੇ ਇਕ ਵੱਡੇ ਵਰਗ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਦੇ ਹਨ। ਸੂਤਰਾਂ ਦੇ ਅਨੁਸਾਰ, ਅਮਰੀਕਾ ਆਪਣੇ ਸੋਇਆਬੀਨ ਅਤੇ ਮੱਕੀ ਦੀ ਭਾਰਤ ਦੇ ਬਾਜ਼ਾਰ ਵਿਚ ਬਿਕਵਾਲੀ ਲਈ ਟੈਕਸ ਵਿਚ ਕਟੌਤੀ ਚਾਹੁੰਦਾ ਹੈ। ਸੰਭਵ ਹੈ ਕਿ ਭਾਰਤ ਗੈਰ ਜੇਨੈਟਿਕਲੀ ਮੋਡੀਫਾਈਡ ਸੋਇਆਬੀਨ ਤੇ ਮੱਕੀ ਨੂੰ ਇਥੇ ਆਉਣ ਦੀ ਇਜਾਜ਼ਤ ਦੇ ਦੇਵੇ ਪਰ ਡੇਅਰੀ ਉਤਪਾਦਾਂ ਨੂੰ ਭਾਰਤ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## ਭਾਰਤ ਦੀ ਅਮਰੀਕਾ ਨਾਲ...

(ਪਹਿਲੇ ਸਫ਼ੇ ਦਾ ਬਾਕੀ)

ਦੋਹਾਂ ਦੇਸ਼ਾਂ ਵਿਚਕਾਰ ਨਵੀਂ ਦਿੱਲੀ ਵਿਚ ਛੇਵੇਂ ਦੌਰ ਦੀ ਗੱਲਬਾਤ ਸ਼ੁਰੂ ਹੋਣੀ ਸੀ ਪਰ ਅਮਰੀਕੀ ਟੈਰਿਫ ਅਤੇ ਰੂਸ ਤੋਂ ਭਾਰਤ ਦੀ ਤੇਲ ਖਰੀਦਦਾਰੀ ਕਾਰਨ ਦੋਹਾਂ ਦੇਸ਼ਾਂ ਦੇ ਵਿਚਕਾਰ ਸਿਆਸੀ ਸਬੰਧਾਂ ਵਿਚ ਤਲਖੀ ਆ ਗਈ ਅਤੇ ਇਸ ਗੱਲਬਾਤ ਨੂੰ ਟਾਲ ਦਿੱਤਾ ਗਿਆ। ਟਰੰਪ ਨੇ ਹਾਲ ਹੀ ਵਿਚ ਭਾਰਤ ਨੂੰ ਆਪਣਾ ਦੋਸਤ ਦੱਸਦੇ ਹੋਏ ਭਾਰਤ ਦੇ ਹੱਕ ਵਿਚ ਬਿਆਨ ਦਿੱਤਾ, ਜਿਸ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਅਮਰੀਕਾ ਲਈ ਸਮਾਨ ਭਾਵ ਦਿਖਾਉਂਦੇ ਹੋਏ ਵਪਾਰ ਗੱਲਬਾਤਾਂ ਨੂੰ ਦੁਬਾਰਾ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ।

# ਗੁਰਦੁਆਰਾ ਸਾਹਿਬ 'ਚ ਰਾਹੁਲ ਨੂੰ ਸਨਮਾਨਿਤ ਕਰਨ ਦਾ ਮਾਮਲਾ ਭਖਿਆ

**ਅੰਮ੍ਰਿਤਸਰ/ਰਮਦਾਸ:** ਵਿਰੋਧੀ ਧਿਰ ਦੇ ਆਗੂ ਤੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਗੁਰਦੁਆਰਾ ਸਮਾਧ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਨਤਮਸਤਕ ਹੋਣ ਸਮੇਂ ਸਨਮਾਨਿਤ ਕੀਤਾ ਗਿਆ। ਰਾਹੁਲ ਗਾਂਧੀ ਅਤੇ ਹੋਰਨਾਂ ਕਾਂਗਰਸੀਆਂ ਨੇ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਸਮਾਧ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਨਤਮਸਤਕ ਹੋਣ ਸਮੇਂ ਹੜ੍ਹ ਪੀੜਤਾ ਦੀ ਚੜ੍ਹਦੀ ਕਲਾ ਲਈ ਅਰਦਾਸ ਵੀ ਕਰਵਾਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ ਦਾ ਨੋਟਿਸ ਲੈਂਦਿਆਂ ਮੁਕੰਮਲ ਜਾਂਚ ਦੇ ਆਦੇਸ਼ ਦਿੱਤੇ ਹਨ। ਜਾਂਚ ਕਮੇਟੀ ਮੰਗਲਵਾਰ ਸਵੇਰੇ 8 ਵਜੇ ਗੁਰਦੁਆਰਾ -ਮਾਧ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਜਾ ਕੇ ਸਾਰੇ ਮਾਮਲੇ ਦੀ ਰਿਪੋਰਟ ਤਿਆਰ ਕਰੇਗੀ,ਜੋ ਵੀ ਦੋਸ਼ੀ ਪਾਇਆ ਗਿਆ, ਉਸ ਖ਼ਿਲਾਫ਼ ਘਤ ਕਾਰਵਾਈ ਕੀਤੀ ਜਾਵੇਗੀ। 22 ਸਾਲਾਂ ਤੋਂ ਵੱਧ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸੀਏ ਦੀ ਡਿਊਟੀ ਨਿਭਾਉਣ ਵਾਲੇ ਸਾਬਕਾ ਅਰਦਾਸੀਏ ਭਾਈ ਕੁਲਵਿੰਦਰ ਸਿੰਘ ਨੇ ਅਰਦਾਸ ਕੀਤੀ ਤੇ ਗ੍ਰੰਥੀ ਭਾਈ ਬਲਵਿੰਦਰ ਸਿੰਘ ਨੇ ਕਾਂਗਰਸੀ ਆਗੂਆਂ ਨੂੰ ਉਪਾਓ ਦੇ ਕੇ ਸਨਮਾਨਿਤ ਕੀਤਾ।

### ਸਮੁੱਚੀ ਰਿਪੋਰਟ ਕੀਤੀ ਜਾ ਰਹੀ ਹੈ ਇਕੱਤਰ: ਜਥੇਦਾਰ

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਕਿਹਾ ਕਿ ਗੁਰਦੁਆਰਾ ਸਮਾਧ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਨਤਮਸਤਕ ਹੋਣ ਸਮੇਂ ਹੜ੍ਹ ਪੀੜਤਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਵਾਉਣ ਰਾਹੁਲ ਗਾਂਧੀ, ਭੁਪੇਸ਼ ਬਘੇਲ, ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਨ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮੁੱਚੀ ਰਿਪੋਰਟ ਇਕੱਤਰ ਕੀਤੀ ਜਾ ਰਹੀ ਹੈ।

### ਕਾਂਗਰਸੀ ਆਗੂ ਸੱਚਰ ਨੇ ਸੱਦਿਆ ਸੀ ਅਰਦਾਸ ਲਈ: ਭਾਈ ਕੁਲਵਿੰਦਰ ਸਿੰਘ



ਸਾਬਕਾ ਅਰਦਾਸੀਆ ਭਾਈ ਕੁਲਵਿੰਦਰ ਸਿੰਘ ਨੇ ਕਿਹਾ ਕਿ ਕਾਂਗਰਸੀ ਆਗੂ ਭਗਵੰਤਪਾਲ ਸਿੰਘ ਸੱਚਰ ਵੱਲੋਂ ਉਨ੍ਹਾਂ ਨੂੰ ਅਰਦਾਸ ਲਈ ਸੱਦਿਆ ਸੀ। ਸੱਚਰ ਵੱਲੋਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਪ੍ਰਗਟ ਸਿੰਘ ਤੇ ਗ੍ਰੰਥੀ ਕੁਲਵਿੰਦਰ ਸਿੰਘ ਦੀ ਆਗਿਆ ਤੋਂ ਬਾਅਦ ਹੀ ਉਨ੍ਹਾਂ ਨੇ ਹੜ੍ਹ ਕਾਰਨ ਹੋਏ ਜਾਨੀ ਤੇ ਮਾਲੀ ਨੁਕਸਾਨ ਸਬੰਧੀ ਅਤੇ ਕਾਂਗਰਸ ਪਾਰਟੀ ਤੇ ਸਮੂਹ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਲਈ ਅਰਦਾਸ ਕੀਤੀ ਸੀ। ਸਿਰੋਪਾਓ ਦੇਣ ਬਾਰੇ ਗ੍ਰੰਥੀ ਕੁਲਵਿੰਦਰ ਸਿੰਘ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਮੈਨੇਜਰ ਪ੍ਰਗਟ ਸਿੰਘ ਨੇ ਸਿਰੋਪਾਓ ਦੇਣ ਲਈ ਕਿਹਾ ਹੈ, ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੀ, ਜਿਸ ਵਿਚ ਉਨ੍ਹਾਂ ਨੇ ਕੋਈ ਵੀ ਦਖਲ ਨਹੀਂ ਦਿੱਤਾ।

### ਰਾਹੁਲ ਗਾਂਧੀ ਨੂੰ ਸਿਰੋਪਾ ਦੇਣ ਦੀ ਸ਼੍ਰੋਮਣੀ ਕਮੇਟੀ ਕਰਵਾਏਗੀ ਜਾਂਚ

**ਅੰਮ੍ਰਿਤਸਰ:** ਰਾਹੁਲ ਗਾਂਧੀ ਨੂੰ ਗੁਰਦੁਆਰਾ ਸਮਾਧ ਬਾਬਾ ਬੁੱਢਾ ਸਾਹਿਬ ਰਮਦਾਸ 'ਚ ਮੱਥਾ ਟੇਕਣ ਤੋਂ ਬਾਅਦ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਰਾਹੁਲ ਨਾਲ ਪੰਜਾਬ ਦੇ ਪਾਰਟੀ ਇੰਚਾਰਜ ਭੁਪੇਸ਼ ਬਘੇਲ, ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਵੀ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਨੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਸਿਰੋਪਾ ਭੇਟ ਕੀਤੇ ਜਾਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਜਾਂਚ ਦੇ ਹੁਕਮ ਦਿੱਤੇ ਹਨ। ਜਾਂਚ ਕਮੇਟੀ ਮੰਗਲਵਾਰ ਸਵੇਰੇ ਗੁਰਦੁਆਰਾ ਸਮਾਧ ਬਾਬਾ ਬੁੱਢਾ ਸਾਹਿਬ ਰਮਦਾਸ ਜਾ ਕੇ ਪੂਰੇ ਮਾਮਲੇ ਦੀ ਰਿਪੋਰਟ ਤਿਆਰ ਕਰੇਗੀ।

## ਰਾਵੀ ਪਾਰ ਜਾਣ...

(ਪਹਿਲੇ ਸਫ਼ੇ ਦਾ ਬਾਕੀ)

ਮਨਾਂ ਕਰ ਦਿੱਤਾ। ਰਾਹੁਲ ਗਾਂਧੀ ਸਮੇਤ ਹੋਰਨਾਂ ਆਗੂਆਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਿਹਾ ਕਿ ਰਾਵੀ ਪਾਰ ਵੀ ਹਿੰਦੁਸਤਾਨ ਦੇ ਹੀ ਪਿੰਡ ਹਨ ਤੇ ਹਿੰਦੁਸਤਾਨੀ ਲੋਕ ਰਹਿ ਰਹੇ ਹਨ। ਉਨ੍ਹਾਂ ਦਾ ਹਾਲ ਜਾਣਨਾ ਕਿਵੇਂ ਗ਼ਲਤ ਹੋ ਗਿਆ। ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਡੀਆਈਜੀ ਅੰਮ੍ਰਿਤਸਰ ਨਾਨਕ ਸਿੰਘ ਨੂੰ ਫੋਨ ਕੀਤਾ। ਇਸ ਉਪਰੰਤ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਡੀਜੀਪੀ ਗੌਰਵ ਯਾਦਵ ਨੂੰ ਫੋਨ ਕਰ ਕੇ ਦੱਸਿਆ ਕਿ ਰਾਹੁਲ ਗਾਂਧੀ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਨ ਤੇ ਉਨ੍ਹਾਂ ਦਾ ਇਕ ਅਹਿਮ ਸਥਾਨ ਹੈ, ਅੱਜ ਉਹ ਪੰਜਾਬ ਦੀ ਸੰਕਟ 'ਚ ਘਿਰੀ ਜਨਤਾ ਦਾ ਦੁੱਖ ਦਰਦ ਜਾਣਨ ਆਏ ਹਨ ਤਾਂ ਉਨ੍ਹਾਂ ਨੂੰ ਬਿਨਾਂ ਕਾਰਨ ਰੋਕਿਆ ਜਾ ਰਿਹਾ ਹੈ।

ਪਰ ਕਾਂਗਰਸ ਲੀਡਰਸ਼ਿਪ ਵੱਲੋਂ ਕਈ ਯਤਨ ਕਰਨ ਦੇ ਬਾਵਜੂਦ ਆਖਰ ਰਾਹੁਲ ਗਾਂਧੀ ਨੂੰ ਰਾਵੀ ਪਾਰ ਨਹੀਂ ਜਾਣ ਦਿੱਤਾ ਗਿਆ। ਜਦੋਂ ਕੋਈ ਹੋਰ ਰਾਹ ਨਿਕਲਦਾ ਨਾ ਦਿਸਿਆ ਤਾਂ ਰਾਹੁਲ ਨੇ ਕਹਿ ਦਿੱਤਾ ਕਿ ਜੇਕਰ ਉਨ੍ਹਾਂ ਨੂੰ ਬੇੜੀ ਨਾ ਦਿੱਤੀ ਗਈ ਤਾਂ ਉਹ ਤੈਰ ਕੇ ਰਾਵੀ ਪਾਰ ਚਲੇ ਜਾਣਗੇ। ਇਸਦੇ ਬਾਵਜੂਦ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਅੱਗੇ ਜਾਣ ਦੀ ਇਜ਼ਾਜਤ ਨਹੀਂ ਦਿੱਤੀ। ਸੂਬਾ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੁਸ਼ਟੀ ਕੀਤੀ ਕਿ ਰਾਵੀ ਦਰਿਆ ਪਾਰ ਜਾਣ ਦਾ ਮਾਮਲਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੱਕ ਪੁੱਜ ਗਿਆ ਜਿਨ੍ਹਾਂ ਨੇ ਮੱਲਿਕਾਰਜੁਨ ਖੜਗੇ ਨਾਲ ਗੱਲ ਕੀਤੀ। ਖੜਗੇ ਦੇ ਫੋਨ ਤੋ ਬਾਅਦ ਰਾਹੁਲ ਨੇ ਰਾਵੀ ਪਾਰ ਜਾਣ ਦਾ ਪ੍ਰੋਗਰਾਮ ਰੱਦ ਕੀਤਾ।

ਅਖ਼ੀਰ ਮੌਕੇ 'ਤੇ ਵੱਡੀ ਗਿਣਤੀ 'ਚ ਮੌਜੂਦ ਆਸਪਾਸ ਦੇ ਪਿੰਡਾਂ ਦੇ ਲੋਕਾਂ ਨਾਲ ਰਾਹੁਲ ਗਾਂਧੀ ਨੇ ਗੱਲਬਾਤ ਕੀਤੀ। ਉਨ੍ਹਾਂ ਦੀਆਂ ਤਕਲੀਫ਼ਾਂ ਤੇ ਮੁਸ਼ਕਲਾਂ ਸੁਣੀਆਂ। ਇਸ ਤੋਂ ਪਹਿਲਾਂ ਸਵੇਰੇ 9.30 ਵਜੇ ਰਾਹੁਲ ਗਾਂਧੀ ਅੰਮ੍ਰਿਤਸਰ ਪੁੱਜੇ। ਸਭ ਤੋਂ ਪਹਿਲਾਂ ਉਹ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਰਮਦਾਸ ਦੇ ਪਿੰਡਾਂ ਘੋਨੇਵਾਲ ਤੇ ਮਾਛੀਵਾਲ ਗਏ। ਉੱਥੇ 45 ਮਿੰਟ 'ਤੇ ਰਾਹੁਲ ਨੇ ਸੱਤ ਹੜ੍ਹ ਪ੍ਰਭਾਵਿਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ।

### ਰਾਹੁਲ ਨੇ ਕਿਹਾ, ਮੈਨੂੰ ਤਾਂ ਦਰਿਆ 'ਸਮੁੰਦ' ਲੱਗ ਰਿਹੈ

ਰਾਵੀ ਪਾਰ ਜਾਣ ਲਈ ਬਹਿਸ ਦੌਰਾਨ ਐਸਪੀ ਜੁਗਰਾਜ ਸਿੰਘ ਨੇ ਸੁਰੱਖਿਆ ਕਾਰਨਾਂ ਤੋਂ ਇਲਾਵਾ ਦਰਿਆ ਦੇ ਖ਼ਤਰਨਾਕ ਵਹਾਅ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਵੀ ਦਰਿਆ ਦਾ ਪਾਣੀ 'ਰਫ' ਹੈ। ਇਸ 'ਤੇ ਰਾਹੁਲ ਨੇ ਜਵਾਬ ਦਿੱਤਾ- ਮੈਨੂੰ ਤਾਂ ਦਰਿਆ ਦਾ ਪਾਣੀ ਰਫ਼ ਨਹੀਂ ਲੱਗ ਰਿਹਾ, ਇਹ ਸਮੂਦ (ਸਹਿਜ) ਹੈ। ਰਾਹੁਲ ਨੇ ਐਸਪੀ ਨੂੰ ਕਿਹਾ ਕਿ ਤੁਸੀਂ ਦਰਿਆ ਦਾ ਪਾਣੀ ਰੱਫ ਹੋਣ ਦੀ ਗੱਲ ਕਹਿ ਕੇ ਮੈਨੂੰ ਪਾਰ ਵਸੇ ਪਿੰਡਾਂ 'ਚ ਜਾਣ ਤੋਂ ਰੋਕ ਰਹੇ ਹੋ ਪਰ ਮੈਨੂੰ ਦਰਿਆ ਦੇਖ ਕੇ ਇਸ ਤਰ੍ਹਾਂ ਬਿਲਕੁਲ ਨਹੀਂ ਲੱਗਦਾ। ਮੈਨੂੰ ਰੋਕਣ ਦਾ ਕਾਰਨ ਇਹ ਨਹੀਂ ਲੱਗ ਰਿਹਾ। ਰਾਹੁਲ ਨਾਲ ਹਾਜ਼ਰ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਐੱਸਪੀ ਨੂੰ ਕਿਹਾ ਕਿ ਉਹ (ਰਾਹੁਲ) ਦਰਿਆ ਪਾਰ ਜਾਣਾ ਚਾਹੁੰਦੇ ਹਨ। ਜੇਕਰ ਤੁਸੀਂ ਅੱਗੇ ਨਹੀਂ ਜਾਣ ਦੇਣਾ ਚਾਹੁੰਦੇ ਤਾਂ ਲਿਖ ਕੇ ਦੇ ਦਿਓ।

### ਕਾਂਗਰਸੀਆਂ ਦੀਆਂ ਕਿਸ਼ਤੀਆਂ ਪ੍ਰਸ਼ਾਸਨ ਨੇ ਕੀਤੀਆਂ ਜ਼ਬਤ

ਕਾਂਗਰਸ ਦੀ ਸਥਾਨਕ ਲੀਡਰਸ਼ਿਪ ਨੂੰ ਇਸ ਗੱਲ ਦੀ ਭਿਣਕ ਇਕ ਦਿਨ ਪਹਿਲਾਂ ਹੀ ਮਿਲ ਗਈ ਸੀ ਕਿ ਰਾਹੁਲ ਨੂੰ ਰਾਵੀ ਪਾਰ ਨਹੀਂ ਜਾਣ ਦਿੱਤਾ ਜਾਵੇਗਾ। ਇਸਦੇ ਮੱਦੇਨਜ਼ਰ ਕਾਂਗਰਸ ਆਗੂਆਂ ਨੇ ਤਿੰਨ ਕਿਸ਼ਤੀਆਂ ਪਹਿਲਾਂ ਹੀ ਗੁਪਚੁਪ ਤਰੀਕੇ ਨਾਲ ਮੰਗਵਾ ਕੇ ਆਪਣੇ ਕਿਸੇ ਸਰਪੰਚ ਦੇ ਘਰ ਰਖਵਾ ਦਿੱਤੀਆਂ ਸਨ। ਇਸਦੀ ਸੂਹ ਵੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਲੱਗ ਗਈ ਤੇ ਉਨ੍ਹਾਂ ਰਾਹੁਲ ਗਾਂਧੀ ਦੇ ਆਉਣ ਤੋਂ ਪਹਿਲਾਂ ਹੀ ਇਹ ਬੇੜੀਆਂ ਆਪਣੇ ਕਬਜ਼ੇ 'ਚ ਲੈ ਲਈਆਂ। ਹਲਕਾ ਦੀਨਾਨਗਰ ਦੀ ਵਿਧਾਇਕ ਅਰੁਣਾ ਚੌਧਰੀ ਦੇ ਪਤੀ ਅਸ਼ੋਕ ਚੌਧਰੀ ਤੇ ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਇਹ ਬੇੜੀਆਂ ਜ਼ਬਤ ਕਰਨ ਦੀ ਘੋਰ ਨਿੰਦਿਆ ਕਰਦਿਆਂ ਕਿਹਾ ਕਿ ਪੰਜਾਬ ਤੇ ਕੇਂਦਰ ਦੀ ਸਰਕਾਰ ਰਾਹੁਲ ਗਾਂਧੀ ਦੀ ਇਸ ਫੇਰੀ ਤੋਂ ਘਬਰਾਹਟ 'ਚ ਹਨ।

## ਸੁਪਰੀਮ ਕੋਰਟ ਵਲੋਂ 'ਵਨਤਾਰਾ' ਨੂੰ ਕਲੀਨ ਚਿੱਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਵਲੋਂ ਗਠਿਤ ਐਸ.ਆਈ.ਟੀ. ਨੇ ਗੁਜਰਾਤ ਦੇ ਜਾਮਨਗਰ 'ਚ ਸਥਿਤ ਜੰਗਲੀ ਜੀਵ ਅਤੇ ਮੁੜ ਵਸੇਬਾ ਕੇਂਦਰ 'ਵਨਤਾਰਾ' ਨੂੰ ਵੱਡੀ ਰਾਹਤ ਦਿੰਦੇ ਹੋਏ ਕਲੀਨ ਚਿੱਟ ਦੇ ਦਿੱਤੀ ਹੈ । ਅਦਾਲਤ ਨੇ ਕਿਹਾ ਕਿ 'ਵਨਤਾਰਾ' 'ਚ ਜਾਨਵਰਾਂ ਦੀ ਖ਼ਰੀਦੋ-ਫ਼ਰੋਖ਼ਤ ਨਿਯਮਾਂ ਤਹਿਤ ਹੀ ਕੀਤੀ ਗਈ। ਪਟੀਸ਼ਨਾਂ 'ਤੇ ਸੁਣਵਾਈ ਕਰਦੇ ਹੋਏ ਅਤੇ ਵੱਖ-ਵੱਖ ਮੀਡੀਆ ਰਿਪੋਰਟਾਂ ਦੇ ਆਧਾਰ 'ਤੇ ਸੁਪਰੀਮ ਕੋਰਟ ਨੇ ਦੋਸ਼ਾਂ ਦੀ ਜਾਂਚ ਲਈ ਇਕ ਐਸ.ਆਈ.ਟੀ. ਦਾ ਗਠਨ ਕੀਤਾ। ਅਦਾਲਤ ਨੇ ਕਿਹਾ ਕਿ ਐਸ. ਆਈ. ਟੀ. ਦੀ ਰਿਪੋਰਟ ਵਿਚ ਕੋਈ ਗੜਬੜੀ ਨਹੀਂ ਮਿਲੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਚੇਤਨਾ ਪ੍ਰਕਾਸ਼ਨ ਵੱਲੋਂ ਵਿਸ਼ਵ ਪੰਜਾਬੀ ਸਭਾ ਦੇ ਸਹਿਯੋਗ ਨਾਲ ਪੁਸਤਕ ਮੇਲਾ

## ਵਿਸ਼ਵ ਪੰਜਾਬੀ ਸਭਾ ਦੇ ਆਲਮੀ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਕੀਤਾ

**ਸਰੀ:** ਚੇਤਨਾ ਪ੍ਰਕਾਸ਼ਨ ਲੁਧਿਆਣਾ ਦੇ ਸਹਿਯੋਗੀ ਅਦਾਰੇ ਗੁਲਾਟੀ ਪਬਲਿਸ਼ਰਜ਼ ਵੱਲੋਂ ਵਿਸ਼ਵ ਪੰਜਾਬੀ ਭਵਨ ਬਰੈਂਪਟਨ (ਕੈਨੇਡਾ) ਵਿਖੇ ਵਿਸ਼ਵ ਪੰਜਾਬੀ ਸਭਾ ਦੇ ਸਹਿਯੋਗ ਨਾਲ ਪੰਦਰਾਂ ਰੋਜ਼ਾ ਵਿਸ਼ਾਲ ਪੁਸਤਕ ਮੇਲਾ ਲਾਇਆ ਗਿਆ ਹੈ। ਬੀਤੇ ਦਿਨ ਇਸ ਮੇਲੇ ਦਾ ਉਦਘਾਟਨ ਵਿਸ਼ਵ ਪੰਜਾਬੀ ਸਭਾ ਦੇ ਆਲਮੀ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਕੀਤਾ। ਮੇਲੇ ਦੇ ਮੁੱਖ ਪ੍ਰਬੰਧਕ ਸਤੀਸ਼ ਗੁਲਾਟੀ ਨੇ ਦੱਸਿਆ ਕਿ ਇਸ ਮੇਲੇ ਵਿਚ ਪੰਜ ਸੌ ਨਵੇਂ ਟਾਈਟਲ ਸ਼ਾਮਲ ਕੀਤੇ ਗਏ ਹਨ।


ਇਸ ਮੌਕੇ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਕੈਨੇਡਾ ਵਿਚ ਪੁਸਤਕ ਮੇਲੇ ਲੱਗਣੇ ਇਸ ਲਈ ਵੀ ਜ਼ਰੂਰੀ ਹਨ ਕਿ ਪੰਜਾਬੀਆਂ ਨੂੰ ਭਾਸ਼ਾ ਤੇ ਵਿਰਾਸਤ ਨਾਲ ਜੋੜ ਕੇ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਸਾਹਮਣੇ ਅਸੀਂ ਮੰਗ ਉਠਾ ਰਹੇ ਹਾਂ ਕਿ ਸਕੂਲਾਂ ਵਿਚ ਪੰਜਾਬੀ ਪੜ੍ਹਾਏ ਜਾਣ ਦੇ ਪ੍ਰਬੰਧ ਕੀਤੇ ਜਾਣ। ਉਨ੍ਹਾਂ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਪ੍ਰੋ. ਗੁਰਭਜਨ ਸਿੰਘ ਗਿੱਲ ਦਾ ਸੁਝਾਅ ਪ੍ਰਵਾਨ ਕਰਦਿਆਂ ਇਸ ਪੁਸਤਕ ਮੇਲੇ ਨੂੰ ਸਭਾ ਦੇ ਸਾਲਾਨਾ ਕੈਲੰਡਰ ਵਿਚ ਸ਼ਾਮਲ ਕੀਤਾ ਜਾਵੇਗਾ।

ਪੰਜਾਬੀ ਲੇਖਕ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਕਿਹਾ ਕਿ ਕਿਤਾਬਾਂ ਹੀ ਮਹਾਨ ਮਨੁੱਖੀ ਗਿਆਨਮਈ ਤਰੰਗਾਂ ਨੂੰ ਸ਼ਬਦਾਂ ਵਿਚ ਉਕਰ ਕੇ ਸਾਡੇ ਸਮਾਜ ਅੱਗੇ ਪੜ੍ਹਨ ਲਈ ਪਰੋਸਦੀਆਂ ਹਨ। ਗੁਰਦਾਸਪੁਰ ਤੋਂ ਕੈਨੇਡਾ ਆਏ ਪੰਜਾਬੀ ਕਵੀ ਮੱਖਣ ਕੋਹਾੜ ਨੇ ਕਿਹਾ ਕਿ ਚੇਤਨਾ ਪ੍ਰਕਾਸ਼ਨ ਦੇ ਮਾਲਕ ਸਤੀਸ਼ ਗੁਲਾਟੀ ਵਧਾਈ ਦੇ ਪਾਤਰ ਹਨ ਜੋ ਹਰ ਸਾਲ ਪੰਜਾਬ ਤੋ ਇੱਥੇ ਪਹੁੰਚ ਕੇ ਪੁਸਤਕ ਪ੍ਰਦਰਸ਼ਨੀ ਲਾਉਂਦੇ ਹਨ ਅਤੇ ਪੰਜਾਬੀਆਂ ਦੇ ਗਿਆਨ ਦਾ ਦਾਇਰਾ ਵਧਾਉਣ ਵਿਚ ਯੋਗਦਾਨ ਪਾਉਂਦੇ ਹਨ।

ਉੱਘੇ ਨਾਟਕਕਾਰ ਬਲਜਿੰਦਰ ਲੇਲਣਾ ਅਤੇ ਵਿਸ਼ਵ ਪੰਜਾਬੀ ਸਭਾ ਦੇ ਭਾਰਤੀ ਚੈਪਟਰ ਦੀ ਪ੍ਰਧਾਨ ਬਲਵੀਰ ਕੌਰ ਰਾਏਕੋਟੀ ਨੇ ਕਿਹਾ ਕਿ ਕਿਤਾਬਾਂ ਸਾਡੀ ਸਭਿਆਚਾਰਕ ਪਛਾਣ ਨੂੰ ਕਾਇਮ ਰੱਖਣ ਵਿਚ ਸਹਾਈ ਹਨ ਅਤੇ ਹਰ ਪੰਜਾਬੀ ਆਪਣੇ ਘਰ ਵਿਚ ਲਾਇਬ੍ਰੇਰੀ ਬਣਾਉਣੀ ਚਾਹੀਦੀ ਹੈ।

ਇਸ ਮੌਕੇ ਪਾਕਿਸਤਾਨ ਤੋਂ ਆਈ ਕਵਿੱਤਰੀ ਤਾਹਿਰਾ ਸਰਾ, ਲੋਕ ਗਾਇਕ ਹਸਨੈਨ ਅਕਬਰ (ਬਾਬਾ ਗਰੁੱਪ), ਡਾ. ਦਰਸ਼ਨਦੀਪ, ਸਰਬਜੀਤ ਕੌਰ, ਰਾਜਿੰਦਰ ਸਿੰਘ, ਨਾਟਕਕਾਰ ਨਾਹਰ ਸਿੰਘ ਔਜਲਾ, ਡਾ. ਪ੍ਰਗਟ ਸਿੰਘ, ਬੱਗਾ, ਹੀਰਾ ਸਿੰਘ ਰੰਧਾਵਾ, ਜਸਵਿੰਦਰ ਸਿੰਘ ਬਿੱਟਾ, ਸਤਿਬੀਰ ਸਿੰਘ ਸਿੱਧੂ, ਹੰਸਪਾਲ ਸਰਬਜੀਤ ਕੌਰ ਕੋਹਲੀ, ਪਰਮਜੀਤ ਸਿੰਘ ਵਿਰਦੀ ਆਦਿ ਨੇ ਕਿਤਾਬਾਂ ਬਾਰੇ ਵਿਚਾਰ ਸਾਂਝੇ ਕੀਤੇ।

ਪੁਸਤਕ ਮੇਲੇ ਦੇ ਮੁੱਖ ਪ੍ਰਬੰਧਕ ਤੇ ਪੰਜਾਬੀ ਕਵੀ ਸਤੀਸ਼ ਗੁਲਾਟੀ ਨੇ ਵਿਸ਼ਵ ਪੰਜਾਬੀ ਸਭਾ ਦੇ ਸਹਿਯੋਗ ਅਤੇ ਵਿਸ਼ਵ ਪੰਜਾਬੀ ਭਵਨ ਦੀ ਵਰਤੋਂ ਲਈ ਡਾ. ਕਥੂਰੀਆ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਇਸ ਪੁਸਤਕ ਮੇਲੇ ਵਿਚ ਲਗਭਗ ਤਿੰਨ ਸੌ ਲੇਖਕਾਂ ਦੀਆਂ ਪੁਸਤਕਾਂ ਸ਼ਾਮਲ ਹਨ। ਇਸ ਮੇਲੇ ਲਈ ਬਰੈਂਪਟਨ ਕੈਨੇਡਾ ਵਸਦੇ ਪੰਜਾਬੀਆਂ ਵੱਲੋਂ ਭਾਰੀ ਉਤਸ਼ਾਹ ਦਿਖਾਇਆ ਜਾ ਰਿਹਾ ਹੈ। *-ਰਿਪੋਰਟ: ਹਰਦਮ ਮਾਨ*




Maxspurt

Sell, Buy, Invest, Finance or Insure Real Estate & Business In State Of Texas.

MAXSPURT 'ਤੇ ਅਸੀਂ ਇਹ ਸੇਵਾਵਾਂ ਦਿੰਦੇ ਹਾਂ!

REAL ESTATE (RESIDENTIAL & COMMERCIAL)
* ਘਰ ਜਾਂ ਕਮਰਸ਼ੀਅਲ ਜਾਇਦਾਦ ਵੇਚੋ, ਖਰੀਦੋ ਜਾਂ ਕਿਰਾਏ 'ਤੇ ਲਵੋ
* ਆਫ ਮਾਰਕੀਟ Opportunities
* ਖਰੀਦਦਾਰ ਅਤੇ ਵੇਚਣ ਵਾਲਿਆਂ ਦੀ ਨੁਮਾਇੰਦਗੀ
* 1031 ਐਕਸਚੇਂਜ Opportunities

LENDING SOLUTIONS
* ਰੈਜ਼ੀਡੈਂਸ਼ਲ ਮਾਰਟਗੇਜ (CONVENTIONAL, FHA, VA, JUMBO)
* ਕਮਰਸ਼ੀਅਲ ਲੋਨ (RETAIL, MULTIFAMILY, OFFICE, SBA)
* ਬ੍ਰਿਜ ਲੋਨ ਅਤੇ ਹਾਰਡ ਮਨੀ ਫਾਇਨੈਂਸਿੰਗ
* ਲੋਨ ਸਟ੍ਰਕਚਰਿੰਗ ਅਤੇ ਰੀਫਾਇਨੈਂਸ

INSURANCE SERVICES
*ਹੋਮ, ਆਟੋ ਤੇ ਬਿਜ਼ਨਸ ਲਈ ਪ੍ਰਾਪਰਟੀ ਅਤੇ ਕੈਜ਼ੂਐਲਿਟੀ ਇਨਸ਼ੋਰੈਂਸ
* ਕਮਰਸ਼ੀਅਲ ਟਰੱਕ ਅਤੇ ਟਰੱਕਿੰਗ ਇਨਸ਼ੋਰੈਂਸ
* ਮਕਾਨ ਮਾਲਕਾਂ ਲਈ ਰੈਂਟਲ ਇਨਸ਼ੋਰੈਂਸ
* ਵਪਾਰ ਲਈ ਕਸਟਮ ਇਨਸ਼ੋਰੈਂਸ ਪੈਕੇਜ

BUSINESS SERVICES & BROKERAGE
* ਬਿਜ਼ਨਸ ਖਰੀਦੋ ਜਾਂ ਵੇਚੋ
* ਬਿਜ਼ਨਸ ਦੀ ਕੀਮਤ ਅਤੇ ਡੀਲ ਸਟਰਕਚਰ ਕਰਨਾ
* LLC ਜਾਂ CORPORATION ਬਣਾਉਣਾ ਅਤੇ ਲਾਇਸੈਂਸ ਲੈਣਾ
* ਬੁੱਕਕੀਪਿੰਗ, ਅਕਾਊਂਟਿੰਗ ਅਤੇ ਟੈਕਸ ਫਾਈਲਿੰਗ

ASSET MANAGEMENT
* HOA ਅਤੇ ਕਮਿਊਨਿਟੀ ਮੈਨੇਜਮੈਂਟ
* ਕਮਰਸ਼ੀਅਲ ਪ੍ਰਾਪਰਟੀ ਮੈਨੇਜਮੈਂਟ
* ਕੋਆਰਡੀਨੇਸ਼ਨ ਅਤੇ ਮੁਰੰਮਤ *ਕਿਰਾਏਦਾਰ ਸਬੰਧੀ ਸੇਵਾਵਾਂ

ASSET MAINTENANCE
* ਰੁਟੀਨ ਸਰਵਿਸ ਅਤੇ ਮੁਰੰਮਤ
* ਸੁਰੱਖਿਆ ਅਤੇ ਕੰਪਲਾਇੰਸ ਚੈਕ
* ਮੁਰੰਮਤ ਦੀਆਂ ਮੰਗਾਂ ਦੇ ਨਿਪਟਾਰੇ



TEAM MAXSPURT
8330 LBJ FWY, SUITE B520, DALLAS, TX 75243
(972) 918-5500 (DESK)
(972) 585-5500 (ROY MALKISON)
(972) 375-8628 (AMARJIT DHILLON)




Amarjit Dhillon
(Business Development Manager)
Maxspurt-LIBRA

Roy Malkison (Prabhat)
Licensed Real Estate, Loans & Insurance Professional In Texas.

Maxspurt Lending Inc. (NMLS #2021549), MAXSPURT Reality Inc., and, Manxspurt Insurance Agency Inc. are licensed brokerages operating in the state of Texas, providing regulated services in lending, real estate, and insurance under applicable Texas laws

# ਵਧਾਈਆਂ! ਵਧਾਈਆਂ! ਵਧਾਈਆਂ!

*ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦਾ ਪੁੱਤ ਕਬੀਰ ਕੁੱਸਾ ਕਬੀਲਦਾਰ ਬਣ ਗਿਆ ਹੈ। ਉਸ ਦਾ ਵਿਆਹ ਬਨੀਤਾ ਖੁਣਖੁਣ ਨਾਲ ਹੋਇਆ ਹੈ। ਬਹੁਤ ਸਾਰੇ ਮਿੱਤਰ ਪਿਆਰਿਆਂ ਨੇ ਜਿੱਥੇ ਇਸ ਸਮਾਗਮ ਵਿਚ ਪਹੁੰਚ ਕੇ ਨਵ-ਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ, ਉਥੇ ਹੀ ਦੇਸ਼-ਵਿਦੇਸ਼ ਵਿਚ ਵੱਸਦੇ ਸ਼ਿਵਚਰਨ ਜੱਗੀ ਕੁੱਸਾ ਦੇ ਪਾਠਕਾਂ ਵੱਲੋਂ ਵੀ ਖੁਸ਼ੀ ਮਨਾਈ ਜਾ ਰਹੀ ਹੈ। ਇਸ ਖੁਸ਼ੀ ਵਿਚ ਸ਼ਾਮਲ ਹੁੰਦਿਆਂ ਵਿਸ਼ਵ ਪ੍ਰਸਿੱਧ ਰੰਗਮੰਚ ਦੇ ਨਿਰਦੇਸ਼ਕ ਨਿਰਮਲ ਜੌੜਾ, ਪੰਜ ਦਰਿਆ ਅਖ਼ਬਾਰ ਦੇ ਸੰਪਾਦਕ ਮਨਦੀਪ ਖੁਰਮੀ ਹਿੰਮਤਪੁਰਾ, ਪ੍ਰਸਿੱਧ ਲੇਖਕ ਗੁਰਚਰਨ ਸੱਗੂ, ਲਹਿੰਦੇ ਪੰਜਾਬ ਦੀ ਮਾਣਮੱਤੀ ਲੇਖਿਕਾ ਸ਼ਗੁਫਤਾ ਗਿੰਮੀ ਲੋਧੀ, ਕੌਂਸਲਰ ਰਾਜਿੰਦਰ ਸਿੰਘ ਅਟਵਾਲ, ਹਰਜਿੰਦਰ ਸਿੰਘ ਅਟਵਾਲ, ਲੇਖਿਕਾ ਤੇ ਰੇਡੀਓ ਪੇਸ਼ਕਾਰਾ ਭਿੰਦਰ ਜਲਾਲਾਬਾਦੀ, ਸ਼ਾਇਰਾ ਮਨਜੀਤ ਕੌਰ ਪੱਡਾ, ਗਾਇਕਾ ਤੇ ਸ਼ਾਇਰਾ ਗੁਰਮੇਲ ਕੌਰ ਸੰਘਾ, ਕਵਿੱਤਰੀ ਕਿੱਟੀ ਬੱਲ, ਸ਼ਾਇਰ ਅਜੀਮ ਸ਼ੇਖਰ, ਲੇਖਕ ਜੱਸੀ ਢੱਟ, ਸ਼ਿਵਦੀਪ ਕੌਰ ਢੇਸੀ, ਵਰਿੰਦਰ ਖੁਰਮੀ, ਨਵਦੀਪ ਸਿੰਘ ਦਿਓਲ ਆਦਿ ਸਮੇਤ ਭਾਰੀ ਗਿਣਤੀ ਵਿੱਚ ਸਨੇਹੀਆਂ ਨੇ ਪਹੁੰਚ ਕੇ ਜੱਗੀ ਕੁੱਸਾ ਨੂੰ ਮੁਬਾਰਕਬਾਦ ਆਖੀ। ਮੈਂਬਰ ਪਾਰਲੀਮੈਂਟ ਸ਼੍ਰੀ ਵਰਿੰਦਰ ਸ਼ਰਮਾ, ਮੋਤਾ ਸਿੰਘ ਸਰਾਏ, ਫਿਲਮ ਡਾਇਰੈਕਟਰ ਸਿਮਰਜੀਤ ਸਿੰਘ, ਲਵਲੀ ਸ਼ਰਮਾ, ਸੁਖਮਿੰਦਰ ਧੰਜਲ, ਰਵਿੰਦਰ ਰਵੀ, ਪੱਤਰਕਾਰ ਮਨਪ੍ਰੀਤ ਸਿੰਘ ਬੱਧਨੀ ਕਲਾਂ, ਪੰਜਾਬ ਟਾਈਮਜ਼ ਦੇ ਮੁੱਖ ਸੰਪਾਦਕ ਰਾਜਿੰਦਰ ਸਿੰਘ ਪੁਰੇਵਾਲ ਅਤੇ ਹਰਜਿੰਦਰ ਸਿੰਘ ਮੰਡੇਰ ਨੇ ਫੋਨ 'ਤੇ ਵਧਾਈਆਂ ਦਿੰਦਿਆਂ ਜੋੜੀ ਨੂੰ ਸ਼ੁਭ ਕਾਮਨਾਵਾਂ ਅਰਪਣ ਕੀਤੀਆਂ ਹਨ।*



# ਆਪ ਵਿਧਾਇਕ ਲਾਲਪੁਰਾ ਨੂੰ 4 ਸਾਲ ਕੈਦ; ਵਿਧਾਇਕੀ ਗਈ

**ਤਰਨਤਾਰਨ:** ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਪਿੰਡ ਉਸਮਾਂ ਵਾਸੀ ਅਨੁਸੂਚਿਤ ਵਰਗ ਨਾਲ ਸਬੰਧਤ ਲੜਕੀ ਨਾਲ 12 ਸਾਲ ਪਹਿਲਾਂ ਕੁੱਟਮਾਰ, ਛੇੜ ਛਾੜ ਕਰਨ ਤੇ ਜਾਤੀ ਸੂਚਕ ਸ਼ਬਦ ਬੋਲੇ ਜਾਣ ਦੇ ਮਾਮਲੇ 'ਚ ਸਥਾਨਕ ਅਦਾਲਤ ਨੇ ਸ਼ੁੱਕਰਵਾਰ ਨੂੰ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਸਮੇਤ ਸੱਤ ਦੋਸ਼ੀਆਂ ਨੂੰ ਚਾਰ-ਚਾਰ ਸਾਲ ਦੀ ਕੈਦ ਤੇ 50-50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਦੇ ਨਾਲ ਹੀ ਇਸ ਮਾਮਲੇ 'ਚ ਦੋਸ਼ੀ ਏ.ਐਸ.ਆਈ ਸਮੇਤ ਤਿੰਨ ਨੂੰ ਇਕ-ਇਕ ਸਾਲ ਕੈਦ ਦੀ ਸਜ਼ਾ ਵੀ ਦਿੱਤੀ ਗਈ ਹੈ। ਤਿੰਨਾਂ ਨੂੰ ਮੌਕੇ 'ਤੇ ਜ਼ਮਾਨਤ ਮਿਲ ਗਈ। ਸਜ਼ਾ ਮਿਲਣ ਤੋਂ ਬਾਅਦ ਹੁਣ ਲਾਲਪੁਰਾ ਦੀ ਵਿਧਾਇਕ ਵਜੋਂ ਮੈਂਬਰਸ਼ਿਪ ਵੀ ਚਲੀ ਗਈ ਤੇ ਉਹ ਛੇ ਸਾਲ ਤੱਕ ਕੋਈ ਚੋਣ ਨਹੀਂ ਲੜ ਸਕਣਗੇ। ਅਜਿਹਾ ਸੁਪਰੀਮ ਕੋਰਟ ਦੇ ਹੁਕਮ 'ਤੇ ਹੋਇਆ ਹੈ।

ਸੁਪਰੀਮ ਕੋਰਟ ਦੇ ਸਪਸ਼ਟ ਨਿਰਦੇਸ਼ ਹਨ ਕਿ ਜੇਕਰ ਕੋਈ ਵਿਧਾਇਕ ਜਾਂ ਸੰਸਦ ਮੈਂਬਰ, ਪਛਾਣ ਲੁਕਾਉਣ, ਜਬਰ ਜਨਾਹ ਤੇ ਮਹਿਲਾ ਨਾਲ ਕਰੂਰਤਾ ਦਾ ਦੋਸ਼ੀ ਪਾਇਆ ਜਾਂਦਾ ਹੈ ਤੇ ਜੇ ਉਸ ਨੂੰ ਘੱਟੋ-ਘੱਟ ਦੋ ਸਾਲ ਦੀ ਸਜ਼ਾ ਹੁੰਦੀ ਹੈ ਤਾਂ ਉਸ ਦੀ ਵਿਧਾਇਕ ਜਾਂ ਸੰਸਦ ਮੈਂਬਰੀ ਆਪਣੇ ਆਪ ਖ਼ਤਮ ਹੋ ਜਾਵੇਗੀ। ਸਜ਼ਾ ਸੁਣਾਏ ਜਾਣ ਤੋਂ ਬਾਅਦ ਲਾਲਪੁਰਾ ਨੇ ਕਿਹਾ ਹੈ ਕਿ ਉਹ ਇਸ ਫ਼ੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦੇਵੇਗਾ।

ਐਡੀਸ਼ਨਲ ਸ਼ੈਸ਼ਨ ਜੱਜ ਪ੍ਰੇਮ ਕੁਮਾਰ ਦੀ ਅਦਾਲਤ ਨੇ ਇਸ ਮਾਮਲੇ 'ਚ 10 ਸਤੰਬਰ ਨੂੰ ਵਿਧਾਇਕ ਸਣੇ 12 ਜਣਿਆਂ ਨੂੰ ਦੋਸ਼ੀ ਕਰਾਰ ਦਿੱਤਾ ਸੀ। ਜਿਨ੍ਹਾਂ 'ਚੋਂ ਇਕ ਦੀ ਮੌਤ ਹੋ ਚੁੱਕੀ ਹੈ। ਸੁਣਵਾਈ ਦੌਰਾਨ ਪੀੜਤ ਮਹਿਲਾ ਹਰਬਿੰਦਰ ਕੌਰ ਤੋਂ ਇਲਾਵਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਵੱਡੀ ਗਿਣਤੀ ਸਮਰਥਕ ਵੀ ਅਦਾਲਤ ਕੰਪਲੈਕਸ ਵਿਚ ਹਾਜ਼ਰ ਰਹੇ। ਹਰਬਿੰਦਰ ਕੌਰ ਦੇ ਵਕੀਲ ਅਮਿਤ ਧਵਨ ਨੇ ਦੱਸਿਆ ਕਿ ਅਦਾਲਤ ਵੱਲੋਂ ਸੁਣਾਏ ਗਏ ਫ਼ੈਸਲੇ 'ਚ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਸਮੇਤ ਦਵਿੰਦਰ ਕੁਮਾਰ, ਸਾਰਜ ਸਿੰਘ, ਕਵਲਦੀਪ ਸਿੰਘ, ਅਸ਼ਵਨੀ ਕੁਮਾਰ, ਹਰਜਿੰਦਰ ਸਿੰਘ ਤੇ ਤਰਸੇਮ ਕੁਮਾਰ ਨੂੰ ਐੱਸਸੀ, ਐੱਸਟੀ ਐਕਟ ਤਹਿਤ 4 ਸਾਲ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨਾ, ਧਾਰਾ 354 ਆਈਪੀਸੀ ਤਹਿਤ 3 ਸਾਲ ਦੀ ਕੈਦ ਤੇ 20 ਹਜ਼ਾਰ ਰੁਪਏ ਜੁਰਮਾਨਾ ਲਾਇਆ। ਧਾਰਾ 506 ਤਹਿਤ ਸਾਲ ਦੀ ਕੈਦ ਤੇ ਧਾਰਾ 323 ਆਈ.ਪੀ.ਸੀ. ਤਹਿਤ 1 ਸਾਲ ਦੀ ਕੈਦ ਤੇ ਇਕ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਇਨ੍ਹਾਂ ਨੂੰ ਅਦਾਲਤ 'ਚੋਂ ਹੀ ਜੇਲ੍ਹ ਭੇਜਿਆ ਗਿਆ। ਜਦ ਕਿ ਨਰਿੰਦਰ ਸਿੰਘ, ਗੁਰਦੀਪ ਰਾਜ ਤੇ ਗਗਨਦੀਪ ਸਿੰਘ ਨੂੰ ਐੱਸ.ਸੀ, ਐੱਸ.ਟੀ ਐਕਟ ਤਹਿਤ ਸਜ਼ਾ ਨਹੀਂ ਸੁਣਾਈ ਗਈ। ਉਨ੍ਹਾਂ ਦੱਸਿਆ ਕਿ ਇਕ ਮੁਲਜ਼ਮ ਪਰਮਜੀਤ ਸਿੰਘ ਦੀ ਮੌਤ ਹੋ ਚੁੱਕੀ ਹੈ ਤੇ ਹਰਵਿੰਦਰ ਸਿੰਘ ਸ਼ੋਸ਼ੀ ਪਹਿਲਾਂ ਹੀ ਤਿਹਾੜ ਜੇਲ੍ਹ 'ਚ ਬੰਦ ਹੈ। ਦੱਸ ਦਈਏ ਕਿ ਹਰਬਿੰਦਰ ਕੌਰ ਪੁੱਤਰੀ ਕਸ਼ਮੀਰ ਸਿੰਘ ਵਾਸੀ ਪਿੰਡ ਉਸਮਾਂ 3 ਮਾਰਚ 2013 ਨੂੰ ਤਰਨਤਾਰਨ ਦੇ ਗੋਇੰਦਵਾਲ ਸਾਹਿਬ ਮਾਰਗ 'ਤੇ ਸਥਿਤ ਪੈਲੇਸ 'ਚ ਆਪਣੇ ਮਾਸੀ ਦੇ ਲੜਕੇ ਦੇ ਵਿਆਹ 'ਚ ਪਰਿਵਾਰ ਸਮੇਤ ਪੁੱਜੀ ਸੀ। ਇੱਥੇ ਲਾਲਪੁਰਾ ਨੇ ਹਰਬਿੰਦਰ ਕੌਰ ਨਾਲ ਛੇੜ-ਛਾੜ ਤੇ ਕੁੱਟਮਾਰ ਕੀਤੀ ਸੀ। ਮੌਕੇ 'ਤੇ ਪੁੱਜੀ ਪੁਲਿਸ ਨੇ ਵੀ ਹਰਬਿੰਦਰ ਕੌਰ ਸਮੇਤ ਉਸਦੇ ਪਰਿਵਾਰਕ ਮੈਂਬਰਾਂ ਦੀ ਕੁੱਟਮਾਰ ਕੀਤੀ ਸੀ। ਸਮਾਗਮ 'ਚ ਪੁੱਜੇ ਫੋਟੋ ਗ੍ਰਾਫਰ ਨੇ ਮਹਿਲਾ ਨਾਲ ਕੁੱਟਮਾਰ ਦੀ ਵੀਡੀਓ ਬਣਾ ਲਈ ਤੇ ਜਦੋਂ ਇਹ ਵੀਡੀਓ ਚੈਨਲਾਂ 'ਤੇ ਪ੍ਰਸਾਰਿਤ ਹੋਈ ਤਾਂ ਸੁਪਰੀਮ ਕੋਰਟ ਨੇ ਇਸਦਾ ਨੋਟਿਸ ਲੈ ਲਿਆ। ਇਸ ਤੋਂ ਬਾਅਦ ਥਾਣਾ ਸਿਟੀ ਤਰਨਤਾਰਨ 'ਚ ਐੱਸ.ਸੀ.ਐੱਸ.ਟੀ ਐਕਟ ਤੋਂ ਇਲਾਵਾ ਛੇੜ-ਛਾੜ ਤੇ ਕੁੱਟਮਾਰ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ। ਪੁਲਿਸ ਕਰਮਚਾਰੀਆਂ ਸਮੇਤ ਕੇਸ 'ਚ ਨਾਮਜ਼ਦ ਕੀਤੇ ਗਏ ਟੈਕਸੀ ਡਰਾਈਵਰਾਂ 'ਚ ਮਨਜਿੰਦਰ ਸਿੰਘ ਵੀ ਸ਼ਾਮਲ ਸਨ। ਜੋ 2022 ਦੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਵੱਲੋਂ ਖਡੂਰ ਸਾਹਿਬ ਹਲਕੇ ਤੋਂ ਵਧਾਇਕ ਚੁਣਿਆ ਗਿਆ। ਇਹੀ ਨਹੀਂ, ਲਾਲਪੁਰਾ ਅਦਾਲਤ 'ਚ ਇਹ ਵੀ ਦਾਅਵਾ ਕਰਦਾ ਰਿਹਾ ਕਿ ਐੱਫ.ਆਈ.ਆਰ. 'ਚ ਜਿਹੜਾ ਸਾਹਬਾ ਨਾਂ ਲਿਖਿਆ ਗਿਆ ਹੈ, ਉਹ ਉਸਦਾ ਨਹੀਂ ਹੈ ਜਦਕਿ ਪੀੜਤਾ ਨੇ ਉਸ ਦੀ ਪਛਾਣ ਵੀ ਕੀਤੀ ਸੀ। ਪਛਾਣ ਲੁਕਾਉਣਾ ਤੇ ਕੁੜੀ ਨਾਲ ਕਰੂਰਤਾ ਲਾਲਪੁਰਾ 'ਤੇ ਵੀ ਭਾਰੀ ਪੈ ਗਈ। ਲਾਲਪੁਰਾ ਉਸ ਵੇਲੇ ਟੈਕਸੀ ਚਾਲਕ ਸੀ।



## ਹਰਬਿੰਦਰ ਕੌਰ ਅਦਾਲਤ ਦੇ ਫ਼ੈਸਲੇ ਤੋਂ ਸੰਤੁਸ਼ਟ

ਮਾਮਲੇ ਦੀ ਪੀੜਤਾ ਹਰਬਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਅਦਾਲਤ ਵੱਲੋਂ ਇਨਸਾਫ਼ ਦੇ ਦਿੱਤਾ ਗਿਆ ਹੈ। ਉਹ ਇਸ ਫ਼ੈਸਲੇ ਤੋਂ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਹਨ। ਉਨ੍ਹਾਂ ਦੱਸਿਆ ਕਿ ਇਸ ਅਰਸੇ ਦੌਰਾਨ ਉਨ੍ਹਾਂ ਨੂੰ ਬਹੁਤ ਪੀੜਾ ਸਹਿਣੀ ਪਈ। ਉਨ੍ਹਾਂ ਦੇ ਬੱਚੇ ਨੂੰ ਦੋ ਵਾਰ ਅਗਵਾ ਕਰਨ ਦੀ ਕੋਸ਼ਿਸ਼ ਕਰਨ ਦੇ ਨਾਲ- ਨਾਲ ਧਮਕੀਆਂ ਵੀ ਮਿਲਦੀਆਂ ਰਹੀਆਂ। ਪਰ ਉਹ ਬਿਨਾਂ ਕਿਸੇ ਡਰ ਦੇ ਆਪਣੇ ਕੇਸ ਦੀ ਪੈਰਵਾਈ 'ਚ ਲੱਗੇ ਰਹੇ ਤੇ ਅੱਜ ਉਹ ਇਨਸਾਫ ਪਾਉਣ 'ਚ ਸਫਲ ਹੋ ਗਏ ਹਨ। ਉਨ੍ਹਾਂ ਨੇ ਅਦਾਲਤ ਅਤੇ ਆਪਣੇ ਵਕੀਲ ਅਮਿਤ ਧਵਨ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਕਿਹਾ ਕਿ ਉਹ ਅੱਜ ਚੈਨ ਦੀ ਨੀਂਦ ਸੌਂਵੇਗੀ। ਅਦਾਲਤ ਦੇ ਫ਼ੈਸਲੇ ਤੋਂ ਬਾਅਦ ਹਰਬਿੰਦਰ ਕੌਰ ਫੁੱਟ-ਫੁੱਟ ਕੇ ਰੋਣ ਲੱਗ ਪਈ। ਕੋਲ ਬੈਠੇ ਪਤੀ ਨਛੱਤਰ ਨਾਥ ਸ਼ੇਰਗਿੱਲ ਨੇ ਉਨ੍ਹਾਂ ਦੇ ਮੋਢੇ 'ਤੇ ਹੱਥ ਰੱਖ ਕੇ ਹੌਂਸਲਾ ਦਿੰਦਿਆਂ ਕਿਹਾ ਕਿ 'ਤੂੰ ਪਹਿਲਾਂ ਬਹੁਤ ਰੋ ਲਿਆ ਏ... ਹੁਣ ਰੋਣਗੇ ਮਾੜੇ ਨਸੀਬਾਂ ਵਾਲੇ'।

## ਕੀ ਕੋਈ ਸਜ਼ਾ ਹੋਣ 'ਤੇ ਵੀ ਵਿਧਾਇਕ ਰਹਿ ਸਕਦਾ?

**ਚੰਡੀਗੜ੍ਹ:** ਜਨਪ੍ਰਤੀਨਿਧਿਤਵ ਕਾਨੂੰਨ 1951 ਦੀ ਧਾਰਾ 8 'ਚ ਦੋਸ਼ੀ ਆਗੂਆਂ, ਸੰਸਦ ਮੈਂਬਰਾਂ ਤੇ ਵਿਧਾਇਕਾਂ ਨੂੰ ਚੋਣਾਂ ਲੜਨ ਤੋਂ ਰੋਕਣ ਦੀ ਵਿਵਸਥਾ ਹੈ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਇਕ ਔਰਤ ਨਾਲ ਕੁੱਟਮਾਰ ਕਰਨ ਦੇ ਮਾਮਲੇ 'ਚ ਸਥਾਨਕ ਕੋਰਟ ਨੇ 4 ਸਾਲ ਦੀ ਸਜ਼ਾ ਸੁਣਾਈ ਹੈ। ਲਾਲਪੁਰਾ ਆਮ ਆਦਮੀ ਪਾਰਟੀ ਦੇ ਤੀਸਰੇ ਵਿਧਾਇਕ ਹਨ, ਜਿਨ੍ਹਾਂ ਨੂੰ ਕੋਰਟ ਨੇ ਸਜ਼ਾ ਦਿੱਤੀ ਹੈ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੂੰ ਆਪਣੇ ਜੀਜੇ ਨਾਲ ਮਾਰਕੁੱਟ ਕਰਨ ਲਈ 2 ਸਾਲ ਦੀ ਸਜ਼ਾ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਖੇਤਾਂ 'ਚ ਪਾਣੀ ਲਗਾਉਣ ਦੇ ਮਾਮਲੇ 'ਚ ਆਪਣੀ ਸਾਲੀ ਅਤੇ ਉਸਦੇ ਪਤੀ ਨਾਲ ਮਾਰਕੁੱਟ ਕਰਨ ਲਈ 3 ਸਾਲ ਦੀ ਸਜ਼ਾ ਸੁਣਾਈ ਗਈ ਸੀ। ਹਾਲਾਂਕਿ, ਉਨ੍ਹਾਂ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਨਹੀਂ ਗਈ।

## ਮੁਅੱਤਲੀ ਨੂੰ ਲੈ ਕੇ ਇਹ ਹਨ ਨਿਯਮ

**ਚੰਡੀਗੜ੍ਹ:** ਸੰਸਦ ਜਾਂ ਵਿਧਾਇਕ ਦੀ ਮੈਂਬਰਸ਼ਿਪ ਦੀ ਮੁਅੱਤਲੀ ਨੂੰ ਲੈ ਕੇ ਅਧਿਨਿਯਮ 1951 ਤਹਿਤ ਨਿਯਮ ਹਨ। ਇਸ ਤਹਿਤ ਧਾਰਾ (1) ਤੇ (2) 'ਚ ਵਿਵਸਥਾ ਹੈ। ਜਿਸ ਅਨੁਸਾਰ, ਜੇ ਕੋਈ ਸੰਸਦ ਮੈਂਬਰ ਜਾਂ ਵਿਧਾਇਕ ਦੁਰਾਚਾਰ, ਹੱਤਿਆ, ਭਾਸ਼ਾ ਜਾਂ ਧਰਮ ਦੇ ਆਧਾਰ 'ਤੇ ਸਮਾਜ 'ਚ ਦੁਸ਼ਮਣੀ ਪੈਦਾ ਕਰਦਾ ਹੈ ਜਾਂ ਸੰਵਿਧਾਨ ਨੂੰ ਅਪਮਾਨਿਤ ਕਰਨ ਦੇ ਟੀਚਾ ਨਾਲ ਕਿਸੇ ਵੀ ਅਪਰਾਧਿਕਸਾਜ਼ਿਸ਼ 'ਚ ਸ਼ਾਮਲ ਹੁੰਦਾ ਹੈ ਜਾਂ ਕਿਸੇ ਅੱਤਵਾਦੀ ਗਤੀਵਿਧੀ 'ਚ ਸ਼ਾਮਲ ਹੁੰਦਾ ਹੈ, ਤਾਂ ਉਸ ਸੰਸਦ ਮੈਂਬਰ ਜਾਂ ਵਿਧਾਇਕ ਦੀ ਮੈਂਬਰਸ਼ਿਪ ਰੱਦ ਕਰ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਧਾਰਾ (3) ਅਨੁਸਾਰ, ਜੇ ਕਿਸੇ ਸੰਸਦ ਮੈਂਬਰ ਜਾਂ ਵਿਧਾਇਕ ਨੂੰ ਕਿਸੇ ਅਪਰਾਧਿਕ ਮਾਮਲੇ 'ਚ ਦੋ ਸਾਲ ਤੋਂ ਵੱਧ ਦੀ ਸਜ਼ਾ ਮਿਲਦੀ ਹੈ ਤਾਂ ਵੀ ਉਸ ਦੀ ਮੈਂਬਰਸ਼ਿਪ ਰੱਦ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਅਗਲੇ ਛੇ ਸਾਲਾਂ ਤੱਕ ਚੋਣਾਂ ਲੜਨ 'ਤੇ ਵੀ ਪਾਬੰਦੀ ਹੁੰਦੀ ਹੈਕਿਵੇਂ ਬਚਦੀ ਹੈ ਮੈਂਬਰਸ਼ਿਪ ਸੰਸਦ ਜਾਂ ਵਿਧਾਇਕ ਉਪਰੋਕਤ ਮਾਮਲਿਆਂ 'ਚ ਵੀ ਆਪਣੀ ਮੈਂਬਰਸ਼ਿਪ ਬਚਾਅ ਸਕਦੇ ਹਨ। ਇਹ ਤਦ ਹੀ ਸੰਭਵ ਹੈ, ਜਦੋਂ ਸਜ਼ਾ ਕਿਸੇ ਹੇਠਲੀ ਅਦਾਲਤ ਤੋਂ ਮਿਲੀ ਹੋਵੇ ਤਾਂ ਮਾਮਲੇ ਨੂੰ ਉੱਚ ਜਾਂ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਜਾ ਸਕਦੀ ਹੈ। ਜੇ ਹਾਈ ਕੋਰਟ ਜਾਂ ਸੁਪਰੀਮ ਕੋਰਟ ਵੱਲੋਂ ਸਜ਼ਾ 'ਤੇ ਰੋਕ ਲੱਗਦੀ ਹੈ, ਤਾਂ ਮੈਂਬਰਸ਼ਿਪ ਬਚਾਈ ਜਾ ਸਕਦੀ ਹੈ। ਅਮਨ ਅਰੋੜਾ ਤੇ ਡਾ. ਬਲਬੀਰ ਦੇ ਮਾਮਲੇ 'ਚ ਵੀ ਕੁਝ ਅਜਿਹਾ ਹੀ ਹੋਇਆ। ਹੇਠਲੀ ਅਦਾਲਤ ਨੇ ਸਜ਼ਾ ਸੁਣਾਈ ਪਰ ਉਨ੍ਹਾਂ ਉੱਚ ਅਦਾਲਤ 'ਚ ਚੁਣੌਤੀ ਦਿੱਤੀ ਤੇ ਉਨ੍ਹਾਂ ਦੀ ਸਜ਼ਾ 'ਤੇ ਰੋਕ ਲੱਗ ਗਈ। ਜਿਸ ਕਾਰਨ ਉਨ੍ਹਾਂ ਦੀ ਮੈਂਬਰਸ਼ਿਪ ਨਹੀਂ ਜਾਵੇਗੀ।

# 'ਵਿਸ਼ਵ ਸਾਹਿਤ ਦੀ ਪ੍ਰਸੰਗਿਕਤਾ' ਵਿਸ਼ੇ 'ਤੇ ਸੈਮੀਨਾਰ

**ਪਟਿਆਲਾ:** ਦੁਨੀਆ ਦੀ ਕੋਈ ਅਜਿਹੀ ਭਾਸ਼ਾ ਨਹੀਂ ਹੈ ਜਿਸ ਨੂੰ ਸਾਰੀ ਦੁਨੀਆ ਪੜ੍ਹ, ਲਿਖ ਤੇ ਬੋਲ ਸਕਦਾ ਹੋਵੇ, ਪ੍ਰੰਤੂ ਦੁਨੀਆ ਭਰ ਦੀਆਂ ਸ਼ਾਹਕਾਰ ਰਚਨਾਵਾਂ ਅਨੁਵਾਦ ਜ਼ਰੀਏ ਹੀ ਸੰਸਾਰ ਦੇ ਕੋਨੇ-ਕੋਨੇ 'ਚ ਪਹੁੰਚ ਸਕਦੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਅਨੁਵਾਦਕ ਤੇ ਲੇਖਕ ਜੰਗ ਬਹਾਦਰ ਗੋਇਲ ਨੇ ਮੁੱਖ ਵਕਤਾ ਵਜੋਂ ਇੱਥੇ ਭਾਸ਼ਾ ਵਿਭਾਗ ਦੇ ਸਹਿਯੋਗ ਨਾਲ ਸਾਹਿਤ ਅਕਾਦਮੀ ਦਿੱਲੀ ਵੱਲੋਂ 'ਵਿਸ਼ਵ ਸਾਹਿਤ ਦੀ ਪ੍ਰਸੰਗਿਕਤਾ' ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਦੌਰਾਨ ਕੀਤਾ। ਉੱਘੇ ਨਾਵਲਕਾਰ ਤੇ ਗਜ਼ਲਗੋ ਬੂਟਾ ਸਿੰਘ ਚੌਹਾਨ ਦੀ ਅਗਵਾਈ 'ਚ ਕਰਵਾਏ ਗਏ ਇਸ ਸੈਮੀਨਾਰ ਦੀ ਪ੍ਰਧਾਨਗੀ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਕੀਤੀ ਅਤੇ ਉੱਘੇ ਆਲੋਚਕ ਡਾ. ਲਾਭ ਸਿੰਘ ਖੀਵਾ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ।

ਜੰਗ ਬਹਾਦਰ ਗੋਇਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਵਿਸ਼ਵ ਸਾਹਿਤ ਪਾਠਕ ਨੂੰ ਵਿਸ਼ਵਵਿਆਪੀ ਨਾਗਰਿਕ ਬਣਾਉਂਦਾ ਹੈ ਕਿਉਂਕਿ ਇਹ ਸਾਹਿਤ ਪਾਠਕ ਨੂੰ ਦੁਨੀਆ ਦੇ ਹਰ ਕੋਨੇ ਦੇ ਸੱਭਿਆਚਾਰ, ਸੰਸਕ੍ਰਿਤੀ ਤੇ ਵਾਤਾਵਰਣ ਬਾਰੇ ਜਾਣੂ ਕਰਵਾਉਂਦਾ ਹੈ। ਵਿਸ਼ਵ ਸਾਹਿਤ ਇੱਕ ਅਜਿਹਾ ਮੰਚ ਹੈ ਜੋ ਸਭ ਧਰਮਾਂ, ਵਰਗਾਂ ਤੇ ਵਿਚਾਰਧਾਰਾਵਾਂ ਤੋਂ ਪਾਰ ਜਾ ਕੇ ਸਾਂਝੀ ਮਾਨਵੀ ਸੋਚ ਉਤਪੰਨ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਸਾਹਿਤ ਸਮਾਂਤਰ ਸੰਸਾਰ ਸਿਰਜਦਾ ਹੈ। ਸਾਹਿਤ ਦੇ ਪਾਤਰ ਹਮੇਸ਼ਾ ਹੀ ਮਨੁੱਖ ਦੇ ਸੰਗ ਰਹਿੰਦੇ ਹਨ ਅਤੇ ਉਸ ਨੂੰ ਜੀਵਨ ਦੀਆਂ ਔਖੀਆਂ ਘਾਟੀਆਂ 'ਚੋਂ ਨਿਕਲਣ ਲਈ ਉਤਸ਼ਾਹਿਤ ਕਰਦੇ ਹਨ। ਇਸੇ ਕਰਕੇ ਕਿ ਵਿਸ਼ਵ ਸਾਹਿਤ ਪੂਰੀ ਦੁਨੀਆ ਦੀ ਧਰੋਹਰ ਮੰਨਿਆ ਜਾਂਦਾ ਹੈ। ਉਨ੍ਹਾਂ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਸਾਡੇ ਇਤਿਹਾਸ ਦੇ ਬਹੁਤ ਸਾਰੇ ਅਜਿਹੇ ਸਾਕੇ ਹਨ ਜਿਨ੍ਹਾਂ ਬਾਰੇ ਅਸੀਂ ਪੰਜਾਬੀ 'ਚ ਕੋਈ ਸ਼ਾਹਕਾਰ ਰਚਨਾ ਨਹੀਂ ਲਿਖ ਸਕੇ। ਉਨ੍ਹਾਂ ਕਿਹਾ ਕਿ ਇਤਿਹਾਸ ਲੋਕਾਂ ਨਾਲ ਬੇਇਨਸਾਫੀ ਕਰ ਸਕਦਾ ਹੈ ਪਰ ਸਾਹਿਤ ਹਮੇਸ਼ਾ ਇਨਸਾਫ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਹਿਤ ਇੱਕ ਵਿਅਕਤੀਗਤ ਘਾਲਣਾ ਹੈ। ਇਸ ਮੌਕੇ ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਅਨੁਵਾਦ ਇੱਕ ਜਹਾਜ਼ ਹੈ ਜੋ ਪਾਠਕ ਨੂੰ ਦੁਨੀਆ ਦੇ ਹਰ ਕੋਨੇ 'ਚ ਪਹੁੰਚਾ ਦਿੰਦਾ ਹੈ। ਉਨ੍ਹਾਂ ਕਿਹਾ ਆਪਣਾ ਸਾਹਿਤ ਪੜ੍ਹਨਾ ਹੋਰ ਗੱਲ ਹੈ ਪਰ ਵਿਦੇਸ਼ੀ ਸਾਹਿਤ ਪੜ੍ਹਕੇ ਸਾਡਾ ਘੇਰਾ ਬਹੁਤ ਵਿਸ਼ਾਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਨਹੀਂ ਕਿ ਹਰ ਸ਼ਾਹਕਾਰ ਰਚਨਾ ਅਨੁਵਾਦ ਹੋ ਕੇ ਹੋਰਨਾਂ ਭਾਸ਼ਾਵਾਂ 'ਚ ਛਪੇ। ਉਨ੍ਹਾਂ ਭਾਸ਼ਾ ਵਿਭਾਗ ਅਤੇ ਜੰਗ ਬਹਾਦਰ ਗੋਇਲ ਵੱਲੋਂ ਅਨੁਵਾਦ ਦੇ ਖੇਤਰ 'ਚ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ।



ਸਾਹਿਤ ਅਕਾਦਮੀ ਵੱਲੋਂ ਭਾਸ਼ਾ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਦੇ ਮੁੱਖ ਵਕਤਾ ਸ੍ਰੀ ਜੰਗ ਬਹਾਦਰ ਗੋਇਲ, ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੂੰ ਪੁਸਤਕ ਭੇਟ ਕਰਦੇ ਹੋਏ, ਨਾਲ ਹਨ ਡਾ. ਲਾਭ ਸਿੰਘ ਖੀਵਾ ਤੇ ਬੂਟਾ ਸਿੰਘ ਚੌਹਾਨ।

ਆਪਣੇ ਪ੍ਰਧਾਨਗੀ ਭਾਸ਼ਣ 'ਚ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਸ੍ਰੀ ਜੰਗ ਬਹਾਦਰ ਗੋਇਲ ਨੇ ਅਨੁਵਾਦ ਦੇ ਕਾਰਜ ਦੌਰਾਨ ਭਾਸ਼ਾ ਨੂੰ ਸਰਲਤਾ ਪ੍ਰਦਾਨ ਕੀਤੀ ਹੈ ਜਿਸ ਕਾਰਨ ਹੀ ਉਨ੍ਹਾਂ ਦੁਆਰਾ ਅਨੁਵਾਦ ਕੀਤਾ ਵਿਸ਼ਵ ਸਾਹਿਤ ਮਕਬੂਲ ਹੋਇਆ ਹੈ। ਉਨ੍ਹਾਂ ਕਿਹਾ ਸਾਹਿਤਕਾਰ ਭਾਸ਼ਾ ਦਾ ਵਰਤੋਂਕਾਰ ਹੁੰਦਾ ਹੈ ਅਤੇ ਅਨੁਵਾਦਕ ਦੋ ਭਾਸ਼ਾਵਾਂ ਦਾ ਸੇਵਕ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਖਿੱਤੇ 'ਚ ਵੀ ਵਿਸ਼ਵ ਪੱਧਰੀ ਸਾਹਿਤ ਰਚਿਆ ਗਿਆ ਹੈ ਪਰ ਅਸੀਂ ਉਸ ਨੂੰ ਧਾਰਮਿਕ ਤੇ ਹੋਰਨਾਂ ਬੰਦਸ਼ਾਂ 'ਚ ਬੰਨ੍ਹਕੇ, ਇਸ ਨੂੰ ਆਪਣੇ ਤੱਕ ਸੀਮਤ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਸਾਹਿਤ 'ਚ ਤਾਰੀਕਾਂ, ਸਥਾਨ ਤੇ ਨਾਮ ਗਲਤ ਹੋ ਸਕਦੇ ਹਨ ਪਰ ਸਾਹਿਤ 'ਚ ਦਰਜ ਸਚਾਈਆਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਇਸ ਮੌਕੇ ਡਾ. ਲਕਸ਼ਮੀ ਨਰਾਇਣ ਭੀਖੀ, ਅਵਤਾਰਜੀਤ, ਇੰਦਰਪਾਲ ਸਿੰਘ, ਧਰਮ ਕੰਮੇਆਣਾ, ਸਾਬਕਾ ਪੁਲਿਸ ਅਧਿਕਾਰੀ ਸੁਖਦੇਵ ਸਿੰਘ ਵਿਰਕ ਨੇ ਜੰਗ ਬਹਾਦਰ ਗੋਇਲ ਨਾਲ ਸੰਵਾਦ ਰਚਾਕੇ ਸਮਾਗਮ ਨੂੰ ਬਹੁਪਰਤੀ ਬਣਾ ਦਿੱਤਾ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਵੱਲੋਂ ਕੀਤਾ ਗਿਆ। ਅਖੀਰ ਵਿੱਚ ਸਮਾਗਮ ਦੇ ਸੰਚਾਲਕ ਬੂਟਾ ਸਿੰਘ ਚੌਹਾਨ ਨੇ ਸਭ ਦਾ ਧੰਨਵਾਦ ਕੀਤਾ ਅਤੇ ਸਾਹਿਤ ਅਕਾਦਮੀ ਦੀਆਂ ਸਰਗਰਮੀਆਂ ਤੇ ਪ੍ਰਾਪਤੀਆਂ ਬਾਰੇ ਦੱਸਿਆ। ਇਸ ਮੌਕੇ ਭਾਸ਼ਾ ਵਿਭਾਗ ਦੀ ਸਹਾਇਕ ਨਿਰਦੇਸ਼ਕਾ ਜਸਪ੍ਰੀਤ ਕੌਰ, ਸੁਰਿੰਦਰ ਕੌਰ, ਖੋਜ ਅਫ਼ਸਰ ਡਾ. ਸੰਤੋਖ ਸੁੱਖੀ ਤੇ ਸੰਤਪਾਲ ਸਿੰਘ, ਸ਼੍ਰੋਮਣੀ ਕਵੀ ਬਲਵਿੰਦਰ ਸੰਧੂ, ਪਰਮਜੀਤ ਮਾਨ, ਲਛਮਣ ਦਾਸ, ਰਮਨ ਸੰਧੂ, ਗੁਰਚਰਨ ਪੱਬਾਰਾਲੀ, ਸ਼ਾਇਰ ਨਵਦੀਪ ਮੁੰਡੀ, ਗੋਪਾਲ ਸ਼ਰਮਾ, ਹਰਪ੍ਰੀਤ ਸੰਧੂ ਤੇ ਵੱਡੀ ਗਿਣਤੀ 'ਚ ਸਾਹਿਤ ਪ੍ਰੇਮੀ ਹਾਜ਼ਰ ਸਨ।

# ਦਿਸ਼ਾ ਪਟਾਨੀ ਦੇ ਘਰ ਦੇ ਬਾਹਰ ਫਾਇਰਿੰਗ

**ਬਰੇਲੀ:** ਅਦਾਕਾਰਾ ਦਿਸ਼ਾ ਪਾਟਨੀ ਦੇ ਬਰੇਲੀ ਸਥਿਤ ਘਰ ਦੇ ਬਾਹਰ ਵੀਰਵਾਰ ਰਾਤ ਨੂੰ ਗੋਲੀਆਂ ਚਲਾਈਆਂ ਗਈਆਂ। ਪੁਲਿਸ ਦੇ ਮੁਤਾਬਕ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਤਿੰਨ ਤੋਂ ਚਾਰ ਰਾਉਂਡ ਚਲਾਏ ਗਏ। ਇਸ ਘਟਨਾ 'ਚ ਕੋਈ ਜ਼ਖ਼ਮੀ ਨਹੀਂ ਹੋਇਆ। ਦੋਸ਼ੀਆਂ ਨੂੰ ਫੜਨ ਲਈ ਪੰਜ ਟੀਮਾਂ ਦਾ ਗਠਨ ਕੀਤਾ ਗਿਆ ਹੈ। ਫੇਸਬੁੱਕ ਦੀ ਇਕ ਪੋਸਟ 'ਚ ਗੈਂਗਸਟਰ ਰੋਹਿਤ ਗੋਦਾਰਾ ਨੇ ਫਾਇਰਿੰਗ ਦੀ ਜ਼ਿੰਮੇਵਾਰੀ ਲਈ ਹੈ।



ਦਿਸ਼ਾ ਪਾਟਨੀ ਦੇ ਬਰੇਲੀ ਸਥਿਤ ਘਰ ਦੇ ਬਾਹਰ ਚਲਾਈਆਂ ਗੋਲੀਆਂ ਦੇ ਲੱਗੇ ਨਿਸ਼ਾਨ

# ਸੁਸ਼ੀਲਾ ਕਾਰਕੀ ਬਣੀ ਨੇਪਾਲ ਦੀ ਪ੍ਰਧਾਨ ਮੰਤਰੀ, ਸੰਸਦ ਭੰਗ

**ਬੀਰਗੰਜ (ਨੇਪਾਲ):** ਜੈੱਨ-ਜ਼ੀ ਅੰਦੋਲਨ 'ਚ ਪੰਜ ਦਿਨਾਂ ਤੱਕ ਸੁਲਗਣ ਵਾਲੇ ਨੇਪਾਲ ਦਾ ਸੰਵਿਧਨਾਕ ਸੰਕਟ ਖ਼ਤਮ ਹੋ ਗਿਆ ਹੈ। ਰਾਸ਼ਟਰਪਤੀ ਰਾਮਚੰਦਰ ਪੌਡੇਲ, ਫ਼ੌਜ ਮੁਖੀ ਅਸ਼ੋਕ ਰਾਜ ਸਿਗਡੇਲ, ਕਾਨੂੰਨ ਮਾਹਰ ਓਮ ਪ੍ਰਕਾਸ਼ ਆਰਯਾਲ ਤੇ ਜੈੱਨ-ਜ਼ੀ ਦੇ ਨੁਮਾਇੰਦਿਆਂ ਦੀ ਸੱਤ ਘੰਟਿਆਂ ਤੱਕ ਚੱਲੀ ਮੈਰਾਥਨ ਬੈਠਕ ਦੇ ਬਾਅਦ ਨੇਪਾਲ ਦੀ ਸਾਬਕਾ ਚੀਫ ਜਸਟਿਸ ਸੁਸ਼ੀਲਾ ਕਾਰਕੀ ਨੂੰ ਅੰਤ੍ਰਿਮ ਪ੍ਰਧਾਨ ਮੰਤਰੀ ਦੇ ਰੂਪ 'ਚ ਸਹੁੰ ਚੁਕਾਈ ਗਈ। ਨੇਪਾਲ ਦੀ ਪਹਿਲੀ ਮਹਿਲਾ ਚੀਫ ਜਸਟਿਸ ਬਣਨ ਵਾਲੀ ਕਾਰਕੀ ਹੁਣ ਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਵੀ ਬਣ ਗਈ ਹੈ। ਭਾਰਤੀ ਸਮੇਂ ਮੁਤਾਬਕ ਰਾਤ ਪੌਣੇ ਨੌਂ (ਨੇਪਾਲੀ ਸਮਾਂ ਰਾਤ ਦੇ ਨੌਂ ਵਜੇ) ਰਾਸ਼ਟਰਪਤੀ ਨੇ ਸ਼ੀਤਲ ਭਵਨ 'ਚ ਕਾਰਕੀ ਨੂੰ ਅਹੁਦੇ ਦੀ ਸਹੁੰ ਚੁਕਾਈ। ਨਾਲ ਹੀ ਨੇਪਾਲੀ ਸੰਸਦ ਨੂੰ ਭੰਗ ਵੀ ਕਰ ਦਿੱਤਾ, ਜਿਹੜੀ ਜੈੱਨ ਜ਼ੀ ਸਮੂਹਾਂ ਦੀ ਸਭ ਤੋਂ ਪ੍ਰਮੁੱਖ ਮੰਗ ਸੀ। ਵੀਰਵਾਰ ਰਾਤ ਨੂੰ ਸੁਸ਼ੀਲਾ ਕਾਰਕੀ ਦੇ ਨਾਂ 'ਤੇ ਸਹਿਮਤੀ ਬਣਨ ਦੇ ਬਾਅਦ ਸ਼ੁੱਕਰਵਾਰ ਨੂੰ ਉਨ੍ਹਾਂ ਨੂੰ ਸਹੁੰ ਚੁਕਾਏ ਜਾਣ ਦੇ ਰਾਹ 'ਚ ਆਉਣ ਵਾਲੀਆਂ ਸੰਵਿਧਾਨਕ ਰੁਕਾਵਟਾਂ ਨੂੰ ਦੂਰ ਕਰਨ 'ਤੇ ਮੰਥਨ ਹੁੰਦਾ ਰਿਹਾ। ਇਸ ਬੈਠਕ 'ਚ ਕਾਰਕੀ ਵੀ ਹਾਜ਼ਰ ਸਨ। ਜੈੱਨ-ਜ਼ੀ ਦੀਆਂ ਕਈ ਮੰਗਾਂ 'ਚੋਂ ਹਾਲੇ ਸਿਰਫ਼ ਕਾਰਕੀ ਨੂੰ ਅੰਤ੍ਰਿਮ ਪ੍ਰਧਾਨ ਮੰਤਰੀ ਬਣਾਉਣ ਤੇ ਸੰਸਦ ਭੰਗ ਕਰਨ 'ਤੇ ਹੀ ਫ਼ੈਸਲਾ ਹੋਇਆ ਹੈ। ਕਾਰਕੀ ਦੀ ਮੰਤਰੀ ਪ੍ਰੀਸ਼ਦ ਤਿੰਨ ਮੈਂਬਰੀ ਹੋ ਸਕਦੀ ਹੈ, ਪਰ ਕਿਹੜੇ-ਕਿਹੜੇ ਚਿਹਰੇ ਹੋਣਗੇ, ਹਾਲੇ ਇਸ 'ਤੇ ਫ਼ੈਸਲਾ ਹੋਣਾ ਬਾਕੀ ਹੈ। ਨਾਲ ਹੀ ਦੇਸ਼ ਚੋਣਾਂ ਵੱਲ ਕਦੋਂ ਤੇ ਕਿਵੇਂ ਵਧੇਗਾ, ਇਸ 'ਤੇ ਮੰਤਰੀ ਪ੍ਰੀਸ਼ਦ ਦੇ ਗਠਨ ਦੇ ਬਾਅਦ ਫ਼ੈਸਲਾ ਕੀਤੇ ਜਾਣ ਦੀ ਸੰਭਾਵਨਾ ਹੈ। ਮੰਨਿਆ ਜਾ ਰਿਹਾ ਹੈ ਕਿ ਅੰਤ੍ਰਿਮ ਸਰਕਾਰ ਦੇ ਗਠਨ ਦੇ ਬਾਅਦ ਦੇਸ਼ 'ਚ ਸਿਆਸੀ ਸਥਿਰਤਾ ਸਥਾਪਤ ਹੋਵੇਗੀ। ਨਾਲ ਹੀ ਨੇਪਾਲ ਨੂੰ ਲੋਕਤੰਤਰੀ ਪ੍ਰਕਿਰਿਆ ਵੱਲ ਵਧਾਉਣ 'ਚ ਮਦਦ ਮਿਲੇਗੀ। ਨਵੀਂ ਸਰਕਾਰ ਤੋਂ ਪਾਰਦਰਸ਼ਿਤਾ ਤੇ ਸੁਸ਼ਾਸਨ ਦੀ ਉਮੀਦ ਹੈ। ਦੱਸਣਯੋਗ ਹੈ ਕਿ ਵੀਰਵਾਰ ਨੂੰ ਅੰਤ੍ਰਿਮ ਪ੍ਰਧਾਨ ਮੰਤਰੀ ਨੂੰ ਲੈ ਕੇ ਜੈੱਨ-ਜ਼ੀ ਸਮੂਹਾਂ ਦੇ ਮਤਭੇਦ ਤੇ ਫ਼ੌਜ ਦੇ ਹੈੱਡਕੁਆਰਟਰ ਦੇ ਸਾਹਮਣੇ ਉਨ੍ਹਾਂ 'ਚ ਭੇੜ ਦੇ ਬਾਅਦ ਸਥਿਤੀ ਬੇਕਾਬੂ ਹੁੰਦੀ ਦਿਖ ਰਹੀ ਸੀ। ਰਾਤ ਤੱਕ ਕਿਸੇ ਫ਼ੈਸਲੇ ਤੱਕ ਨਹੀਂ ਪਹੁੰਚਣ ਦੀ ਸਥਿਤੀ 'ਚ ਸ਼ੁੱਕਰਵਾਰ ਸਵੇਰ ਤੋਂ ਅੰਦੋਲਨ ਤੇਜ਼ ਕਰਨ ਦੀ ਜੈੱਨ-ਜ਼ੀ ਦੀ ਚਿਤਾਵਨੀ ਨਾਲ ਸਥਿਤੀ ਗੰਭੀਰ ਹੋ ਗਈ ਸੀ। ਇਸ ਦੇ ਬਾਅਦ ਰਾਸ਼ਟਰਪਤੀ ਰਾਮਚੰਦਰ ਪੌਡੇਲ, ਫ਼ੌਜ ਮੁਖੀ ਅਸ਼ੋਕ ਰਾਜ ਸਿਗਡੇਲ ਤੇ ਕਾਨੂੰਨ ਮਾਹਰ ਓਮ ਪ੍ਰਕਾਸ਼ ਆਰਯਾਲ ਦੇ ਨਾਲ ਜੈੱਨ-ਜ਼ੀ ਸਮੂਹਾਂ ਦੀ ਬੈਠਕ ਹੋਈ। ਸਾਰੀਆਂ ਧਿਰਾਂ ਸੰਵਿਧਾਨਕ ਮਰਿਆਦਾ ਦੇ ਮੁਤਾਬਕ ਰਸਤਾ ਕੱਢਣ 'ਤੇ ਸਹਿਮਤ ਸਨ। ਸਥਾਨਕ ਜਨਤਾ ਨੇ ਵੀ ਰਾਸ਼ਟਰੀ ਭਾਵਨਾ, ਸੰਵਿਧਾਨਕ ਅਦਾਰਿਆਂ ਦੀ ਰਾਖੀ ਨੂੰ ਮੁੱਖ ਰੱਖਣ ਤੇ ਹਰ ਸਥਿਤੀ 'ਚ ਲੋਕਤੰਤਰੀ ਪ੍ਰਕਿਰਿਆ ਨੂੰ ਤਰਜੀਹ ਦੇਣ ਦੀ ਗੱਲ ਕਹੀ। ਸਾਰਿਆਂ ਨਾਲ ਗੱਲ ਕਰ ਕੇ ਸੁਸ਼ੀਲਾ ਕਾਰਕੀ ਦੇ ਨਾਂ 'ਤੇ ਅੰਤਿਮ ਸਹਿਮਤੀ ਬਣਾ ਲਈ ਗਈ। ਇਨ੍ਹਾਂ ਸਾਰੇ ਨੁਕਤਿਆਂ ਨੂੰ ਇਕੱਠੇ ਕਰ ਕੇ ਕਈ ਸੰਵਿਧਾਨ ਮਾਹਰਾਂ ਨੇ ਸੁਝਾਅ ਦਿੱਤਾ ਕਿ ਜ਼ਰੂਰਤ ਪੈਣ 'ਤੇ ਸੰਗਰਾਂਦੀ ਦੌਰ ਵਾਲੀ ਵਿਵਸਥਾ ਅਪਣਾ ਕੇ ਗ਼ੈਰ-ਸੰਸਦੀ ਵਿਅਕਤੀ ਨੂੰ ਪ੍ਰਧਾਨ ਮੰਤਰੀ ਬਣਾਇਆ ਜਾ ਸਕਦਾ ਹੈ। ਜੇਕਰ ਸੰਸਦ ਭੰਗ ਕਰਨ ਦੀ ਲੋੜ ਪਈ ਤਾਂ ਉਸ ਤੋਂ ਪਹਿਲਾਂ ਬੈਠਕ ਬੁਲਾ ਕੇ ਸੰਵਿਧਾਨ 'ਚ ਸੋਧ ਰਾਹੀਂ ਨਾਗਰਿਕ ਸਰਕਾਰ ਦੇ ਬਦਲ 'ਤੇ ਵਿਚਾਰ ਕੀਤਾ ਜਾ ਸਕਦਾ ਹੈ। ਵਿਵਸਥਾ ਬਣਾਉਣ ਲਈ ਸ਼ੁੱਕਰਵਾਰ ਸਵੇਰ ਤੋਂ ਹੀ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਸਨ। ਦੁਪਹਿਰ ਦੋ ਵਜੇ ਫ਼ੌਜ ਮੁਖੀ ਤੇ ਦੇਸ਼ ਦੇ ਪ੍ਰਮੁੱਖ ਸੰਵਿਧਾਨਕ ਮਾਹਰ ਸ਼ੀਤਲ ਨਿਵਾਸ ਪੁੱਜੇ ਜਿੱਥੇ ਸ਼ਾਮ ਤੱਕ ਬੈਠਕ ਚੱਲਦੀ ਰਹੀ।



# ਮੁੱਖ ਮੰਤਰੀ ਵਲੋਂ ਇਕ ਮਹੀਨੇ ਵਿਚ ਮੁਆਵਜ਼ਾ ਦੇਣ ਦਾ ਵਾਅਦਾ

**ਚੰਡੀਗੜ੍ਹ:** ਹੜ੍ਹਾਂ ਕਾਰਨ ਜਿਨ੍ਹਾਂ ਕਿਸਾਨਾਂ ਦੀ 100 ਫ਼ੀਸਦੀ ਫ਼ਸਲ ਖ਼ਰਾਬ ਹੋਈ ਹੈ, ਉਨ੍ਹਾਂ ਨੂੰ ਇਕ ਮਹੀਨੇ ਦੇ ਅੰਦਰ ਹੀ ਮੁਆਵਜ਼ਾ ਦੇ ਦਿੱਤਾ ਜਾਵੇਗਾ। ਬਾਕੀ ਕਿਸਾਨਾਂ ਨੂੰ ਦੀਵਾਲੀ ਤੋਂ ਪਹਿਲਾਂ ਮੁਆਵਜ਼ੇ ਦੇ ਚੈੱਕ ਦਿੱਤੇ ਜਾਣਗੇ। ਇਹ ਐਲਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਨੂੰ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦੇ ਡੀਸੀਜ਼ ਨਾਲ ਵੀਡੀਓ ਕਾਨਫ਼ਰੰਸਿਗ ਰਾਹੀਂ ਕੀਤੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਡੀਸੀਜ਼ ਨੂੰ 40-45 ਦਿਨਾਂ ਵਿਚ ਵਿਸ਼ੇਸ਼ ਗਿਰਦਾਵਰੀ ਪੂਰੀ ਕਰਨ ਦੇ ਹੁਕਮ ਦਿੱਤੇ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਇਸ ਦੌਰਾਨ ਨਾ ਤਾਂ ਮੈਂ ਚੈਨ ਨਾਲ ਸੌਂਵਾਂਗਾ ਅਤੇ ਨਾ ਹੀ ਕਿਸੇ ਅਧਿਕਾਰੀ ਨੂੰ ਸੌਣ ਦਿਆਂਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੂਬੇ ਨੂੰ ਦਿੱਤੇ ਗਏ 1,600 ਕਰੋੜ ਰੁਪਏ ਦੇ ਆਰਥਿਕ ਪੈਕੇਜ 'ਤੇ ਮੁੱਖ ਮੰਤਰੀ ਨੇ ਕੋਈ ਟਿੱਪਣੀ ਨਹੀਂ ਕੀਤੀ।ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਪ੍ਰਧਾਨ ਮੰਤਰੀ ਜਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਣ ਦਿੱਲੀ ਜਾਣਗੇ। ਇਸ ਦੇ ਲਈ ਉਹ ਸਮਾਂ ਲੈ ਰਹੇ ਹਨ।



ਮੁੱਖ ਮੰਤਰੀ ਨੇ ਕਿਹਾ ਕਿ ਕਈ ਵਾਰ ਅਜਿਹਾ ਹੁੰਦਾ ਹੈ ਕਿ ਪ੍ਰਭਾਵਸ਼ਾਲੀ ਲੋਕ ਬਿਨੈ ਕਰ ਦਿੰਦੇ ਹਨ ਅਤੇ ਛੋਟੇ ਕਿਸਾਨ ਰਹਿ ਜਾਂਦੇ ਹਨ। ਇਸ ਕਾਰਨ ਗਿਰਦਾਵਰੀ ਦੇ ਉਪਰੰਤ ਕਿਸਾਨਾਂ ਨੂੰ ਇਕ ਹਫ਼ਤੇ ਦਾ ਸਮਾਂ ਇਤਰਾਜ਼ਾਂ ਲਈ ਵੀ ਦਿੱਤਾ ਜਾਵੇਗਾ। ਉਨ੍ਹਾਂ ਸਪੱਸ਼ਟਕੀਤਾ ਕਿ ਜੇਕਰ ਕੋਈ ਅਜਿਹੀ ਸ਼ਿਕਾਇਤ ਆਈ ਤਾਂ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਕਿਸਾਨਾਂ ਦੇ ਖੇਤਾਂ ਵਿਚ ਰੇਤ ਤੇ ਮਿੱਟੀ ਆ ਗਈ ਹੈ, ਉਸ ਨੂੰ ਹਟਾਉਣ ਲਈ ਸਰਕਾਰ ਜੇਸੀਬੀ ਖ਼ਰੀਦੇਗੀ। ਹੜ੍ਹ ਨੂੰ ਲੈ ਕੇ ਉਨ੍ਹਾਂ ਕਿਹਾ ਕਿ ਹੁਣ ਸਿਰਫ਼ ਘੱਗਰ ਦਰਿਆ ਦਾ ਹੀ ਪਾਣੀ ਵਧਿਆ ਹੋਇਆ ਹੈ ਪਰ ਉਸ ਦਾ ਨੁਕਸਾਨ ਪੰਜਾਬ ਵਿਚ ਨਹੀਂ ਹੈ। ਇਸ ਦੇ ਬਾਵਜੂਦ ਇਕ ਲੱਖ ਬੋਰੀਆਂ ਮਿੱਟੀ ਭਰ ਕੇ ਰੱਖੀਆਂ ਗਈਆਂ ਹਨ। ਦੋ ਲੱਖ ਬੋਰੀਆਂ ਵਿਚ ਮਿੱਟੀ ਭਰਨ ਦਾ ਕੰਮ ਜਾਰੀ ਹੈ। ਡ੍ਰੋਨ ਜ਼ਰੀਏ ਸਰਕਾਰ ਮੈਪਿੰਗ ਕਰ ਰਹੀ ਹੈ।

ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਵੱਲੋਂ ਹਰਦੀਪ ਮੁੰਡੀਆਂ ਨੂੰ ਨਾ ਪਹਿਚਾਨਣ ਦੇ ਬਿਆਨ 'ਤੇ ਟਿੱਪਣੀ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦੇ ਪ੍ਰਧਾਨ ਨੂੰ ਮੰਤਰੀਆਂ ਨੂੰ ਪਛਾਨਣਾ ਚਾਹੀਦਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਜਦੋਂ ਗੁਰਦਾਸਪੁਰ ਵਿਚ ਆਏ ਸਨ ਉਦੋਂ ਕਾਂਗਰਸ ਛੱਡ ਕੇ ਭਾਜਪਾ ਵਿਚ ਆਏ ਨੇਤਾ ਅੱਗੇ ਸਨ, ਅਸਲੀ ਭਾਜਪਾ ਨੇਤਾ ਤਾਂ ਪਿੱਛੇ ਸਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਇਕ ਲੱਖ ਏਕੜ ਲਈ ਕਣਕ ਦੇ ਬੀਜ ਦੇਣ ਨੂੰ ਲੈ ਕੇ ਮੁੱਖ ਮੰਤਰੀ ਨੇ ਕਿਹਾ ਕਿ ਕਿਤੇ ਉਹ ਤੋਤਾ ਸਿੰਘ ਮਾਰਕਾ ਬੀਜ ਨਾ ਦੇ ਦੇਣ ਕਿਉਂਕਿ (ਸਵਰਗੀ ਸਾਬਕਾ ਖੇਤੀ ਮੰਤਰੀ) ਨੇ ਜਿਹੜੇ ਬੀਜ ਦਿੱਤੇ ਸਨ, ਉਸ ਬੀਜ ਘੁਟਾਲੇ ਦੀ ਜਾਂਚ ਹਾਲੇ ਤੱਕ ਚੱਲ ਰਹੀ ਹੈ।

# ਪੂਰੇ ਦੇਸ਼ 'ਚ ਪਟਾਕਿਆਂ 'ਤੇ ਲੱਗੇ ਪਾਬੰਦੀ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਪਟਾਕਿਆਂ 'ਤੇ ਸਿਰਫ਼ ਦਿੱਲੀ-ਐਨਸੀਆਰ ਵਿਚ ਪਾਬੰਦੀ ਲਾਉਣ '3 ਸਵਾਲ ਚੁੱਕਿਆ ਹੈ। ਚੀਫ ਜਸਟਿਸ ਬੀਆਰ ਗਵਈ ਨੇ ਪਟਾਕਿਆਂ 'ਤੇ ਪੂਰੇ ਦੇਸ਼ ਵਿਚ ਪਾਬੰਦੀ ਲਾਉਣ ਦੀ ਗੱਲ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਜੇਕਰ ਐੱਨਸੀਆਰ ਦੇ ਉੱਚ ਵਰਗ ਲੋਕਾਂ ਨੂੰ ਸਾਫ਼ ਹਵਾ ਦਾ ਅਧਿਕਾਰ ਹੈ ਤਾਂ ਪੂਰੇ ਦੇਸ਼ ਦੇ ਨਾਗਰਿਕਾਂ ਨੂੰ ਕਿਉਂ ਨਹੀਂ? ਉਨ੍ਹਾਂ ਸਾਫ਼ ਕਿਹਾ ਕਿ ਪਟਾਕਿਆਂ ਨੂੰ ਲੈ ਕੇ ਕੋਈ ਵੀ ਨੀਤੀ ਪੂਰੇ ਦੇਸ਼ ਲਈ ਇਕੋ ਜਿਹੀ ਹੋਣੀ ਚਾਹੀਦੀ ਹੈ।



ਸੀ.ਜੇ.ਆਈ. ਬੀ. ਆਰ. ਗਵਈ ਅਤੇ ਜਸਟਿਸ ਕੇ, ਵਿਨੋਦ ਚੰਦਰਨ ਦਾ ਬੈਂਚ ਐੱਨਸੀਆਰ ਵਿਚ ਪਟਾਕਿਆਂ 'ਤੇ ਪਾਬੰਦੀ ਨਾਲ ਸਬੰਧਤ ਪਟੀਸ਼ਨਾਂ 'ਤੇ ਸੁਣਵਾਈ ਕਰ ਰਿਹਾ ਸੀ। ਸੀਜੇਆਈ ਨੇ ਕਿਹਾ ਕਿ ਅਸੀਂ ਸਿਰਫ਼ ਦਿੱਲੀ ਲਈ ਨਿਯਮ ਨਹੀਂ ਬਣਾ ਸਕਦੇ, ਅਜਿਹਾ ਨਹੀਂ ਹੋ ਸਕਦਾ ਕਿ ਦਿੱਲੀ ਦੇ ਲੋਕ ਵਿਸ਼ੇਸ਼ ਹਨ। ਮੈਂ ਪਿਛਲੇ ਸਾਲ ਅੰਮ੍ਰਿਤਸਰ ਵਿਚ ਸੀ, ਉੱਥੋਂ ਦੀ ਹਵਾ ਦਿੱਲੀ ਤੋਂ ਵੀ ਜ਼ਿਆਦਾ ਖ਼ਰਾਬ ਸੀ। ਜੇਕਰ ਪਟਾਕਿਆਂ 'ਤੇ ਪਾਬੰਦੀ ਲਾਉਣੀ ਹੈ ਤਾਂ ਪੂਰੇ ਦੇਸ਼ ਵਿਚ ਲੱਗੇ। ਸੁਣਵਾਈ ਦੌਰਾਨ ਸੁਪਰੀਮ ਕੋਰਟ ਦੀ ਟਿੱਪਣੀ ਦਾ ਸੀਨੀਅਰ ਵਕੀਲ ਅਪਰਾਜਿਤਾ ਸਿੰਘ ਨੇ ਸਮਰਥਨ ਕਰਦੇ ਹੋਏ ਕਿਹਾ ਕਿ ਅਮੀਰ ਲੋਕ ਤਾਂ ਖ਼ੁਦ ਦਾ ਖ਼ਿਆਲ ਰੱਖਦੇ ਹਨ, ਪ੍ਰਦੂਸ਼ਮ ਵਧਦਾ ਹੈ ਤਾਂ ਦਿੱਲੀ ਛੱਡ ਕੇ ਬਾਹਰ ਚਲੇ ਜਾਂਦੇ ਹਨ।ਇਸ ਤੋਂ ਬਾਅਦ ਕੋਰਟ ਨੇ ਦੇਸ਼ ਭਰ 'ਚ ਪਟਾਕਿਆਂ 'ਤੇ ਪਾਬੰਦੀ ਲਾਉਣ ਦੀ ਮੰਗ ਵਾਲੀ ਪਟੀਸ਼ਨ 'ਤੇ ਹਵਾ ਗੁਣਵੱਤਾ ਮੈਨੇਜਮੈਂਟ ਕਮਿਸ਼ਨ ਨੂੰ ਨੋਟਿਸ ਭੇਜਿਆ ਹੈ। ਬੈਂਚ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਵਧੀਕ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਨੂੰ ਕਿਹਾ ਕਿ ਉਹ ਹਵਾ ਗੁਣਵੱਤਾ ਮੈਨੇਜਮੈਂਟ ਕਮਿਸ਼ਨ ਤੋਂ ਇਸ ਮੁੱਦੇ 'ਤੇ ਇਕ ਵਿਸਥਾਰਤ ਰਿਪੋਰਟ ਪ੍ਰਾਪਤ ਕਰਨ। ਕਾਨੂੰਨ ਅਧਿਕਾਰੀ ਨੇ ਕਿਹਾ ਕਿ ਰਾਸ਼ਟਰੀ ਵਾਤਾਵਰਣ ਇੰਜੀਨੀਅਰਿੰਗ ਖੋਜ ਸੰਸਥਾਨ ਪ੍ਰਦੂਸ਼ਣ ਘੱਟ ਕਰਨ ਲਈ ਹਰੇ ਪਟਾਕਿਆਂ ਦੇ ਪ੍ਰਯੋਗ ਦੀ ਜਾਂਚ ਕਰ ਰਿਹਾ ਹੈ। ਪਟਾਕਾ ਨਿਰਮਾਤਾਵਾਂ ਵੱਲੋਂ ਪੇਸ਼ ਵਕੀਲ ਨੇ ਨੀਰੀ ਨੂੰ ਮੰਨਣਯੋਗ ਰਸਾਇਣਕ ਨੂੰ ਨਿਰਧਾਰਤ ਕਰਨ ਦਾ ਸੁਝਾਅ ਦਿੱਤਾ ਜਿਨ੍ਹਾਂ ਨੂੰ ਉਦਯੋਗ ਪਟਾਕਿਆਂ ਦੇ ਡਿਜ਼ਾਇਨ ਵਿਚ ਸ਼ਾਮਲ ਕਰ ਸਕੇਗਾ।

## ਮੈਨੀਟੋਬਾ ਵਿਚ ਗਿਆਨੀ ਗੁਰਮੁਖ ਸਿੰਘ ਸਰੋਏ ਦਾ ਸਨਮਾਨ

ਵਿਨੀਪੈਗ: ਬੀਤੇ ਦਿਨੀਂ ਇਕ ਸਮਾਗਮ ਦੌਰਾਨ ਮੈਨੀਟੋਬਾ ਦੇ ਪ੍ਰੀਮੀਅਰ ਵਾਬ ਕੀਨਿਊ ਵੱਲੋਂ ਪੰਜਾਬੀ ਭਾਈਚਾਰੇ ਦੀ ਮਾਣਮੱਤੀ



ਸ਼ਖ਼ਸੀਅਤ ਗਿਆਨੀ ਗੁਰਮੁਖ ਸਿੰਘ ਸਰੋਏ ਨੂੰ ਸਮਾਜਿਕ, ਸਿੱਖਿਆ ਅਤੇ ਧਾਰਮਿਕ ਖੇਤਰ ਵਿਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।

ਇਹ ਜਾਣਕਾਰੀ ਦਿੰਦਿਆਂ ਰਾਜਿੰਦਰ ਸਿੰਘ ਪੰਧੇਰ ਨੇ ਦੱਸਿਆ ਕਿ ਗੁਰਮੁਖ ਸਿੰਘ ਸਰਾਏ ਪਿਛਲੇ 50 ਸਾਲ ਤੋਂ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਅਤੇ ਕੀਰਤਨ ਦੀਆਂ ਸੇਵਾਵਾਂ ਨਿਭਾ ਰਹੇ ਹਨ। ਉਹ ਜ਼ਿਲ੍ਹਾ ਮੋਗਾ ਦੇ ਪਿੰਡ ਢੁੱਡੀਕੇ ਦੇ ਜੰਮਪਲ ਹਨ ਅਤੇ ਪੰਜਾਬ ਵਿਚ ਅਧਿਆਪਕ ਵੀ ਰਹੇ ਹਨ। ਉਹ ਗੁਰਦੁਆਰਾ ਸਾਹਿਬ ਦੀ ਪੰਜ ਮੈਂਬਰੀ ਕੌਂਸਲ ਦੇ ਚੇਅਰਮੈਨ ਹਨ। ਸ. ਪੰਧੇਰ ਨੇ ਇਸ ਸਨਮਾਨ ਲਈ ਗੁਰਮੁਖ ਸਿੰਘ ਸਰੋਏ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਵੱਲੋਂ ਭਾਈਚਾਰੇ ਲਈ ਕੀਤੇ ਜਾ ਰਹੇ ਸੇਵਾ ਕਾਰਜਾਂ ਸਦਕਾ ਭਾਈਚਾਰਾ ਉਨ੍ਹਾਂ ਦਾ ਹਮੇਸ਼ਾ ਰਿਣੀ ਰਹੇਗਾ ਅਤੇ ਨੌਜਵਾਨ ਪੀੜ੍ਹੀ ਉਨ੍ਹਾਂ ਦੇ ਜੀਵਨ ਅਤੇ ਕਾਰਜਾਂ ਤੋਂ ਸੇਧ ਲੈ ਕੇ ਚੰਗੇਰਾ ਸਮਾਜ ਸਿਰਜਣ ਲਈ ਪ੍ਰੇਰਿਤ ਹੋਵੇਗੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿੱਖ ਸੁਸਾਇਟੀ ਆਫ ਮੈਨੀਟੋਬਾ ਵੱਲੋਂ ਵੀ ਗਿਆਨੀ ਗੁਰਮੁਖ ਸਿੰਘ ਸਰੋਏ ਨੂੰ ਸੁਨਹਿਰੀ ਮਾਣ ਪੱਤਰ ਨਾਲ ਨਿਵਾਜਿਆ ਗਿਆ। ਇਹ ਸਨਮਾਨ ਮਿਲਣ 'ਤੇ ਸ. ਸਰੋਏ ਦਾ ਕਹਿਣਾ ਸੀ ਕਿ ਸਾਨੂੰ ਈਮਾਨਦਾਰੀ ਅਤੇ ਮਿਹਨਤ ਨਾਲ ਆਪਣਾ ਹਰ ਕਾਰਜ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਮਨੁੱਖ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਅਨੁਸਾਰ ਕਿਰਤ ਕਰਨ, ਵੰਡ ਕੇ ਛਕਣ ਅਤੇ ਨਾਮ ਜਪਣ ਉਪਰ ਪਹਿਰਾ ਦੇਣਾ ਚਾਹੀਦਾ ਹੈ।

# ਭਗਵੰਤ ਮਾਨ ਦੇ ਕੇਂਦਰ ਪ੍ਰਤੀ ਸੁਰ ਨਰਮ; ਪ੍ਰਧਾਨ ਮੰਤਰੀ ਨੂੰ ਮਿਲਣਗੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਹੜ੍ਹ ਰਾਹਤ ਲਈ 1600 ਕਰੋੜ ਰੁਪਏ ਦੇ ਪੈਕੇਜ ਦੇਣ ਨੂੰ ਲੈ ਕੇ ਨਿੰਦਾ ਕਰ ਰਹੀ ਹੈ, ਪਰ ਮੁੱਖ ਮੰਤਰੀ ਭਗਵੰਤ ਮਾਨ ਦਾ ਰਵੱਈਆ ਕੇਂਦਰ ਪ੍ਰਤੀ ਨਰਮ ਹੋ ਗਿਆ ਹੈ। ਹੁਣ ਤੱਕ ਪ੍ਰਧਾਨ ਮੰਤਰੀ ਜਾਂ ਕੇਂਦਰ ਸਰਕਾਰ ਕੋਲ ਫੰਡ ਲੈਣ ਲਈ ਨਹੀਂ ਜਾਣ ਦੀ ਗੱਲ ਕਰਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਨੇ ਹੁਣ ਅਗਲੇ ਦਿਨਾਂ 'ਚ ਪ੍ਰਧਾਨ। ਮੰਤਰੀ ਅਤੇ ਵਿੱਤ ਮੰਤਰੀ ਨੂੰ ਮਿਲਣ ਦੀ ਗੱਲ ਕਹੀ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਮਿਲਣ ਜਾਣ ਦਾ ਖੁਲਾਸਾ ਕੀਤਾ ਹੈ।

ਹਸਪਤਾਲ ਤੋਂ ਛੁੱਟੀ ਮਿਲਣ ਉਪਰੰਤ ਮੁੱਖ ਮੰਤਰੀ ਨੇ ਆਪਣੀ ਰਿਹਾਇਸ਼ 'ਤੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਮੀਟਿੰਗ ਕੀਤੀ, ਜਦਕਿ ਸੂਬੇ ਦੇ ਡਿਪਟੀ ਕਮਿਸ਼ਨਰ ਵਰਚੂਅਲ ਮੀਟਿੰਗ ਵਿਚ ਸ਼ਾਮਲ ਹੋਏ। ਮੀਟਿੰਗ 'ਚ ਲਏ ਫੈਸਲਿਆਂ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹੋਰਨਾਂ ਸਿਆਸੀ ਆਗੂਆਂ 'ਤੇ ਤਿੱਖੇ ਹਮਲੇ ਕੀਤੇ, ਪਰ ਕੇਂਦਰ ਸਰਕਾਰ ਤੇ ਪ੍ਰਧਾਨ ਮੰਤਰੀ ਵਿਰੁੱਧ ਉਨ੍ਹਾਂ ਕੋਈ ਟਿੱਪਣੀ ਨਹੀਂ ਕੀਤੀ।

ਇੱਥੇ ਦੱਸਿਆ ਜਾਂਦਾ ਹੈ ਕਿ ਪ੍ਰਧਾਨ ਮੰਤਰੀ 9 ਸਤੰਬਰ ਨੂੰ ਪੰਜਾਬ ਦੌਰੇ 'ਤੇ ਆਏ ਸਨ। ਮੁੱਖ ਮੰਤਰੀ ਬੀਮਾਰ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ। ਪ੍ਰਧਾਨ ਮੰਤਰੀ ਨੇ ਹੜ੍ਹ ਰਾਹਤ ਲਈ 1600 ਕਰੋੜ ਰੁਪਏ ਦੇ ਰਾਹਤ ਪੈਕੇਜ ਦਾ ਐਲਾਨ ਕੀਤਾ ਪਰ ਨਾਲ ਹੀ ਸੂਬਾ ਸਰਕਾਰ ਕੋਲ ਆਫ਼ਤ ਪ੍ਰਬੰਧਨ ਫੰਡ ਵਿਚ 12 ਹਜ਼ਾਰ ਕਰੋੜ ਰੁਪਏ ਹੋਣ ਦੀ ਗੱਲ ਕਹੀ ਸੀ। ਪ੍ਰਧਾਨ ਮੰਤਰੀ ਦੇ ਇਸ ਬਿਆਨ ਨਾਲ ਸੂਬੇ ਵਿਚ ਸਿਆਸੀ ਪਾਰਾ ਚੜ੍ਹ ਗਿਆ ਭ ਅਤੇ 'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ ਸਮੇਤ ਕੈਬਨਿਟ ਮੰਤਰੀਆਂ ਨੇ ਰਾਹਤ ਪੈਕੇਜ ਨੂੰ ਨਾਕਾਫ਼ੀ ਦੱਸਦਿਆਂ ਪ੍ਰਧਾਨ ਮੰਤਰੀ ਦੀ ਤਿੱਖੀ ਆਲੋਚਨਾ ਕੀਤੀ। ਜਦਕਿ ਵਿਰੋਧੀ ਧਿਰਾਂ ਨੇ 12 ਹਜ਼ਾਰ ਕਰੋੜ ਰੁਪਏ ਦੇ ਫੰਡ ਦੀ ਦੁਰਵਰਤੋਂ ਨੂੰ ਲੈ ਕੇ ਹੁਕਮਰਾਨ ਧਿਰ ਨੂੰ ਘੇਰ ਲਿਆ। ਮੁੱਖ ਮੰਤਰੀ ਤੋਂ ਪੁੱਛਿਆ ਗਿਆ ਕਿ ਰਾਜਪਾਲ ਗੁਲਾਬ ਚੰਦ ਕਟਾਰੀਆ ਕਹਿ ਰਹੇ ਹਨ ਕਿ 1600 ਕਰੋੜ ਰੁਪਏ ਤੁਰੰਤ ਰਾਹਤ ਵਜੋਂ ਪ੍ਰਾਪਤ ਹੋਏ ਹਨ ਤਾਂ ਉਨ੍ਹਾਂ ਕਿਹਾ ਕਿ ਚੰਗੀ ਗੱਲ ਹੈ। ਪੰਜਾਬ ਨੇ ਬਹੁਤ ਦੁੱਖ ਝੱਲਿਆ ਹੈ। ਮੁੱਖ ਮੰਤਰੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਕੇਂਦਰ ਸਰਕਾਰ ਤੋਂ ਸਮਾਂ ਲੈ ਰਹੇ ਹਨ। ਜਲਦੀ ਉਹ ਸਾਰੀਆਂ ਰਿਪੋਰਟਾਂ ਲੈ ਕੇ ਪ੍ਰਧਾਨ ਮੰਤਰੀ ਗ੍ਰਹਿ ਮੰਤਰੀ ਜਾਂ ਵਿੱਤ ਮੰਤਰੀ ਨੂੰ ਮਿਲਣ ਲਈ ਦਿੱਲੀ ਜਾਣਗੇ। ਇਸੇ ਦੌਰਾਨ 12 ਹਜ਼ਾਰ ਕਰੋੜ ਰੁਪਏ ਦੇ ਰਾਜ ਆਫ਼ਤ ਪ੍ਰਬੰਧਨ ਫੰਡ ਬਾਰੇ ਉਠਾਏ ਗਏ ਸਵਾਲ ਦੇ ਜਵਾਬ 'ਚ ਮੁੱਖ ਮੰਤਰੀ ਨੇ ਆਪਣੇ ਕਾਰਜਕਾਲ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅਪ੍ਰੈਲ 2022 ਤੋਂ ਹੁਣ ਤੱਕ 1582 ਕਰੋੜ ਰੁਪਏ ਆਏ ਹਨ। ਜਿਸ ਵਿੱਚੋਂ 649 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਮੁੱਖ ਮੰਤਰੀ 2022 ਤੋਂ ਪਹਿਲਾਂ ਦੇ ਫੰਡਾਂ ਬਾਰੇ ਸਥਿਤੀ ਸਪਸ਼ਟ ਨਾ ਕਰ ਸਕੇ ਤਾਂ ਮੁੱਖ ਸਕੱਤਰ ਕੇਏਪੀ. ਸਿਨਹਾ ਨੇ ਮੋਰਚਾ ਸੰਭਾਲਦੇ ਹੋਏ ਕਿਹਾ ਕਿ ਐਸ.ਡੀ. ਆਰ.ਐਫ, ਕੈਂਪਾ ਅਤੇ ਜੀ.ਪੀ.ਐਫ. ਜਨਤਕ ਫੰਡ ਹਨ। ਸੂਬਾ ਸਰਕਾਰ ਤਾਂ ਬੈਂਕਰ ਹੈ।

ਪੰਜਾਬ ਟਾਈਮਜ਼

20 ਸਤੰਬਰ, ਸ਼ਨਿਚਰਵਾਰ

# ਰਾਹੁਲ ਗਾਂਧੀ ਦਾ ਪੰਜਾਬ ਦੌਰਾ

*ਪੰਜਾਬ ਵਿਚ ਮੀਂਹਾਂ ਨੂੰ ਮੋੜਾ ਪੈਣ, ਹੜ੍ਹਾਂ ਦੇ ਤਬਾਹੀ ਮਚਾ ਕੇ ਹੌਲੀ-ਹੌਲੀ ਪਰਤ ਜਾਣ ਦੇ ਦਿਨਾਂ ਵਿਚ ਪਹਿਲਾਂ ਕੇਜਰੀਵਾਲ, ਫੇਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੁਣ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੇ ਆਗੂ ਕਾਂਗਰਸੀ ਸਾਂਸਦ ਰਾਹੁਲ ਗਾਂਧੀ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਂਗ ਹੀ ਰਾਹੁਲ ਗਾਂਧੀ ਦਾ ਦੌਰਾ ਵੀ ਗੁਰਦਾਸਪੁਰ ਅਤੇ ਪਠਾਨਕੋਟ ਦੇ ਆਲੇ-ਦੁਆਲੇ ਦੇ ਪਿੰਡਾਂ ਤੱਕ ਹੀ ਕੇਂਦਰਿਤ ਰਿਹਾ।*

*ਰਾਹੁਲ ਗਾਂਧੀ ਵਲੋਂ ਹੜ੍ਹ ਪ੍ਰਭਾਵਿਤ ਖੇਤਰ ਦੀਨਾਨਗਰ ਦੇ ਮਕੌੜਾ ਪੱਤਣ ਦਾ ਵੀ ਦੌਰਾ ਕੀਤਾ ਗਿਆ। ਉਨ੍ਹਾਂ ਦਰਿਆ ਰਾਵੀ ਤੋਂ ਪਾਰ ਪੈਂਦੇ 7 ਪਿੰਡਾਂ ਅੰਦਰ ਲੋਕਾਂ ਦਾ ਹਾਲ ਜਾਣਨ ਲਈ ਇੱਛਾ ਜਤਾਈ ਪਰ ਗੁਰਦਾਸਪੁਰ ਪ੍ਰਸ਼ਾਸਨ ਅਤੇ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਵਲੋਂ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ ਉਨ੍ਹਾਂ ਨੂੰ ਮਕੌੜਾ ਪੱਤਣ ਰਾਵੀ ਦਰਿਆ ਤੋਂ ਪਾਰ ਜਾਣ ਤੋਂ ਰੋਕ ਦਿੱਤਾ ਗਿਆ। ਰਾਹੁਲ ਗਾਂਧੀ ਅਤੇ ਉਨ੍ਹਾਂ ਨਾਲ ਪਹੁੰਚੇ ਵੱਡੇ ਆਗੂਆਂ ਦੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਬਹਿਸਬਾਜ਼ੀ ਵੀ ਹੋਈ। ਰਾਹੁਲ ਗਾਂਧੀ ਨੇ ਕਿਹਾ ਕਿ ਉਹ ਰਾਵੀ ਦਰਿਆ ਪਾਰ ਵਸਦੇ ਪਿੰਡ ਦੇ ਲੋਕਾਂ ਨੂੰ ਮਿਲਣਾ ਚਾਹੁੰਦੇ ਹਨ ਅਤੇ ਉਨ੍ਹਾਂ ਦਾ ਹਾਲ ਜਾਣਨਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਇਹ ਸਮਝ ਨਹੀਂ ਆ ਰਹੀ ਕਿ ਉਨ੍ਹਾਂ ਨੂੰ ਕਿਉਂ ਰੋਕਿਆ ਜਾ ਰਿਹਾ ਹੈ?*

*ਰਾਹੁਲ ਗਾਂਧੀ ਨਾਲ ਪਹੁੰਚੇ ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਰਾਹੁਲ ਗਾਂਧੀ ਲੋਕਾਂ ਨੂੰ ਮਿਲਣਾ ਚਾਹੁੰਦੇ ਸਨ, ਪਰ ਪੰਜਾਬ ਸਰਕਾਰ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਨਾਲ ਉਨ੍ਹਾਂ ਨੂੰ ਰਾਵੀ ਦਰਿਆ ਦੇ ਕੰਢੇ ਜਾਣ ਤੋਂ ਰੋਕ ਦਿੱਤਾ। ਪ੍ਰਸ਼ਾਸਨ ਨੇ ਉਨ੍ਹਾਂ ਨੂੰ ਅੱਗੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਸੂਬਾ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੁਸ਼ਟੀ ਕੀਤੀ ਕਿ ਰਾਵੀ ਦਰਿਆ ਪਾਰ ਜਾਣ ਦਾ ਮਾਮਲਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੱਕ ਪੁੱਜ ਗਿਆ ਜਿਨ੍ਹਾਂ ਨੇ ਮੱਲਿਕਾਰਜੁਨ ਖੜਗੇ ਨਾਲ ਗੱਲ ਕੀਤੀ। ਖੜਗੇ ਦੇ ਫੋਨ ਤੋਂ ਬਾਅਦ ਰਾਹੁਲ ਨੇ ਰਾਵੀ ਪਾਰ ਜਾਣ ਦਾ ਪ੍ਰੋਗਰਾਮ ਰੱਦ ਕੀਤਾ। ਅਖ਼ੀਰ ਮੌਕੇ 'ਤੇ ਵੱਡੀ ਗਿਣਤੀ 'ਚ ਮੌਜੂਦ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨਾਲ ਰਾਹੁਲ ਗਾਂਧੀ ਨੇ ਗੱਲਬਾਤ ਕੀਤੀ। ਉਨ੍ਹਾਂ ਦੀਆਂ ਤਕਲੀਫ਼ਾਂ ਤੇ ਮੁਸ਼ਕਲਾਂ ਸੁਣੀਆਂ। ਸਭ ਤੋਂ ਪਹਿਲਾਂ ਉਹ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਰਮਦਾਸ ਦੇ ਪਿੰਡਾਂ ਘੋਨੇਵਾਲ ਤੇ ਮਾਛੀਵਾਲ ਗਏ। ਉੱਥੇ ਰਾਹੁਲ ਨੇ ਸੱਤ ਹੜ੍ਹ ਪਭਾਵਿਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ।*

*ਇਨ੍ਹਾਂ ਤਿੰਨਾਂ ਦੌਰਿਆਂ ਦਾ ਲੇਖਾ-ਜੋਖਾ ਕਰੀਏ ਤਾਂ ਕੇਜਰੀਵਾਲ ਦਾ ਦੌਰਾ ਮੁੱਖ ਮੰਤਰੀ ਦੇ ਬਿਹਾਰ ਜਾਣ ਕਾਰਨ ਅਣਗੌਲਿਆ ਹੋ ਗਿਆ, ਪ੍ਰਧਾਨ ਮੰਤਰੀ ਦਾ ਦੌਰਾ ਰਾਹਤ ਰਾਸ਼ੀ ਘੱਟ ਦਿੱਤੇ ਜਾਣ ਕਾਰਨ ਵਿਵਾਦਾਂ ਵਿਚ ਘਿਰ ਗਿਆ ਅਤੇ ਰਾਹੁਲ ਗਾਂਧੀ ਦਾ ਦੌਰਾ ਪ੍ਰਸ਼ਾਸਨ ਨਾਲ ਪੇਚੇ ਕਰਕੇ ਵਧੇਰੇ ਚਰਚਾ ਵਿਚ ਰਿਹਾ। ਰਾਹੁਲ ਗਾਂਧੀ ਦੇ ਇਸ ਦੌਰੇ ਨਾਲ ਪੰਜਾਬ ਵਿਚ ਨਵੀਂ ਕ੍ਰੈਡਿਟ ਵਾਰ ਸ਼ੁਰੂ ਹੋ ਗਈ ਹੈ ਅਤੇ ਸਿਆਸੀ ਪਾਰਾ ਨਵੇਂ ਸਿਰੇ ਤੋਂ ਚੜ੍ਹਣ ਦੇ ਆਸਾਰ ਬਣ ਗਏ ਹਨ। ਹਾਲਾਂਕਿ ਮਾਨਸੂਨ ਦੇ ਖ਼ਤਮ ਹੋਣ ਦੀ ਸੰਭਾਵਨਾ ਬਣ ਗਈ ਹੈ। ਦਰਿਆਵਾਂ ਦੇ ਪਾਣੀਆਂ ਦੇ ਉਛਾਲੇ ਵੀ ਘਟ ਰਹੇ ਹਨ।*

*ਪੰਜਾਬ ਦੀਆਂ ਵੱਖ-ਵੱਖ ਥਾਵਾਂ 'ਤੇ ਲੱਖਾਂ ਏਕੜ ਵਿਚ ਪਾਣੀ ਭਰਿਆ ਰਿਹਾ ਹੈ। ਫ਼ਸਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਹਨ ਅਤੇ ਜ਼ਮੀਨਾਂ 'ਤੇ ਰੇਤਾ ਅਤੇ ਗਾਰ ਵਿਛ ਗਈ ਹੈ। ਆਉਂਦੀ ਫ਼ਸਲ ਲਈ ਇਨ੍ਹਾਂ ਜ਼ਮੀਨਾਂ ਨੂੰ ਮੁੜ ਤਿਆਰ ਕਰਨਾ ਬੇਹੱਦ ਮੁਸ਼ਕਿਲ ਜਾਪਦਾ ਹੈ। ਮਹੀਨੇ ਭਰ ਤੋਂ ਵੀ ਉੱਪਰ ਸਮੇਂ ਤੱਕ ਇਨ੍ਹਾਂ ਹੜ੍ਹਾਂ ਨੇ ਬਹੁਤ ਸਾਰੇ ਲੋਕਾਂ ਨੂੰ ਘਰੋਂ ਬੇਘਰ ਕਰੀ ਰੱਖਿਆ ਸੀ। ਇਸ ਸੰਕਟ ਦੀ ਘੜੀ ਵਿਚ ਜਿਸ ਤਰ੍ਹਾਂ ਪੰਜਾਬ ਦੀਆਂ ਹੀ ਨਹੀਂ ਸਗੋਂ ਦੇਸ਼-ਵਿਦੇਸ਼ ਦੀਆਂ ਸਮਾਜ ਸੇਵੀ ਸੰਸਥਾਵਾਂ ਨੇ ਵੱਖ-ਵੱਖ ਤਰ੍ਹਾਂ ਦੀਆਂ ਖਾਣ-ਪੀਣ ਦੀਆਂ ਵਸਤਾਂ ਅਤੇ ਅਸਥਾਈ ਠਾਹਰਾਂ 'ਤੇ ਪ੍ਰਭਾਵਤ ਲੋਕਾਂ ਦੇ ਜੀਵਨ ਨੂੰ ਸੌਖਾ ਬਣਾਉਣ ਲਈ ਲੋਕਾਂ ਵਿਚ ਰਾਹਤ ਸਮੱਗਰੀ ਵੰਡੀ, ਉਹ ਸਭ ਕੁਝ ਜ਼ਰੂਰ ਹੈਰਾਨ ਕਰ ਦੇਣ ਵਾਲਾ ਸੀ। ਜਿਸ ਲਗਨ ਅਤੇ ਸਮਰਪਣ ਨਾਲ ਇਹ ਕੰਮ ਕੀਤਾ ਗਿਆ ਉਹ ਵਿਸ਼ਵਾਸ ਵੀ ਪੈਦਾ ਕਰਦਾ ਹੈ। ਅਜਿਹੀ ਭਾਵਨਾ ਦੁਖ ਅਤੇ ਦਰਦ ਨੂੰ ਘਟਾਉਂਦੀ ਹੈ ਅਤੇ ਵਿਸ਼ਵਾਸ ਪੈਦਾ ਕਰਦੀ ਹੈ। ਦੇਸ਼ ਅਤੇ ਵਿਦੇਸ਼ ਦੀਆਂ ਸਮਾਜ ਸੇਵੀ ਸੰਸਥਾਵਾਂ ਨੇ ਵੀ ਪੰਜਾਬ ਦੇ ਪਹਿਰੂਆਂ ਨਾਲ ਰਲ ਕੇ ਇਸ ਯੱਗ ਦੇ ਪ੍ਰਭਾਵ ਨੂੰ ਵਧਾਇਆ। ਕਲਾਕਾਰ ਵੀ ਜ਼ਮੀਨ 'ਤੇ ਉੱਤਰ ਕੇ ਵੱਧ ਤੋਂ ਵੱਧ ਮਦਦ ਤੇ ਸਹਿਯੋਗ ਲਈ ਸਾਹਮਣੇ ਆਏ।*

*ਅਨੇਕਾਂ ਪੱਧਰਾਂ 'ਤੇ ਸ਼ੁਰੂ ਕੀਤੇ ਗਏ ਰਾਹਤ ਫੰਡਾਂ ਵਿਚ ਲੋਕਾਂ ਨੇ ਖੁੱਲ੍ਹੇ ਦਿਲ ਨਾਲ ਮਾਇਕ ਸਹਾਇਤਾ ਦਿੱਤੀ ਹੈ। ਹਰਿਆਣਾ ਅਤੇ ਦਿੱਲੀ ਦੀਆਂ ਸਰਕਾਰਾਂ ਨੇ ਵੀ ਵੱਡੀ ਮਾਇਕ ਸਹਾਇਤਾ ਭੇਜੀ। ਕੇਂਦਰ ਸਰਕਾਰ ਦੀਆਂ ਬਹੁਤ ਸਾਰੀਆਂ ਟੀਮਾਂ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ। ਇਸ ਸਮੁੱਚੇ ਪਿਛੋਕੜ ਵਿਚ ਪੰਜਾਬ ਸਰਕਾਰ ਨੇ ਨੁਕਸਾਨ ਤੋਂ ਬਾਅਦ ਪੁਨਰ ਨਿਰਮਾਣ ਲਈ ਲਗਾਤਾਰ ਆਪਣੀ ਪ੍ਰਤੀਬੱਧਤਾ ਦਿਖਾਈ ਹੈ। ਇਸ ਤੋਂ ਇਹ ਉਮੀਦ ਜ਼ਰੂਰ ਬੱਝਦੀ ਹੈ ਕਿ ਸਾਂਝੇ ਯਤਨਾਂ ਨਾਲ ਛੇਤੀ ਤੋਂ ਛੇਤੀ ਸੂਬੇ ਦੇ ਪ੍ਰਭਾਵਿਤ ਇਲਾਕਿਆਂ ਵਿਚ ਪੁਨਰ ਨਿਰਮਾਣ ਦੀਆਂ ਯੋਜਨਾਵਾਂ ਸ਼ੁਰੂ ਹੋ ਜਾਣਗੀਆਂ। ਇਸ ਵਿਚ ਪੰਜਾਬ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ ਨੂੰ ਵੀ ਵੱਧ ਤੋਂ ਵੱਧ ਮਾਇਕ ਮਦਦ ਕਰਨ ਦੀ ਜ਼ਰੂਰਤ ਹੋਵੇਗੀ, ਤਾਂ ਜੋ ਪ੍ਰਭਾਵਿਤ ਹੋਏ ਜੀਵਨ ਨੂੰ ਮੁੜ ਲੀਹਾਂ 'ਤੇ ਲਿਆਂਦਾ ਜਾ ਸਕੇ ਅਤੇ ਪੰਜਾਬ ਇਕ ਵਾਰ ਫੇਰ ਖੁਸ਼ਹਾਲ ਦਿਸਣਾ ਸ਼ੁਰੂ ਹੋ ਜਾਵੇ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਵੀ-ਓ-ਵਾਚ !

*ਨੇਕੀ-ਬਦੀ ਦੀ ਚਲਦੀ ਜੰਗ ਮੁੱਢੋਂ, ਜਿੱਤ ਸੱਚ ਦੀ ਹੁੰਦੀ ਦਿਖਾਈ ਜਾਨਾਂ!*
*ਨੀਂਦ ਅੱਖਾਂ 'ਚੋਂ ਮੁੱਕੇ ਅਗਿਆਨ ਦੀ, ਵਾਹ ਲੱਗਦੀ ਦੇਈ ਦੁਹਾਈ ਜਾਨਾਂ!*
*ਬੇਈਮਾਨ ਮਲਾਹਾਂ ਤੋਂ ਫੜੋ ਚੱਪੂ, ਤਾਣ ਲਾਇਕੇ ਰੌਲਾ ਇਹ ਪਾਈ ਜਾਨਾਂ!*
*ਕਰਦੀ ਕੰਮ ਕਿਰਪਾਨ ਦਾ ਕਲਮ ਕਹਿੰਦੇ, ਏਹੀ ਸੋਚ ਕੇ ਲਿਖੀ ਲਿਖਾਈ ਜਾਨਾਂ!*

# ਪੰਜਾਬ ਵੱਲ ਪਿੱਠ ਕਰਨ ਦਾ ਨਹੀਂ, ਪੰਜਾਬ ਨੂੰ ਹਿੱਕ ਨਾਲ ਲਾਉਣ ਦਾ ਵੇਲਾ

ਆਓ ਪਹਿਲਾਂ ਪੰਜਾਬ ਦੇ ਸਿਆਸੀ ਹਾਲਾਤ ਵੱਲ ਵੇਖੀਏ:

ਕਦੇ ਪੰਜਾਬ ਦੀ ਪ੍ਰਮੁੱਖ ਸਿਆਸੀ ਧਿਰ ਗਿਣਿਆ ਜਾਣ ਵਾਲਾ ਸ਼੍ਰੋਮਣੀ ਅਕਾਲੀ ਦਲ ਅੱਜ ਅੰਦਰੂਨੀ ਕਾਟੋ-ਕਲੇਸ਼ ਕਾਰਨ ਖ਼ਤਰਨਾਕ ਤੌਰ 'ਤੇ ਟੁੱਟ ਚੁੱਕਾ ਹੈ। ਇੱਕ ਧਿਰ ਗਿਆਨੀ ਹਰਪ੍ਰੀਤ ਸਿੰਘ ਨਾਲ ਬੱਝੀ ਹੈ। ਦੂਜੀ 'ਤੇ ਸੁਖਬੀਰ ਸਿੰਘ ਬਾਦਲ ਦਾ ਕਬਜ਼ਾ ਹੈ ਅਤੇ ਤੀਜੀ ਧਿਰ ਸਿੱਖ ਰਾਜਨੀਤੀ ਦੀ ਤਾਕਤ ਦੇ ਰੂਪ ਵਿਚ ਅੱਗੇ ਵਧ ਰਹੇ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਹੈ। ਇਹ ਸਾਰੀਆਂ ਧਿਰਾਂ ਨਵੀਂ ਦਿੱਲੀ ਦੇ ਵਿਰੋਧ ਵਿਚ ਖੜ੍ਹੀਆਂ ਹਨ। ਪਰ ਇਹ ਸਿੱਖ ਵੋਟ ਆਪੋ-ਆਪਣੇ ਫ਼ਾਇਦਿਆਂ, ਮੁੱਦਿਆਂ ਨੂੰ ਲੈ ਕੇ ਵੰਡੀ ਹੋਈ ਨਜ਼ਰ ਆਉਂਦੀ ਹੈ।

ਭਾਜਪਾ ਇੱਕ ਲਗਾਤਾਰ ਚੋਣ ਲੜਨ ਵਾਲੀ ਸੈਨਾ ਵਾਂਗ ਹੈ ਅਤੇ ਪੰਜਾਬ ਵਿਚ ਸਰਗਰਮ ਹੈ। ਉਸ ਦੇ ਨੇਤਾ ਸੋਚਦੇ ਹਨ ਕਿ ਜੇਕਰ ਸਿੱਖ ਵੋਟ ਤਿੰਨ ਹਿੱਸਿਆਂ-ਸ਼੍ਰੋਮਣੀ ਅਕਾਲੀ ਦਲ (ਦੋਵੇਂ ਧੜੇ), ਕਾਂਗਰਸ ਅਤੇ ਗਰਮ ਖਿਆਲੀਆਂ ਦਰਮਿਆਨ ਵੰਡੀ ਜਾਏ ਤਾਂ ਉਹ ਇਕੱਲਿਆਂ ਸੱਤਾ ਹਾਸਲ ਕਰ ਸਕਦੀ ਹੈ।

ਹਿੰਦੂ-ਮੁਸਲਿਮ ਧਰੁਵੀਕਰਨ ਦੇ ਜ਼ਰੀਏ ਜਿੱਤਣਾ ਖ਼ਾਸ ਕਰਕੇ ਉੱਥੇ, ਜਿੱਥੇ ਮੁਸਲਮਾਨ ਘੱਟ ਗਿਣਤੀ ਵਿਚ ਹਨ, ਭਾਜਪਾ ਦੀ ਰਣਨੀਤੀ ਹੈ ਪਰ ਪੰਜਾਬ 'ਚ ਸਥਿਤੀ ਬਿਲਕੁਲ ਵੱਖਰੀ ਹੈ। ਇੱਥੇ ਸਿੱਖ ਬਹੁਮਤ ਵਿਚ ਹਨ।

ਪਿਛਲੀਆਂ ਲੋਕ ਸਭਾ ਚੋਣਾਂ ਵਿਚ ਵੀ ਅਕਾਲੀਆਂ ਦਾ ਪ੍ਰਦਰਸ਼ਨ ਇਸ ਲਈ ਇੰਨਾ ਖ਼ਰਾਬ ਰਿਹਾ ਸੀ, ਕਿਉਂਕਿ ਉਨ੍ਹਾਂ ਦਾ ਅੱਧਾ ਵੋਟ, ਲਗਭਗ 13 ਫ਼ੀਸਦੀ ਗਰਮ ਖਿਆਲੀਆਂ ਨੇ ਹਥਿਆ ਲਿਆ। ਚਾਹੇ ਕਿਸੇ ਨੂੰ ਪਸੰਦ ਆਵੇ ਜਾਂ ਨਾ ਆਵੇ ਲੇਕਿਨ ਪੰਜਾਬ ਗਰਮ ਖਿਆਲੀਆਂ ਦੀ ਹਰਮਨ-ਪਿਆਰਤਾ ਬਣ ਚੁੱਕਿਆ ਹੈ। ਲੋਕਾਂ ਦਾ ਅਕਾਲੀਆਂ ਤੋਂ ਮੋਹ-ਭੰਗ ਵਧ ਰਿਹਾ ਹੈ। ਭਾਜਪਾ ਨੂੰ ਧਰੁਵੀਕਰਨ ਵਾਲੀ ਪਾਰਟੀ ਦੇ ਰੂਪ ਵਿਚ ਵੇਖਿਆ ਜਾ ਰਿਹਾ ਹੈ।


ਭਾਜਪਾ ਸਭ ਕੁਝ ਜਿੱਤਣ ਦੀ ਸੋਚ ਰੱਖਦੀ ਹੈ। ਪੰਜਾਬ ਦੀ ਉਸ ਤੋਂ ਦੂਰੀ ਭਾਜਪਾ ਨੂੰ ਪ੍ਰੇਸ਼ਾਨ ਕਰ ਰਹੀ ਹੈ। ਹੁਣ ਤੱਕ ਇੱਕ ਵੇਰ ਹੀ ਉਹ ਸੱਤਾ ਵਿਚ ਆਈ ਹੈ, ਉਹ ਵੀ ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝੀਦਾਰ ਬਣ ਕੇ। ਇਹ ਕਦਮ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ 1990 ਦੇ ਦਹਾਕੇ 'ਚ ਉਠਾਇਆ ਸੀ, ਪਰ ਮੌਜੂਦਾ ਹਾਕਮਾਂ ਨੇ ਇਹ ਗੱਠਜੋੜ ਤੋੜ ਕੇ ਇਕੱਲਿਆਂ ਚੋਣ ਲੜਨ ਦਾ ਫ਼ੈਸਲਾ ਲਿਆ। ਇਸ ਨਾਲ ਭਾਜਪਾ ਨੂੰ ਪੰਜਾਬ 'ਚ ਕੋਈ ਫ਼ਾਇਦਾ ਨਹੀਂ ਮਿਲਿਆ। ਲੇਕਿਨ ਪੰਜਾਬ ਵਿਚ ਉਸਦੀ ਵੋਟ ਪ੍ਰਤੀਸ਼ਤ ਵਧੀ ਹੈ।

2022 'ਚ ਵਿਧਾਨ ਸਭਾ ਵਿਚ ਇਹ 6.6 ਫ਼ੀਸਦੀ ਸੀ, ਜੋ 2024 ਲੋਕ ਸਭਾ 'ਚ 18.56 ਫ਼ੀਸਦੀ ਹੋ ਗਈ। ਇਸ ਤਰ੍ਹਾਂ ਉਹ ਆਪਣੇ ਪੁਰਾਣੇ ਸਾਂਝੀਵਾਲ ਸ਼੍ਰੋਮਣੀ ਅਕਾਲੀ ਦਲ ਤੋਂ ਅੱਗੇ ਨਿਕਲ ਗਈ, ਜਿਸ ਨੂੰ 13.2 ਫ਼ੀਸਦੀ ਵੋਟਾਂ ਮਿਲੀਆਂ ਜਦ ਕਿ ਆਮ ਆਦਮੀ ਪਾਰਟੀ 26 ਫ਼ੀਸਦੀ ਅਤੇ ਕਾਂਗਰਸ ਵੀ 26 ਫ਼ੀਸਦੀ ਵੋਟਾਂ ਲੈ ਗਈ। ਆਮ ਆਦਮੀ ਪਾਰਟੀ ਪੰਜਾਬ 'ਚ ਉਹ ਕੁਝ ਨਹੀਂ ਕਰ ਸਕੀ, ਜਿਸ ਦੀ ਤਵੱਕੋ ਪੰਜਾਬ ਵਾਸੀ ਕਰ ਰਹੇ ਸਨ। ਬਿਨਾਂ-ਸ਼ੱਕ ਲੋਕਾਂ ਦੇ ਘਰਾਂ ਦੀ ਬਿਜਲੀ ਮੁਆਫ਼ੀ ਅਤੇ ਕੁਝ ਹੋਰ ਭਲਾਈ ਕੰਮਾਂ ਨੇ ਆਮ ਆਦਮੀ ਪਾਰਟੀ ਨੂੰ ਹਾਲੇ ਤੱਕ ਲੋਕਾਂ ਦੇ ਨੇੜੇ ਰੱਖਿਆ ਹੋਇਆ ਹੈ, ਪਰ ਉਹ ਭ੍ਰਿਸ਼ਟਾਚਾਰ ਨੂੰ ਠੱਲ੍ਹ ਨਹੀਂ ਪਾ ਸਕੀ। ਰੇਤ ਮਾਫੀਆ ਉਨ੍ਹਾਂ ਤੋਂ ਕਾਬੂ ਨਹੀਂ ਹੋਇਆ। ਲੋਕਾਂ 'ਚ ਇਹ ਪ੍ਰਚਾਰ ਵਧਦਾ ਜਾ ਰਿਹਾ ਹੈ ਕਿ ਪੰਜਾਬ ਦੀ ਸਰਕਾਰ ਨੂੰ ਲੋਕ ਦਿੱਲੀਓਂ ਚਲਾਉਂਦੇ ਹਨ। ਜਿਸ ਨੂੰ ਆਮ ਪੰਜਾਬੀ ਕਦੇ ਮਾਨਸਿਕ ਤੌਰ 'ਤੇ ਪ੍ਰਵਾਨ ਨਹੀਂ ਕਰਦੇ। ਉੱਪਰੋਂ ਹੜ੍ਹਾਂ ਦੀ ਵਿਆਪਕ ਮਾਰ ਨੇ ਪੰਜਾਬ ਦੀ ਸਰਕਾਰ ਉੱਤੇ ਇੰਨੇ ਕੁ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ 'ਆਪ ਸੂਬਾ ਸਰਕਾਰ' ਕਟਹਿਰੇ 'ਚ ਖੜ੍ਹੀ ਵਿਖਾਈ ਦੇ ਰਹੀ ਹੈ।

ਆਲ ਇੰਡੀਆ ਕਾਂਗਰਸ ਪਾਰਟੀ ਪੰਜਾਬ 'ਚ ਅੱਗੇ ਤਾਂ ਵਧ ਰਹੀ ਹੈ, ਦੇਸ਼ ਦੀਆਂ ਬਦਲ ਰਹੀਆਂ ਹਾਲਤਾਂ ਦੇ ਮੱਦੇਨਜ਼ਰ, ਪਰ ਪੰਜਾਬ 'ਚ ਇਸ ਦੀ ਲੀਡਰਸ਼ਿਪ ਖੱਖੜੀਆਂ-ਖੱਖੜੀਆਂ ਹੋਈ ਪਈ ਹੈ, ਲੋਕ ਇਸ ਪਾਰਟੀ ਨੂੰ ਪੰਜਾਬ 'ਚ ਬਦਲ ਦੇ ਰੂਪ 'ਚ ਤਾਂ ਵੇਖਦੇ ਹਨ, ਪਰ ਜ਼ਮੀਨੀ ਪੱਧਰ ਉੱਤੇ ਕਾਂਗਰਸ ਦੀ ਕਾਰਗੁਜ਼ਾਰੀ ਵਿਰੋਧੀ ਧਿਰ ਵਜੋਂ ਤਸੱਲੀਬਖਸ਼ ਨਹੀਂ ਹੈ। ਪੰਜਾਬ 'ਚ ਜਿੰਨੇ 5-6 ਕੁ ਉਪਰਲੇ ਕਾਂਗਰਸੀ ਹਨ, ਸਾਰੇ ਹੀ ਮੁੱਖ ਮੰਤਰੀ ਬਣਨ ਦੇ ਇੱਛੁਕ ਹਨ।

ਪੰਜਾਬ 'ਚ ਬਾਕੀ ਸਿਆਸੀ ਧਿਰਾਂ ਖੱਬੇ ਪੱਖੀ, ਬਸਪਾ, ਸ਼੍ਰੋਮਣੀ ਅਕਾਲੀ ਦਲ (ਮਾਨ) ਆਪੋ-ਆਪਣੇ ਤੌਰ 'ਤੇ ਪੰਜਾਬ 'ਚ ਆਪਣੀ ਹੋਂਦ ਵਿਖਾਉਣ ਲਈ ਤਤਪਰ ਦਿਸਦੇ ਹਨ, ਪਰ ਉਨ੍ਹਾਂ ਦੀਆਂ ਸਿਆਸੀ ਪ੍ਰਾਪਤੀਆਂ ਵਜੋਂ ਪ੍ਰਸ਼ਨ-ਚਿੰਨ੍ਹ ਵੱਧ ਹਨ।

ਪੰਜਾਬ 'ਚ ਆਈ ਵੱਡੀ ਆਫਤ ਹੜ੍ਹਾਂ ਨੇ ਸਿਆਸੀ ਧਿਰਾਂ ਅਤੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ। ਪੰਜਾਬ ਦੀ ਸਰਕਾਰ ਸੀਮਤ ਸਾਧਨਾਂ ਨਾਲ




ਲੋਕਾਂ ਪੱਲੇ ਉਹ ਕੁਝ ਨਹੀਂ ਪਾ ਸਕੀ ਜਿਸ ਦੀ ਆਸ ਲੋਕਾਂ ਨੂੰ ਸੀ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਪੀੜਤ ਲੋਕਾਂ ਤੱਕ ਪਹੁੰਚ ਦੂਰ ਰਹੀ ਹੈ। ਫੋਟੋ ਖਿਚਵਾਉਣ ਤੱਕ ਦੀ ਮਸ਼ਕ ਨਾਲ ਉਨ੍ਹਾਂ ਦੀ ਲੋਕਾਂ ਨਾਲ ਦੂਰੀ ਵਧ ਗਈ। ਇਹ ਦੂਰੀ ਹੁਣ ਹੋਰ ਵੀ ਵਧ ਰਹੀ ਹੈ, ਜਦੋਂ ਭਾਜਪਾ, ਆਪ, ਕਾਂਗਰਸ, ਅਕਾਲੀ, ਹੜ੍ਹ ਰਾਹਤ ਫੰਡ ਸੰਬੰਧੀ ਬੇਤੁਕੀ ਦੂਸ਼ਣਬਾਜੀ ਕਰ ਰਹੇ ਹਨ। ਆਖ਼ਿਰ ਪੀੜਤਾਂ ਨੂੰ ਇਸ ਦਾ ਕੀ ਲਾਭ ਹੋਏਗਾ? ਇਹੋ ਜਿਹੀ ਔਖੀ ਘੜੀ ਵੋਟ-ਰਾਜਨੀਤੀ ਨਿੰਦਣਯੋਗ ਹੈ।

ਕੇਂਦਰ ਦੀ ਸਰਕਾਰ ਦੇ ਮੁਖੀ ਨਰਿੰਦਰ ਮੋਦੀ ਨੇ 1600 ਕਰੋੜ ਪੰਜਾਬ ਲਈ ਫੌਰੀ ਰਾਹਤ ਐਲਾਨੀ ਹੈ। ਮੋਦੀ ਜੀ ਦੇ ਦੌਰੇ ਤੋਂ ਵੱਡੀ ਰਾਹਤ ਦੀ ਉਮੀਦ ਸੀ, ਉਹ ਰਤਾ ਭਰ ਵੀ ਪੂਰੀ ਨਹੀਂ ਹੋਈ। ਇਨ੍ਹਾਂ ਐਲਾਨਾਂ ਨਾਲ ਪੰਜਾਬੀ ਇਸ ਦੌਰੇ ਉਪਰੰਤ ਪਰੇਸ਼ਾਨ ਹੋਏ ਹਨ। ਪੰਜਾਬ 'ਚ ਹੜ੍ਹਾਂ ਨੇ ਭਿਆਨਕ ਤਬਾਹੀ ਮਚਾਈ। ਸੂਬੇ ਦੇ 2185 ਪਿੰਡ ਹੜ੍ਹਾਂ ਦੀ ਮਾਰ ਹੇਠ ਆਏ। ਪੰਜਾਬ 'ਚ 1.91 ਲੱਖ ਹੈਕਟੇਅਰ ਫ਼ਸਲ ਬਰਬਾਦ ਹੋ ਗਈ। ਸਰਕਾਰ ਵੱਲੋਂ ਤੁਛ ਜਿਹੀ ਰਕਮ 20 ਹਜ਼ਾਰ ਰੁਪਏ ਪ੍ਰਤੀ ਏਕੜ ਫ਼ਸਲ ਮੁਆਵਜ਼ੇ ਦਾ ਐਲਾਨ ਹੋਇਆ ਹੈ।

ਵੱਖੋ-ਵੱਖਰੀਆਂ ਸਿਆਸੀ ਧਿਰਾਂ ਕੇਂਦਰੀ ਰਾਹਤ ਨੂੰ ਪੰਜਾਬ ਲਈ ਮਜ਼ਾਕ ਕਹਿ ਰਹੀਆਂ ਹਨ। ਕੇਂਦਰ ਤੇ ਰਾਜ ਸਰਕਾਰ ਦਰਮਿਆਨ 'ਕੌਮੀ ਆਫ਼ਤ ਰਾਹਤ ਫੰਡ' ਨੂੰ ਲੈ ਕੇ ਘਮਸਾਨ ਛਿੜਿਆ ਹੋਇਆ ਹੈ। ਹੜ੍ਹਾਂ ਦੇ ਪਾਣੀ ਤੋਂ ਥੋੜ੍ਹੀ ਰਾਹਤ ਮਿਲਣ 'ਤੇ ਪਿੰਡਾਂ ਦੇ ਲੋਕ ਆਪਣੇ ਖੇਤਾਂ, ਘਰਾਂ ਦੀ ਸਾਰ ਲੈ ਰਹੇ ਹਨ। ਵਾਲੰਟੀਅਰ ਸੰਸਥਾਵਾਂ, ਕਿਸਾਨ ਜਥੇਬੰਦੀਆਂ ਉਨ੍ਹਾਂ ਨਾਲ ਖੜ੍ਹੀਆਂ ਹਨ। ਕਿਧਰੇ-ਕਿਧਰੇ ਸਿਆਸੀ ਧਿਰਾਂ ਵੀ ਪੁੱਜਦੀਆਂ ਹਨ। ਕਿਸਾਨ, ਖੇਤ ਮਜ਼ਦੂਰ, ਪੇਂਡੂ ਲੋਕ ਹੜ੍ਹਾਂ ਦੀ ਮਾਰ ਨਾਲ ਪੂਰੀ ਤਰ੍ਹਾਂ ਪਿੰਜੇ ਗਏ ਹਨ। ਸਿਆਸੀ ਧਿਰਾਂ ਤੇ ਸਰਕਾਰ ਵੱਲੋਂ ਐਲਾਨ 'ਤੇ ਐਲਾਨ ਹੋ ਰਹੇ ਹਨ। ਪੰਜਾਬ ਦੇ ਹੜ੍ਹ ਪੀੜਤਾਂ ਨੂੰ ਰਾਹਤ ਕੇਵਲ ਐਲਾਨਾਂ ਨਾਲ ਨਹੀਂ ਮਿਲਣੀ।

ਇਸ ਸਭ ਕੁਝ ਦੇ ਦਰਮਿਆਨ ਲੋਕਾਂ ਦੇ ਮਨਾਂ 'ਚ ਇਹ ਗੱਲ ਘਰ ਕਰ ਰਹੀ ਹੈ ਕਿ ਕੇਂਦਰੀ ਹਾਕਮ ਪੰਜਾਬ ਨਾਲ ਨਫ਼ਰਤ ਕਰਦੇ ਹਨ। ਪੰਜਾਬ ਨੂੰ ਤਬਾਹ ਕਰਨਾ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ 1600 ਕਰੋੜ ਦੇ ਐਲਾਨ ਨੇ ਪੰਜਾਬ ਦੇ ਜਜ਼ਬਾਤ ਨੂੰ ਵਲੂੰਦਰਿਆ ਹੈ। 12000 ਕਰੋੜ ਰਾਹਤ ਇੱਕ ਛਲਾਵਾ ਹੈ। ਅਸਲ ਵਿਚ ਉਦੋਂ ਜਦੋਂ ਹੁਣ ਪੰਜਾਬ ਨੂੰ ਵਿਸ਼ੇਸ਼ ਰਾਹਤ ਪੈਕੇਜ ਦੀ ਲੋੜ ਹੈ। ਉਦੋਂ ਜਦੋਂ ਹੁਣ ਪੰਜਾਬ ਨੂੰ ਪਿੰਡਾਂ ਦੀਆਂ ਸੜਕਾਂ, ਬੁਨਿਆਦੀ ਢਾਂਚੇ ਅਤੇ ਲੋਕਾਂ ਦੇ ਘਰਾਂ ਦੀ ਮੁੜ ਉਸਾਰੀ ਦੀ ਲੋੜ ਹੈ, ਪੰਜਾਬ ਵੱਲ ਹਾਕਮ ਪਿੱਠ ਕਰੀ ਬੈਠੇ ਹਨ। ਪੰਜਾਬ ਉਧੜ ਗਿਆ ਹੈ। ਇਸ ਨੂੰ ਮੁੜ ਉਣਨ ਦੀ ਲੋੜ ਹੈ। ਲੋਕ ਮਨੋਵਿਗਿਆਨਿਕ ਤੌਰ 'ਤੇ ਪਰੇਸ਼ਾਨ ਹੋ ਉਠੇ ਹਨ। ਇਨ੍ਹਾਂ ਨੂੰ ਸਾਂਭਣ ਦੀ ਲੋੜ ਹੈ।

ਭਾਵੇਂ ਦੇਸ਼ ਦੇ ਹੋਰ ਸੂਬਿਆਂ ਜੰਮੂ-ਕਸ਼ਮੀਰ, ਉੱਤਰਾਖੰਡ, ਹਿਮਾਚਲ 'ਚ ਹੜ੍ਹਾਂ ਨੇ ਜਨਜੀਵਨ ਉਥਲ-ਪੁਥਲ ਕਰ ਦਿੱਤਾ ਹੈ। ਪਰ ਪੰਜਾਬ 'ਚ ਸਥਿਤੀ ਗੰਭੀਰ ਹੈ। ਇਸ ਗੰਭੀਰ ਸਥਿਤੀ ਵਿਚੋਂ ਕਿਵੇਂ ਨਿਕਲਿਆ ਜਾਵੇ, ਇਹ ਵੱਡਾ ਸਵਾਲ ਹੈ। ਸਵਾਲ ਇਹ ਵੀ ਹੈ ਕਿ ਪੰਜਾਬ ਉਜੜਦਾ ਹੈ, ਮੁੜ-ਮੁੜ ਉਜੜਦਾ ਹੈ, ਪਰ ਇਸਦੀ ਸਾਂਭ-ਸੰਭਾਲ ਤੇ ਦੇਖ-ਰੇਖ ਦੇਸ਼ 'ਸਕੇ ਪੁੱਤਰ' ਵਾਂਗਰ ਨਹੀਂ ਕਰਦਾ। ਜਿਹੜਾ ਹਰ ਘੜੀ ਦੇਸ਼ ਨਾਲ ਔਖੇ ਵੇਲਿਆਂ 'ਚ ਖੜ੍ਹਦਾ ਹੈ। ਬਾਹਰੀ ਹਮਲਿਆਂ ਵੇਲੇ ਵੀ, ਅੰਨ ਭੰਡਾਰਨ ਵੇਲੇ ਵੀ।

ਪੰਜਾਬ ਨਾਲ ਕੀਤੇ ਮਤਰੇਏ ਸਲੂਕ ਕਾਰਨ ਪੈਦਾ ਹੋਈ ਦੂਰੀ ਹੋਰ ਵਧ ਰਹੀ ਹੈ। ਪ੍ਰਧਾਨ ਮੰਤਰੀ ਦੇ ਦੌਰੇ ਤੋਂ ਬਾਅਦ 12 ਹਜ਼ਾਰ ਕਰੋੜ ਦੀ ਆਫ਼ਤ ਪ੍ਰਬੰਧਨ ਰਾਹਤ, 1600 ਕਰੋੜ ਦੀ ਰਾਸ਼ੀ ਵਰਗੇ ਖੋਖਲੇ ਐਲਾਨਾਂ ਨਾਲ ਇਹ ਦੂਰੀ ਹੋਰ ਵਧੀ ਹੈ। ਪੰਜਾਬ 'ਚ ਹੜ੍ਹਾਂ ਦੀ ਭਿਆਨਕ ਸਥਿਤੀ ਕਾਰਨ ਪ੍ਰਧਾਨ ਮੰਤਰੀ ਦਾ ਕੁਝ ਵੀ ਨਾ ਬੋਲਣਾ, ਲੋਕਾਂ ਨੂੰ ਪਰੇਸ਼ਾਨ ਕਰਦਾ ਰਿਹਾ। ਇਹ ਪਰੇਸ਼ਾਨੀ ਉਦੋਂ ਹੋਰ ਵੀ ਵਧੀ ਜਦੋਂ ਪ੍ਰਧਾਨ ਮੰਤਰੀ ਨੇ ਅਫ਼ਗਾਨਿਸਤਾਨ 'ਚ ਆਏ ਭੂਚਾਲ ਪ੍ਰਤੀ ਤਾਂ ਤੁਰੰਤ ਬੋਲਿਆ, ਉਨ੍ਹਾਂ ਲਈ ਰਾਹਤ ਦਾ ਐਲਾਨ ਵੀ ਕੀਤਾ ਪਰ ਪੰਜਾਬ ਦੇ ਹੜ੍ਹਾਂ ਸਬੰਧੀ ਕੁਝ ਵੀ ਆਪਣੇ ਮੁਖਾਰਬਿੰਦ ਤੋਂ ਨਹੀਂ ਕਿਹਾ।

ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਪੰਜਾਬੀਆਂ ਦੇ ਮਨਾਂ ਦੀ ਤਰਜ਼ਮਾਨੀ ਕਰਨ ਵਾਲਾ ਹੈ। ਗਿਆਨੀ ਜੀ ਕਹਿੰਦੇ ਹਨ- ਸਤਿਕਾਰਤ ਪ੍ਰਧਾਨ ਮੰਤਰੀ ਜੀ ਅਫ਼ਗਾਨਿਸਤਾਨ ਨਾਲ ਦੁੱਖ ਦਾ ਪ੍ਰਗਟਾਵਾ ਚੰਗਾ ਹੈ ਲੇਕਿਨ ਪੰਜਾਬ, ਦੇਸ਼ ਦਾ ਹਿੱਸਾ ਹੈ, ਜਿੱਥੇ 17 ਅਗਸਤ ਨੂੰ ਲਗਭਗ 1500 ਪਿੰਡ ਅਤੇ 3 ਲੱਖ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।

ਅੱਜ ਪੰਜਾਬ ਦੇ ਲੋਕਾਂ ਨੂੰ ਸਾਂਭਣ ਦੀ ਲੋੜ ਹੈ। ਪੰਜਾਬ ਦੇ ਖਰਾਬ ਹੋਏ ਬੁਨਿਆਦੀ ਢਾਂਚੇ ਨੂੰ ਨਵਿਆਉਣ ਦੀ ਲੋੜ ਹੈ। ਮੁਸੀਬਤ ਦੀ ਘੜੀ ਉਨ੍ਹਾਂ ਦੀ ਬਾਂਹ ਫੜਨ ਦੀ ਲੋੜ ਹੈ। ਇਸ ਆਫ਼ਤ ਮੌਕੇ ਕੇਂਦਰ ਅਤੇ ਭਾਜਪਾ ਲਈ ਪੰਜਾਬ ਦੇ ਨਾਲ ਖੜ੍ਹੇ ਹੋਣ ਦਾ ਵੱਡਾ ਮੌਕਾ ਹੋ ਸਕਦਾ ਹੈ। ਇਹ ਉਸ ਸੂਬੇ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਮੌਕਾ ਹੋ ਸਕਦਾ ਹੈ, ਜਿਸ ਦੇ ਲੋਕ ਖੇਤੀ ਕਾਨੂੰਨਾਂ ਅਤੇ ਚੰਡੀਗੜ੍ਹ ਦਰਿਆਈ ਪਾਣੀਆਂ ਜਿਹੇ ਵਿਤਕਰੇ ਕਾਰਨ ਦਿੱਲੀ ਤੋਂ ਦੂਰ ਹੋਏ ਹਨ।

ਵਿਰੋਧੀ ਧਿਰਾਂ ਕਾਂਗਰਸ, ਅਕਾਲੀ, ਪੰਜਾਬ ਦੀ ਸਰਕਾਰ ਵੀ ਇਸ ਸਮੇਂ ਇਸ ਮੁੱਦੇ 'ਤੇ ਸਿਆਸਤ ਨਾ ਕਰੇ। ਇੰਜ ਕੀਤਿਆਂ ਪੰਜਾਬੀਆਂ ਦਾ ਨੇਤਾਵਾਂ ਪ੍ਰਤੀ ਬਚਿਆ-ਖੁਚਿਆ ਭਰੋਸਾ ਵੀ ਟੁੱਟ ਜਾਏਗਾ। ਹਾਕਮਾਂ ਨਾਲ ਪੰਜਾਬੀਆਂ ਦੀ ਦੂਰੀ ਪਹਿਲੇ ਕਾਂਗਰਸੀ ਹਾਕਮਾਂ ਨਾਲ ਵੀ ਵੱਡੀ ਰਹੀ ਹੈ।

ਪਰ ਅੱਜ ਦਿੱਲੀ ਹਾਕਮਾਂ ਵੱਲੋਂ, ਪੰਜਾਬ ਨਾਲ, ਪੰਜਾਬ ਦੇ ਲੋਕਾਂ ਨਾਲ ਨਵਾਂ ਰਿਸ਼ਤਾ ਬਣਾਉਣ ਦਾ ਸਮਾਂ ਹੈ। ਭਾਰਤ ਦੀ ਜ਼ਿੰਮੇਵਾਰੀ ਹੈ ਕਿ ਉਹ ਪੰਜਾਬ ਲਈ, ਪੰਜਾਬ ਦੇ ਲੋਕਾਂ ਲਈ ਸਭ ਕੁਝ ਕਰੇ, ਜਿਨ੍ਹਾਂ ਦੇ ਯੋਗਦਾਨ ਬਿਨਾਂ 'ਭਾਰਤੀ ਗਣਰਾਜ' ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਸੀ, ਕਿਉਂਕਿ ਪੰਜਾਬ ਸਰਹੱਦਾਂ ਦਾ ਪਹਿਰੇਦਾਰ ਹੈ। ਪੰਜਾਬ ਦੇਸ਼ ਦਾ ਅੰਨਦਾਤਾ ਹੈ। ਕੀ ਦੇਸ਼ ਪੰਜਾਬ ਪ੍ਰਤੀ ਅੱਖਾਂ ਮੀਟ ਸਕਦਾ ਹੈ? ਦੇਸ਼ ਦੇ ਹਾਕਮਾਂ ਅਤੇ ਸਿਆਸਤਦਾਨਾਂ ਨੂੰ ਸਮਝਣ ਦੀ ਲੋੜ ਹੈ ਕਿ ਇੱਕ ਰਾਸ਼ਟਰ ਜੋ ਆਪਣੇ ਇਤਿਹਾਸ ਤੋਂ ਨਹੀਂ ਸਿੱਖਦਾ ਉਸਨੂੰ ਕੀਮਤ ਚੁਕਾਉਣੀ ਪੈਂਦੀ ਹੈ। ਪੰਜਾਬ ਜੇ ਦਿੱਲੀ ਤੋਂ ਦੂਰ ਹੁੰਦਾ ਰਿਹਾ ਤਾਂ ਆਖ਼ਿਰ ਇਸਦਾ ਕੀ ਸਿੱਟਾ ਨਿਕਲੇਗਾ। ਮਿਜ਼ੋਰਮ ਉਦਾਹਰਣ ਹੈ।

# ਨੇਪਾਲ ਵਿਚ ਰਾਜਸੀ ਉੱਥਲ-ਪੁੱਥਲ ਅਤੇ ਇਸਦੀਆਂ ਅਰਥ-ਸੰਭਾਵਨਾਵਾਂ

***ਪਿਛਲੇ ਦਿਨੀਂ ਭਾਰਤ ਦੇ ਗੁਆਂਢੀ ਦੇਸ਼ ਨੇਪਾਲ ਵਿਚ ਹੋਈ ਬਗ਼ਾਵਤ ਦੀ ਚਰਚਾ ਦੁਨੀਆ ਭਰ 'ਚ ਹੋ ਰਹੀ ਹੈ। ਕੀ ਇਹ ਉੱਥਲ-ਪੁੱਥਲ ਨੇਪਾਲ ਦੀ ਰਾਜਨੀਤਕ ਕਾਇਆ-ਕਲਪ ਕਰ ਦੇਵੇਗੀ ਜਾਂ ਪੁਰਾਣੀ ਸਰਕਾਰ ਦੀ ਥਾਂ ਇਕ ਹੋਰ ਨਵੀਂ ਸਰਕਾਰ ਦਾ ਗਠਨ ਕਰਨ ਦੀ ਪ੍ਰਕਿਰਿਆ 'ਚ ਸਮਾਪਤ ਹੋ ਜਾਵੇਗੀ? ਕੀ ਇਹ ਛੋਟਾ ਜਿਹਾ ਦੇਸ਼ ਅਜਿਹਾ ਕੋਈ ਸੱਚਾ ਬਦਲ ਪੇਸ਼ ਕਰ ਸਕੇਗਾ ਜੋ ਦੁਨੀਆ ਦੇ ਅਜੋਕੇ ਹਾਲਾਤ 'ਚ ਹੋਰ ਦੇਸ਼ਾਂ ਦੀ ਬੇਚੈਨ ਜਨਤਾ ਲਈ ਤਬਦੀਲੀ ਦਾ ਨਮੂਨਾ ਬਣਨ ਦੇ ਸਮਰੱਥ ਹੋਵੇ। ਇਨ੍ਹਾਂ ਸਵਾਲਾਂ ਦੀ ਚਰਚਾ ਸਾਡੇ ਕਾਲਮ ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੀ ਇਸ ਲੇਖ ਵਿਚ ਕੀਤੀ ਹੈ।-ਸੰਪਾਦਕ॥***

**ਬੂਟਾ ਸਿੰਘ ਮਹਿਮੂਦਪੁਰ**







ਨੇਪਾਲ ਵਿਚ ਸੜਕਾਂ 'ਤੇ ਨਿੱਕਲੀ ਆਕੀ ਜਵਾਨੀ ਦੇ ਰੋਹ ਵੱਲੋਂ ਤਾਨਾਸ਼ਾਹ ਸਰਕਾਰ ਰੇਤ ਦੀ ਕੰਧ ਵਾਂਗ ਢਾਹ ਦਿੱਤੀ ਗਈ। ਪਾਰਲੀਮੈਂਟ, ਪ੍ਰਧਾਨ ਮੰਤਰੀ ਦੇ ਘਰ ਅਤੇ ਹੋਰ ਇਮਾਰਤਾਂ ਨੂੰ ਅੱਗ ਲਾ ਦਿੱਤੀ ਗਈ। ਪ੍ਰਧਾਨ ਮੰਤਰੀ ਕੇ.ਪੀ. ਓਲੀ ਨੂੰ ਅਸਤੀਫ਼ਾ ਦੇ ਕੇ ਲੁਕਣਾ ਪੈ ਗਿਆ। ਰਾਸ਼ਟਰਪਤੀ ਵੱਲੋਂ ਸਾਬਕਾ ਚੀਫ਼ ਜਸਟਿਸ ਸੁਸ਼ੀਲਾ ਕਾਰਕੀ ਨੂੰ ਅੰਤ੍ਰਿਮ ਪ੍ਰਧਾਨ ਮੰਤਰੀ ਥਾਪ ਦਿੱਤਾ ਗਿਆ ਹੈ, ਪਾਰਲੀਮੈਂਟ ਭੰਗ ਕਰ ਦਿੱਤੀ ਗਈ ਹੈ ਅਤੇ 21 ਮਾਰਚ 2026 ਨੂੰ ਨਵੀਆਂ ਚੋਣਾਂ ਕਰਾਏ ਜਾਣ ਦਾ ਐਲਾਨ ਕੀਤਾ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਅੰਤਰਿਮ ਪ੍ਰਧਾਨ ਮੰਤਰੀ ਦੀ ਚੋਣ 'ਹਮੀ ਨੇਪਾਲ' ਵੱਲੋਂ ਜਥੇਬੰਦ ਕੀਤੇ ਆਨਲਾਈਨ ਹਜੂਮ ਵੱਲੋਂ ਅਮਰੀਕਾ ਆਧਾਰਤ ਮੈਸੇਜਿੰਗ ਪਲੇਟਫਾਰਮ ਡਿਸਕਾਰਡ ਉੱਪਰ ਵਰਚੂਅਲ ਵੋਟ ਪਾ ਕੇ ਕੀਤੀ ਗਈ ਹੈ।

ਸੱਤਾ ਤੋਂ ਲਾਹੇ 'ਕਮਿਊਨਿਸਟ' ਧੜਿਆਂ ਅਤੇ ਹੋਰ ਪਾਰਟੀਆਂ ਨੇ ਹੁਣ 'ਲੋਕਤੰਤਰ ਦਾ ਘਾਣ' ਦੀ ਹਾਲ-ਪਾਹਰਿਆ ਮਚਾਉਣੀ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਨੇ ਸੰਵਿਧਾਨਕ ਵਾਅਦਿਆਂ ਦੀਆਂ ਧੱਜੀਆਂ ਉਡਾ ਕੇ ਨੇਪਾਲ ਦੀ ਆਰਥਿਕਤਾ ਨੂੰ ਗਿਰਝਾਂ ਵਾਂਗ ਨੋਚ ਕੇ ਅੱਯਾਸ਼ੀ ਕੀਤੀ ਅਤੇ ਨੇਪਾਲੀ ਅਵਾਮ ਦੀਆਂ ਲੋਕਪੱਖੀ ਤਬਦੀਲੀ ਲਿਆਉਣ ਦੀਆਂ ਜਮਹੂਰੀ ਰੀਝਾਂ ਨਾਲ ਧ੍ਰੋਹ ਕਮਾਉਣ 'ਚ ਕੋਈ ਕਸਰ ਨਹੀਂ ਸੀ ਛੱਡੀ। ਸੱਤਾ ਲਈ ਮੌਕਾਪ੍ਰਸਤੀ ਦੇ ਪਹਿਲੇ ਸਾਰੇ ਰਿਕਾਰਡ ਮਾਤ ਪੈ ਗਏ। 2008 ਤੋਂ ਲੈ ਕੇ ਤਿੰਨ ਪਾਰਟੀਆਂ ਦੀ ਨੁਮਾਇੰਦਗੀਆਂ ਕਰਦੀਆਂ 14 ਸਰਕਾਰਾਂ ਬਣੀਆਂ ਅਤੇ ਟੁੱਟਦੀਆਂ ਰਹੀਆਂ। ਨੇਪਾਲੀ ਕਮਿਊਨਿਸਟ ਪਾਰਟੀ (ਯੂ.ਐਮ.ਐੱਲ.) ਦਾ ਆਗੂ ਓਲੀ ਚੌਥੀ ਵਾਰ ਪ੍ਰਧਾਨ ਮੰਤਰੀ ਬਣਿਆ ਸੀ।

ਇਹ ਜਨਤਕ ਵਿਸਫੋਟ ਓਦੋਂ ਹੋਇਆ ਜਦੋਂ ਸਰਕਾਰ ਨੇ ਹਕੂਮਤ ਦੇ ਵਿਰੋਧ ਦੀ ਜ਼ੁਬਾਨਬੰਦੀ ਕਰਨ ਲਈ ਮੁੱਖ ਸੋਸ਼ਲ ਮੀਡੀਆ ਪਲੇਟਫਾਰਮਾਂ (ਫੇਸਬੁੱਕ, ਵਟਸਐਪ, ਯੂਟਿਊਬ, ਐਕਸ ਵਗੈਰਾ) ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ। ਇਸ ਤਾਨਾਸ਼ਾਹ ਕਦਮ ਦੇ ਵਿਰੋਧ ਨੇ ਅਜਿਹਾ ਰੂਪ ਅਖ਼ਤਿਆਰ ਕਰ ਲਿਆ ਜੋ ਹਾਕਮਾਂ ਨੇ ਕਦੇ ਸੋਚਿਆ ਵੀ ਨਹੀਂ ਹੋਵੇਗਾ। ਵਿਆਪਕ ਪੱਧਰ 'ਤੇ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ। ਜਦੋਂ ਪੁਲਿਸ ਨੇ ਅੱਥਰੂ ਗੈਸ, ਰਬੜ ਦੀਆਂ ਗੋਲੀਆਂ ਅਤੇ ਕਈ ਥਾਵਾਂ 'ਤੇ ਸੱਚੀਂ-ਮੁੱਚੀਂ ਦੀਆਂ ਗੋਲੀਆਂ ਨਾਲ 19 ਲੋਕ ਮਾਰ ਦਿੱਤੇ ਅਤੇ 300 ਤੋਂ ਵੱਧ ਜ਼ਖ਼ਮੀ ਕਰ ਦਿੱਤੇ ਤਾਂ ਰੋਹ ਹੋਰ ਭੜਕ ਗਿਆ। ਕੁਲ-ਮਿਲਾ ਕੇ 50 ਤੋਂ ਵੱਧ ਲੋਕ ਗੋਲੀਆਂ ਨਾਲ ਮਾਰੇ ਗਏ। ਜਾਬਰ ਹਕੂਮਤੀ ਹਮਲੇ ਸਾਹਮਣੇ ਨੌਜਵਾਨਾਂ ਦਾ ਸਬਰ ਜਵਾਬ ਦੇ ਗਿਆ। ਜਵਾਬੀ ਹਮਲਾ ਸ਼ੁਰੂ ਹੋ ਗਿਆ। ਲੋਕਾਂ ਨੇ ਮੰਤਰੀਆਂ ਨੂੰ ਕੁਟਾਪਾ ਚਾੜ੍ਹਿਆ ਅਤੇ ਮੰਤਰੀਆਂ ਦੇ ਮਹਿਲਾਂ ਉੱਪਰ ਗੁੱਸਾ ਕੱਢਿਆ। ਹਜੂਮ ਨੇ ਗੋਦੀ ਮੀਡੀਏ ਨੂੰ ਵੀ ਸਬਕ ਸਿਖਾਇਆ। ਸਰਕਾਰ ਦਾ ਧੂਤੂ ਬਣ ਕੇ ਕੰਮ ਕਰ ਰਹੇ ਕਾਂਤੀਪੁਰ ਮੀਡੀਆ ਸਮੂਹ ਦਾ ਦਫ਼ਤਰ ਫੂਕ ਦਿੱਤਾ ਗਿਆ। ਦੇਖਣ ਨੂੰ ਨੌਜਵਾਨਾਂ ਦੇ ਗੁੱਸੇ ਦਾ ਕਾਰਨ ਸੋਸ਼ਲ ਮੀਡੀਆ ਦੀ ਆਜ਼ਾਦੀ ਉੱਪਰ ਰੋਕਾਂ ਲਾਉਣਾ ਜਾਪਦਾ ਹੈ, ਪਰ ਹਕੀਕਤ ਵਿਚ ਇਹ ਰਾਜਾਸ਼ਾਹੀ ਦੇ ਖ਼ਾਤਮੇ ਤੋਂ ਬਾਅਦ ਹੋਂਦ 'ਚ ਆਏ 'ਲੋਕਤੰਤਰੀ ਗਣਰਾਜ' ਤੋਂ ਆਵਾਮ ਦੇ ਉੱਠ ਚੁੱਕੇ ਵਿਸ਼ਵਾਸ ਦੀ ਝਲਕ ਹੈ।

ਦੁਨੀਆ ਭਰ ਦੇ ਲੋਕ ਇਹ ਜਾਨਣ ਲਈ ਉਤਸੁਕ ਹਨ ਕਿ ਨੇਪਾਲ ਦੀ ਇਹ ਹਾਲੀਆ ਰਾਜਨੀਤਕ ਉੱਥਲ-ਪੁੱਥਲ ਕਿਸੇ ਵੱਡੀ ਰਾਜਸੀ ਤਬਦੀਲੀ ਨੂੰ ਜਨਮ ਦੇਵੇਗੀ ਜਾਂ ਕੁਝ ਦਿਨਾਂ ਦੇ ਰੋਹ ਦੇ ਉਬਾਲ ਤੋਂ ਬਾਅਦ ਮਹਿਜ਼ ਸਰਕਾਰ ਬਦਲੀ ਦੇ ਰੂਪ 'ਚ ਸ਼ਾਂਤ ਹੋ ਜਾਵੇਗੀ? ਇਸ ਤੋਂ ਪਹਿਲਾਂ ਸ਼੍ਰੀਲੰਕਾ (2022) ਅਤੇ ਬੰਗਲਾਦੇਸ਼ (2024) 'ਚ ਵੀ ਇਸੇ ਤਰਜ਼ ਦੀਆਂ ਬਗ਼ਾਵਤਾਂ ਹੋਈਆਂ, ਜਿਨ੍ਹਾਂ ਦੀ ਅਗਵਾਈ ਨੌਜਵਾਨੀ ਨੇ ਕੀਤੀ। ਨੌਜਵਾਨੀ ਦਾ ਰੋਹ ਰਾਜਨੀਤਕ ਆਗੂਆਂ, ਰਾਜਨੀਤਕ ਪਾਰਟੀਆਂ ਅਤੇ ਤੱਤਕਾਲੀ ਸਰਕਾਰਾਂ ਵਿਰੁੱਧ ਸੇਧਤ ਸੀ। ਉਹ ਸਰਕਾਰਾਂ ਦੀ ਜਵਾਬਦੇਹੀ, ਮਾਣ-ਸਨਮਾਨ ਵਾਲੀ ਜ਼ਿੰਦਗੀ ਅਤੇ ਤਬਦੀਲੀ ਚਾਹੁੰਦੇ ਹਨ। ਬਗ਼ਾਵਤ ਦੇ ਦਬਾਅ ਹੇਠ ਤਾਨਾਸ਼ਾਹ ਹਾਕਮ ਸੱਤਾ ਤੋਂ ਪਾਸੇ ਹੋਣ ਲਈ ਮਜਬੂਰ ਹੋ ਗਏ। ਰਵਾਇਤੀ ਸੱਤਾਧਾਰੀ ਦਬੱਲ ਦਿੱਤੇ ਗਏ ਪਰ ਕੁਲ ਸਮੱਸਿਆ ਦੀ ਜੜ੍ਹ ਲੋਕ ਵਿਰੋਧੀ ਰਾਜ ਪ੍ਰਬੰਧ ਦਾ ਵਾਲ਼ ਵੀ ਵਿੰਗਾ ਨਹੀਂ ਹੋਇਆ। ਬੁਨਿਆਦੀ ਰਾਜ ਢਾਂਚਾ ਬਿਲਕੁਲ ਨਹੀਂ ਬਦਲਿਆ, ਬਸ ਸੱਤਾ ਦੀ ਵਾਗਡੋਰ ਨਵੇਂ ਹਾਕਮਾਂ ਨੇ ਸਾਂਭ ਲਈ। ਨੇਪਾਲ ਦੀ ਹਾਲੀਆ ਉੱਥਲ-ਪੁੱਥਲ ਵੀ ਇਸੇ ਰਾਹ ਪੈ ਤੁਰੀ ਹੈ। ਤਬਦੀਲੀ ਦੇ ਸਪਸ਼ਟ ਪ੍ਰੋਗਰਾਮ ਦੇ ਆਧਾਰ 'ਤੇ ਠੋਸ ਲੀਡਰਸ਼ਿਪ ਦੀ ਅਣਹੋਂਦ 'ਚ ਇਹ ਰੋਹ ਆਪ-ਮੁਹਾਰੇ ਉੱਠਿਆ ਸੀ ਅਤੇ ਸੋਸ਼ਲ ਮੀਡੀਆ ਆਧਾਰਤ ਨੌਜਵਾਨ ਗਰੁੱਪਾਂ ਦੀ ਲੀਡਰਸ਼ਿਪ ਦੀ ਸੋਚ ਦੀ ਸੀਮਤਾਈ ਉੱਘੜਵੇਂ ਰੂਪ 'ਚ ਸਾਹਮਣੇ ਆ ਗਈ। ਹਾਕਮ ਜਮਾਤੀ ਸਿਆਸਤ ਨੇ ਜਨਤਕ ਉਭਾਰ ਨੂੰ ਨਕੇਲ ਪਾ ਕੇ ਨਵੇਂ ਚਿਹਰਿਆਂ ਨੂੰ ਅੱਗੇ ਲੈ ਆਂਦਾ ਹੈ ਅਤੇ ਮੌਕਾ ਸਾਂਭ ਕੇ ਹਕੂਮਤ ਦੀ ਮੁੜ-ਬਹਾਲੀ ਕਰ ਲਈ ਹੈ। ਵਿਰਾਟ ਬੇਰੁਜ਼ਗਾਰੀ ਅਤੇ ਆਰਥਕ ਮੰਦਹਾਲੀ ਨੂੰ ਖ਼ਤਮ ਕਰਨ ਲਈ ਬਦਲਵਾਂ ਆਰਥਕ ਰਾਹ ਕੀ ਹੋਵੇ, ਇਸ ਉੱਪਰ ਜਨਤਕ ਚਰਚਾ ਕਰਾ ਕੇ ਕੋਈ ਤਰੱਕੀ-ਮੁਖੀ ਪ੍ਰੋਗਰਾਮ ਪੇਸ਼ ਕਰਨ ਦੀ ਬਜਾਏ ਰਾਸ਼ਟਰਪਤੀ ਵੱਲੋਂ ਅੰਤ੍ਰਿਮ ਪ੍ਰਧਾਨ ਮੰਤਰੀ ਥਾਪਣਾ, ਚੋਣਾਂ ਦਾ ਐਲਾਨ ਯਥਾਸਥਿਤੀਵਾਦੀ ਸੱਤਾ-ਬਦਲੀ ਤੋਂ ਸਿਵਾਏ ਕੁਝ ਨਹੀਂ ਹੈ। ਇਸ ਸੀਮਤਾਈ ਦੇ ਬਾਵਜੂਦ ਇਹ ਥੋੜ੍ਹ-ਚਿਰੀ ਬਗ਼ਾਵਤ ਨੇ ਦਿਖਾ ਦਿੱਤਾ ਹੈ ਕਿ ਆਵਾਮ ਦੀ ਤਾਕਤ ਕੀ ਕੁਝ ਕਰ ਸਕਦੀ ਹੈ।

ਇਹ ਗ਼ੌਰਤਲਬ ਹੈ ਕਿ ਨੇਪਾਲ ਵਿਚ ਗੁੱਸੇ ਨਾਲ ਭਰੇ ਮਾਯੂਸ ਆਵਾਮ ਦਾ ਹਮਲਾ ਭ੍ਰਿਸ਼ਟਾਚਾਰ 'ਚ ਰਜਵਾੜਾਸ਼ਾਹੀ ਨੂੰ ਮਾਤ ਪਾ ਰਹੀ ਅਖਾਉਤੀ ਕਮਿਊਨਿਸਟ ਸਰਕਾਰ ਵਿਰੁੱਧ ਸੀ। ਸ਼੍ਰੀਲੰਕਾ ਵਿਚ ਹਾਕਮ ਜਮਾਤ ਅਤੇ ਉਨ੍ਹਾਂ ਦੇ ਸਾਮਰਾਜੀ ਆਕਾਵਾਂ ਨੇ ਸੱਤਾਧਾਰੀਆਂ ਨੂੰ ਪਾਸੇ ਕਰਕੇ ਯਥਾਸਥਿਤੀਵਾਦੀ ਖੱਬੇਪੱਖੀਆਂ ਨੂੰ 'ਰਾਜਨੀਤਕ ਬਦਲ' ਵਜੋਂ ਸੱਤਾ ਨਸ਼ੀਨ ਕੀਤਾ। ਨੇਪਾਲ ਵਿਚ ਅਜਿਹੇ 'ਖੱਬੇਪੱਖੀ' ਹੀ ਸੱਤਾਧਾਰੀ ਹੋਣ ਕਾਰਨ ਇੱਥੇ ਇਸ 'ਬਦਲ' ਨੂੰ ਵਰਤਣਾ ਸੰਭਵ ਨਹੀਂ ਸੀ। ਆਪ-ਮੁਹਾਰੇ ਅੰਦੋਲਨਕਾਰੀਆਂ ਨੇ 'ਸਾਫ਼-ਸੁਥਰੇ' ਅਕਸ ਵਾਲੀ ਜੱਜ ਬੀਬੀ ਨੂੰ ਪ੍ਰਧਾਨ ਮੰਤਰੀ ਬਣਾਉਣ ਉੱਪਰ ਸਮਝੌਤਾ ਕਰ ਲਿਆ। ਹਾਕਮ ਜਮਾਤ ਨੇ ਸੱਚੇ ਬਦਲ ਦੀ ਅਣਹੋਂਦ ਦਾ ਫ਼ਾਇਦਾ ਉਠਾ ਕੇ ਰਾਜਨੀਤਕ ਸੰਕਟ ਨੂੰ ਬਾਖ਼ੂਬੀ ਮੈਨੇਜ ਕਰ ਲਿਆ ਹੈ।

ਆਪ-ਮੁਹਾਰੇ ਬਾਗ਼ੀ ਲੋਕਾਂ ਕੋਲ ਇਹ ਪਛਾਣ ਕਰਨ ਦੀ ਸਮਝ ਤਾਂ ਹੁੰਦੀ ਹੈ ਕਿ ਕਿਸ ਨੂੰ ਨਿਸ਼ਾਨਾ ਬਣਾਉਣਾ ਹੈ, ਕਿਸ ਨੂੰ ਤੋੜਨਾ ਹੈ, ਅਤੇ ਇਸ ਮਾਮਲੇ ਵਿਚ ਉਨ੍ਹਾਂ ਦੀ ਏਕਤਾ ਵੀ ਹੁੰਦੀ ਹੈ। ਪਰ ਢਾਹੁਣ ਤੋਂ ਬਾਅਦ ਉਸਾਰੀ ਕਿਸ ਤਰ੍ਹਾਂ ਦੀ ਕਰਨੀ ਹੈ, ਇਸ ਦਾ ਕੋਈ ਸਪਸ਼ਟ ਪ੍ਰੋਗਰਾਮ ਅਤੇ ਰੋਡ ਮੈਪ ਉਨ੍ਹਾਂ ਕੋਲ ਨਹੀਂ ਹੁੰਦਾ, ਨਾ ਹੀ ਉਨ੍ਹਾਂ ਦਰਮਿਆਨ ਭਵਿੱਖੀ ਉਸਾਰੀ ਦੇ ਮਸਲੇ 'ਤੇ ਕੋਈ ਏਕਤਾ ਹੁੰਦੀ ਹੈ। ਅਜਿਹੇ ਬਾਗ਼ੀ ਅੰਦੋਲਨ ਕਿਸੇ ਰਵਾਇਤੀ ਰਾਜਨੀਤਕ ਪਾਰਟੀ ਨੂੰ ਸੱਤਾ ਸੌਂਪਣ ਲਈ ਤਿਆਰ ਨਹੀਂ ਹੁੰਦੇ, ਉਹ ਕਿਸੇ ਨਵੇਂ ਚਿਹਰੇ ਨੂੰ ਅਗਲੀਆਂ ਚੋਣਾਂ ਤੱਕ ਕੇਅਰ-ਟੇਕਰ ਹਾਕਮ ਥਾਪਣ ਉੱਪਰ ਸਮਝੌਤਾ ਕਰ ਲੈਂਦੇ ਹਨ। ਉਨ੍ਹਾਂ ਕੋਲ ਫ਼ੈਸਲਾਕੁੰਨ ਲੜਾਈ ਲੜ ਕੇ ਸੱਚੀ ਯੁਗ-ਪਲਟਾਊ ਤਬਦੀਲੀ ਲਿਆਉਣ ਦੀ ਸੂਝ ਅਤੇ ਸਿਰੜ ਵੀ ਨਹੀਂ ਹੁੰਦੀ। ਇਕ ਦਹਾਕਾ ਪਹਿਲਾਂ 'ਅਰਬ ਬਸੰਤ' ਅੰਦੋਲਨ ਵਿਚ, ਅਤੇ ਹਾਲੀਆ ਸਾਲਾਂ 'ਚ ਪਹਿਲਾਂ ਸ਼੍ਰੀਲੰਕਾ ਤੇ ਬੰਗਲਾਦੇਸ਼ ਅਤੇ ਹੁਣ ਨੇਪਾਲ ਦੀ ਬਗ਼ਾਵਤ ਦੇ ਵਜੂਦ-ਸਮੋਈਆਂ ਕਮਜ਼ੋਰੀਆਂ ਕਾਰਨ ਇਹ ਸਾਰੀਆਂ ਬਗ਼ਾਵਤਾਂ ਬਿਨਾਂ ਕੋਈ ਸਿਫ਼ਤੀ ਤਬਦੀਲੀ ਲਿਆਂਦੇ ਨਵੇਂ ਚਿਹਰਿਆਂ ਤਹਿਤ ਲੋਕ ਵਿਰੋਧੀ ਹਕੂਮਤਾਂ ਦੀ ਮੁੜ ਬਹਾਲੀ ਨਾਲ ਖ਼ਤਮ ਹੋ ਗਈਆਂ।

ਇਤਿਹਾਸਕ ਸਬਕ ਦੇ ਤੌਰ 'ਤੇ ਨੇਪਾਲ ਦੇ ਆਵਾਮ ਦੀ ਤ੍ਰਾਸਦੀ ਤਾਂ ਹੋਰ ਵੀ ਵਧੇਰੇ ਦੁਖਦਾਈ ਹੈ। ਪਾਰਲੀਮੈਂਟਰੀ ਕਮਿਊਨਿਸਟ ਧਾਰਾ ਵਿਰੁੱਧ ਤਿੱਖੇ ਵਿਚਾਰਧਾਰਕ-ਰਾਜਨੀਤਕ ਸੰਘਰਸ਼ ਦੀ ਬਦੌਲਤ 1990ਵਿਆਂ 'ਚ ਨੇਪਾਲੀ ਕਮਿਊਨਿਸਟ ਪਾਰਟੀ (ਮਾਓਵਾਦੀ) ਬਣੀ ਸੀ। 1996 'ਚ ਇਸ ਪਾਰਟੀ ਨੇ ਇਨਕਲਾਬੀ ਲੋਕ-ਯੁੱਧ ਦੁਆਰਾ ਰਜਵਾੜਾਸ਼ਾਹੀ ਦਾ ਖ਼ਾਤਮਾ ਕਰਕੇ ਲੋਕ-ਜਮਹੂਰੀ ਰਾਜ ਸਥਾਪਤ ਕਰਨ ਲਈ ਹਥਿਆਰਬੰਦ ਸੰਘਰਸ਼ ਵਿੱਢਿਆ। ਨੇਪਾਲ ਦੇ ਦੱਬੇ-ਕੁਚਲੇ ਲੋਕਾਂ ਨੇ ਲਾਮਿਸਾਲ ਜੋਸ਼-ਖ਼ਰੋਸ਼ ਨਾਲ ਇਨਕਲਾਬੀ ਲੜਾਈ ਲੜੀ ਅਤੇ ਵੱਧ-ਚੜ੍ਹ ਕੇ ਕੁਰਬਾਨੀਆਂ ਕੀਤੀਆਂ। ਪ੍ਰਚੰਡਾ-ਬਾਬੂਰਾਮ ਭੱਟਾਰਾਈ ਦੀ ਅਗਵਾਈ ਹੇਠ ਮਾਓਵਾਦੀ ਲੀਡਰਸ਼ਿਪ ਨੇ ਮੁਕੰਮਲ ਇਨਕਲਾਬੀ ਤਬਦੀਲੀ ਲਈ ਲੜਨ ਦੀ ਬਜਾਏ 2008 'ਚ 239 ਸਾਲ ਪੁਰਾਣੀ ਰਜਵਾੜਾਸ਼ਾਹੀ ਦੇ ਖ਼ਾਤਮੇ ਨੂੰ ਹੀ ਅੰਤਮ ਜਿੱਤ ਮੰਨ ਲਿਆ। ਆਗੂਆਂ ਦੇ ਅਸਹਿਮਤ ਹਿੱਸੇ ਦੀ ਆਵਾਜ਼ ਦਬਾ ਦਿੱਤੀ ਗਈ ਅਤੇ ਬੇਹੱਦ ਕੁਰਬਾਨੀਆਂ ਨਾਲ ਉਸਾਰੀ ਗਈ ਲੋਕਾਂ ਦੀ ਹਥਿਆਰਬੰਦ ਤਾਕਤ ਤੋੜ ਕੇ ਰਜਵਾੜਾਸ਼ਾਹੀ ਫ਼ੌਜ ਦਾ ਹਿੱਸਾ ਬਣਾ ਦਿੱਤੀ ਗਈ। ਇੰਝ 'ਚੁਣਾਵੀ ਲੋਕਤੰਤਰ' ਦੇ ਰੂਪ 'ਚ ਇਨਕਲਾਬੀ ਤਬਦੀਲੀ ਦਾ ਅੱਧਵਾਟੇ ਗਰਭਪਾਤ ਕਰ ਦਿੱਤਾ ਗਿਆ। ਰਜਵਾੜਾਸ਼ਾਹੀ ਦੀ ਜਗ੍ਹਾ 'ਲੋਕਤੰਤਰੀ ਗਣਰਾਜ' ਨੇ ਲੈ ਲਈ। ਲੋਕਾਂ ਦੀ ਲੋਟੂ-ਜਾਬਰ ਰਾਜ ਪ੍ਰਬੰਧ ਤੋਂ ਮੁਕਤੀ ਹਾਸਲ ਕਰਨ ਦੀ ਰੀਝ ਅਧੂਰੀ ਰਹਿ ਗਈ। ਪ੍ਰਚੰਡਾ ਗੁੱਟ ਨੇ ਆਪਣੀ ਇਸ ਇਤਿਹਾਸਕ ਗ਼ਦਾਰੀ ਨੂੰ ਮਾਓਵਾਦ ਦਾ 'ਰਚਨਾਤਮਕ ਅਮਲ' ਕਹਿ ਕੇ ਵਡਿਆਇਆ ਅਤੇ ਭਾਰਤ ਦੇ ਮਾਓਵਾਦੀਆਂ ਸਮੇਤ ਦੁਨੀਆ ਭਰ ਦੇ ਕਮਿਊਨਿਸਟ ਇਨਕਲਾਬੀਆਂ ਨੂੰ ਨਸੀਹਤਾਂ ਦਿੱਤੀਆਂ ਗਈਆਂ ਕਿ ਉਨ੍ਹਾਂ ਨੂੰ 'ਪ੍ਰਚੰਡਾ ਪਾਥ' ਤੋਂ ਸਿੱਖਣਾ ਚਾਹੀਦਾ ਹੈ।

ਨੇਪਾਲ ਦੀ ਅਜੋਕੀ ਦੁਰਦਸ਼ਾ ਲਈ ਮੁੱਖ ਜ਼ਿੰਮੇਵਾਰ ਪਾਰਲੀਮੈਂਟਰੀ ਮਾਓਵਾਦੀਆਂ ਦਾ ਨੇਪਾਲ ਦੀ ਹਾਕਮ ਜਮਾਤ ਨਾਲ ਜਮਾਤੀ ਸਾਂਝ-ਭਿਆਲੀ ਦਾ 'ਰਚਨਾਤਮਕ ਤਜਰਬਾ' ਹੈ ਜਿਸਦੀ ਟਿਕਾਊ, ਰੋਜ਼ਗਾਰਮੁਖੀ ਆਰਥਿਕਤਾ ਉਸਾਰਨ 'ਚ ਘੋਰ ਨਾਕਾਮੀ ਜੱਗ ਜ਼ਾਹਰ ਹੈ। ਨੇਪਾਲੀ ਲੋਕ ਗੁਜ਼ਾਰੇ ਲਈ ਪ੍ਰਦੇਸੀ ਕਿਰਤੀਆਂ ਦੀ ਕਮਾਈ (ਰਮਿਟੈਂਸ) 'ਤੇ ਨਿਰਭਰ ਹਨ। ਰਮਿਟੈਂਸ ਕੁਲ ਘਰੇਲੂ ਪੈਦਾਵਾਰ ਦਾ ਲਗਭਗ 33% ਹੈ ਜੋ ਵਿਸ਼ਵ ਦੇ ਸਭ ਤੋਂ ਉੱਚੇ ਅਨੁਪਾਤਾਂ ਵਿਚੋਂ ਹੈ। ਇਕ ਤਰ੍ਹਾਂ ਨਾਲ ਆਰਥਿਕਤਾ ਘਰੇਲੂ ਨਿਵੇਸ਼ ਦੀ ਬਜਾਏ ਪ੍ਰਦੇਸੀ ਕਿਰਤੀਆਂ ਦੀ ਕਮਾਈ ਨਾਲ ਚੱਲ ਰਹੀ ਹੈ। ਬੁਨਿਆਦੀ ਲੋੜਾਂ ਦੀ ਪੂਰਤੀ ਆਯਾਤ ਰਾਹੀਂ ਕੀਤੀ ਜਾ ਰਹੀ ਹੈ। ਲੰਮੇ ਸਮੇਂ ਦੀ ਬੇਰੁਜ਼ਗਾਰੀ ਕਾਰਨ ਹਾਲਤ ਬੇਹੱਦ ਤਰਸਯੋਗ ਹੈ। 2024 'ਚ ਨੌਜਵਾਨਾਂ 'ਚ ਨੀਮ-ਬੇਰੁਜ਼ਗਾਰੀ ਅਤੇ ਬੇਰੁਜ਼ਗਾਰੀ ਦਰ 20.82% ਅੰਗੀ ਗਈ ਸੀ। ਲਿਹਾਜ਼ਾ, ਆਰਥਿਕਤਾ ਡੂੰਘੀ ਖੜੋਤ 'ਚ ਹੈ, ਨਵਾਂ ਰੋਜ਼ਗਾਰ ਪੈਦਾ ਨਹੀਂ ਹੋ ਰਿਹਾ ਅਤੇ ਹਾਸਲ ਸੀਮਤ ਰੋਜ਼ਗਾਰ ਨੂੰ ਕਾਰਪੋਰੇਟ ਪੱਖੀ ਆਰਥਕ ਨੀਤੀਆਂ ਖ਼ੋਰਾ ਲਾ ਰਹੀਆਂ ਹਨ। ਸਟੇਟ ਨੌਜਵਾਨ ਪੀੜ੍ਹੀ ਨੂੰ ਰੋਜ਼ਗਾਰ ਅਤੇ ਸੁਰੱਖਿਅਤ ਭਵਿੱਖ ਦੇਣ, ਆਰਥਿਕਤਾ ਕਿਰਤ-ਸ਼ਕਤੀ ਨੂੰ ਸਮੋਣ ਅਤੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਸਨਮਾਨਜਨਕ ਰੋਜ਼ਗਾਰ ਜਾਂ ਕੋਈ ਚੱਜ ਦਾ ਕਿੱਤਾਮੁਖੀ ਕੰਮ ਮੁਹੱਈਆ ਕਰਾਉਣ ਦੇ ਨਾਕਾਬਿਲ ਹੈ। ਰੋਜ਼ਗਾਰ ਦੀ ਖ਼ਾਤਰ ਨੌਜਵਾਨ ਮੁਲਕ ਛੱਡਣ ਲਈ ਮਜਬੂਰ ਹਨ। ਮਾਲੀ ਸਾਲ 2024/25 'ਚ 8,39266 ਨੇਪਾਲੀਆਂ ਨੂੰ ਐਗਜ਼ਿਟ ਲੇਬਰ ਪਰਮਿਟ ਜਾਰੀ ਕੀਤੇ ਗਏ। ਲਗਭਗ 3 ਕਰੋੜ ਆਬਾਦੀ ਵਾਲੇ ਮੁਲਕ ਚੋਂ ਐਨੇ ਵੱਡੇ ਪ੍ਰਵਾਸ ਦੀ ਹਾਕਮਾਂ ਨੂੰ ਕੋਈ ਚਿੰਤਾ ਨਹੀਂ ਹੈ।

ਪਿਛਲੇ 16 ਸਾਲ ਦੇ 'ਲੋਕਤੰਤਰ' ਵਿਚ ਅੱਧਖੜ੍ਹ ਉਮਰ ਦੇ ਨੇਪਾਲੀ ਲੋਕਾਂ ਨੇ ਇਨਕਲਾਬੀ ਤਬਦੀਲੀ ਦੇ ਸੁਪਨੇ ਆਪਣੀਆਂ ਅੱਖਾਂ ਸਾਹਮਣੇ ਬੇਵਸੀ ਨਾਲ ਚੂਰ-ਚੂਰ ਹੁੰਦੇ ਦੇਖੇ ਹਨ। ਇਸ ਦੌਰਾਨ ਜਵਾਨ ਹੋਈ ਅਜੋਕੀ ਨੌਜਵਾਨ ਪੀੜ੍ਹੀ ਸੁਰੱਖਿਅਤ ਭਵਿੱਖ ਦੀ ਚਿੰਤਾ 'ਚ ਘਿਰੀ ਹੋਈ ਹੈ। ਉਹ ਰੋਜ਼ਗਾਰ-ਵਿਹੂਣੀ ਆਰਥਕ ਬਦਇੰਤਜ਼ਾਮੀ, ਵਿਆਪਕ ਭ੍ਰਿਸ਼ਟਾਚਾਰ, ਮਹਾਂ ਭ੍ਰਿਸ਼ਟਾਚਾਰੀਆਂ ਨੂੰ ਸਜ਼ਾ ਦੀ ਬਜਾਏ ਰਾਜਸੀ ਪੁਸ਼ਤ-ਪਨਾਹੀ ਅਤੇ ਨਾਲ ਹੀ ਸੱਤਾਧਾਰੀ ਟੱਬਰਾਂ ਦੀ ਘੋਰ ਅੱਯਾਸ਼ੀ ਦੇਖ ਰਹੇ ਸਨ। ਉਨ੍ਹਾਂ ਨੇ ਦੇਖਿਆ ਕਿ ਸਾਬਕਾ ਤਬਦੀਲੀਪਸੰਦ ਕਮਿਊਨਿਸਟਾਂ ਤੋਂ ਘਿਣਾਉਣੇ ਅੱਯਾਸ਼ ਬਣ ਚੁੱਕੇ ਸਿਆਸਤਦਾਨਾਂ ਦੇ ਵਿਗੜੇ ਕਾਕੇ 'ਨੈਪੋ ਕਿਡਜ਼' ਕਿਵੇਂ ਗੁਲਸ਼ਰੇ ਉਡਾ ਰਹੇ ਹਨ। ਉਨ੍ਹਾਂ ਦਾ ਸਰਕਾਰ 'ਤੋਂ ਭਰੋਸਾ ਉੱਠ ਗਿਆ ਅਤੇ ਰਾਜਨੀਤਕ ਠੱਗਾਂ ਦੀ ਜਮਾਤ ਵਿਰੁੱਧ ਆਵਾਜ਼ ਉੱਠਣੀ ਸ਼ੁਰੂ ਹੋ ਗਈ। ਇਹ ਨੌਜਵਾਨ ਬਗ਼ਾਵਤ ਦੀ ਮੂਲ਼ ਵਜ੍ਹਾ ਹੈ। ਜ਼ੋਰ ਫੜ ਰਹੇ ਜਨਤਕ ਵਿਰੋਧ ਨੂੰ ਰੋਕਣ ਲਈ ਸਰਕਾਰ ਨੇ ਡਿਜੀਟਲ ਪਲੇਟਫਾਰਮਾਂ ਦੀ ਆਜ਼ਾਦੀ ਦੀ ਸੰਘੀ ਨੱਪਣ ਦਾ ਰਾਹ ਫੜ ਲਿਆ।

ਇਨ੍ਹਾਂ 'ਜੈੱਨ-ਜ਼ੈੱਡ' ਨੇਪਾਲੀਆਂ ਲਈ ਡਿਜੀਟਲ ਪਲੇਟਫਾਰਮ ਨਿਰੇ ਮਨ-ਪ੍ਰਚਾਵੇ ਦਾ ਸਾਧਨ ਨਹੀਂ ਹਨ; ਇਹ ਸਮਾਜਿਕ ਜੀਵਨ-ਰੇਖਾ ਬਣ ਚੁੱਕੇ ਹਨ, ਜੋ ਉਨ੍ਹਾਂ ਲਈ ਜੌਬ-ਬੋਰਡਾਂ, ਜਾਣਕਾਰੀ ਦੇ ਸੰਚਾਰ ਅਤੇ ਸਮੂਹਿਕ ਹਿਤਾਂ ਲਈ ਵਿਚਾਰਾਂ ਦੇ ਆਦਾਨ-ਪ੍ਰਦਾਨ ਤੇ ਇਕੱਠੇ ਹੋਣ ਦਾ ਵਸੀਲਾ ਹਨ। ਆਈ.ਐੱਮ.ਐੱਫ. ਦੇ ਚਾਰ ਸਾਲਾ ਐਕਸਟੈਂਡਿਡ ਕ੍ਰੈਡਿਟ ਫਸਿਲਟੀ ਪ੍ਰੋਗਰਾਮ ਦੀ ਪਾਲਣਾ ਕਰਦਿਆਂ ਘਰੇਲੂ ਆਮਦਨ ਵਧਾਉਣ ਲਈ ਸਰਕਾਰ ਨੇ ਬਦੇਸ਼ੀ ਈ-ਸਰਵਿਸ ਪ੍ਰੋਵਾਈਡਰਾਂ ਲਈ ਨਵਾਂ ਡਿਜੀਟਲ ਸਰਵਿਸ ਟੈਕਸ ਅਤੇ ਵਧੇਰੇ ਸਖ਼ਤ ਵੈਟ ਨਿਯਮ ਬਣਾ ਦਿੱਤੇ। ਜਦੋਂ ਵੱਡੇ ਡਿਜੀਟਲ ਪਲੇਟਫਾਰਮਾਂ ਨੇ ਰਜਿਸਟਰੇਸ਼ਨ ਕਰਾਉਣ ਤੋਂ ਨਾਂਹ ਕਰ ਦਿੱਤੀ ਤਾਂ ਸਰਕਾਰ ਨੇ ਇਨ੍ਹਾਂ ਪਲੇਟਫਾਰਮਾਂ 'ਤੇ ਪਾਬੰਦੀ ਲਾਉਣੀ ਸ਼ੁਰੂ ਕਰ ਦਿੱਤੀ। ਇਸ ਨਾਲ ਆਵਾਮ ਦੀਆਂ ਆਰਥਕ ਮੁਸ਼ਕਲਾਂ ਹੋਰ ਵਧ ਗਈਆਂ ਅਤੇ ਡਿਜੀਟਲ ਪਾਬੰਦੀ ਭ੍ਰਿਸ਼ਟਾਚਾਰ, ਬੇਕਾਰੀ ਅਤੇ ਆਮ ਨਾਗਰਿਕ ਲਈ ਤਰੱਕੀ ਦੇ ਮੌਕਿਆਂ ਦੀ ਅਣਹੋਂਦ ਵਿਰੁੱਧ ਗੁੱਸੇ ਦੇ ਵਿਸਫੋਟ ਨੂੰ ਪਲੀਤਾ ਲਾਉਣ ਵਾਲੀ ਕਾਰਵਾਈ ਸਿੱਧ ਹੋਈ।

ਉਪਰੋਕਤ 'ਰਚਨਾਤਮਕ ਅਮਲ' ਦੀ ਨਾਕਾਮੀ ਨਾਲ ਆਵਾਮ ਦੀਆਂ ਨਜ਼ਰਾਂ 'ਚ ਖੱਬੇ ਬਦਲ ਦੀ ਪ੍ਰਤੀਤ ਨੂੰ ਖ਼ੋਰਾ ਤਾਂ ਲੱਗਿਆ ਹੀ ਹੈ, ਰਾਜ ਕਰਨ ਦਾ ਇਖ਼ਲਾਕੀ ਹੱਕ ਗੁਆ ਚੁੱਕੇ ਸੱਤਾ ਦੇ ਲੋਭੀ ਇਸ ਅਖਾਉਤੀ ਕਮਿਊਨਿਸਟ ਲਾਣੇ ਨੇ ਰਜਵਾੜਾਸ਼ਾਹੀ ਆਧਾਰਤ ਹਿੰਦੂ ਰਾਸ਼ਟਰ ਨੂੰ ਮੁੜ ਲਿਆਉਣ ਦੇ ਰੁਝਾਨ ਨੂੰ ਮਜ਼ਬੂਤੀ ਵੀ ਬਖ਼ਸ਼ੀ ਹੈ। ਇਸ ਦੌਰਾਨ ਮਾਓਵਾਦੀਆਂ ਦੀ ਇਨਕਲਾਬੀ ਧਾਰਾ ਦੀ ਕੋਈ ਭੂਮਿਕਾ ਨਜ਼ਰ ਨਹੀਂ ਆਈ। ਸਵਾਲ ਇਹ ਹੈ ਕਿ 2008 'ਚ ਸਰਮਾਏਦਾਰਾ ਗਣਰਾਜ ਨਾਲ ਭਿਆਲੀ ਪਾ ਕੇ ਹੋਏ ਪਤਨ ਸਮੇਂ ਕੀ ਸਮੁੱਚੀ ਇਨਕਲਾਬੀ ਧਾਰਾ ਹੀ ਖ਼ਤਮ ਹੋ ਗਈ? ਇਹ ਵੀ ਦੇਖਣਾ ਬਾਕੀ ਹੈ ਕਿ ਕੀ ਮੌਜੂਦਾ ਬਗ਼ਾਵਤ ਵਿਚੋਂ ਕੋਈ ਜਾਨਦਾਰ ਲੜਾਕੂ ਹਿੱਸਾ ਉੱਭਰੇਗਾ ਜੋ ਇਸ ਬਗ਼ਾਵਤ ਦੇ ਪਤਨ ਤੋਂ ਸਬਕ ਸਿੱਖ ਕੇ ਭਵਿੱਖ 'ਚ ਸੱਚੀ ਤਬਦੀਲੀ ਦੇ ਠੋਸ ਪ੍ਰੋਗਰਾਮ ਦੇ ਆਧਾਰ 'ਤੇ ਲੋਕ ਲਹਿਰ ਨੂੰ ਮੁੜ ਜਥੇਬੰਦ ਕਰਨ ਦੇ ਕਾਬਲ ਹੋਵੇ। ਦੂਜੇ ਪਾਸੇ, ਮਾਰਚ ਮਹੀਨੇ 'ਚ ਸਾਬਕਾ ਰਾਜੇ ਦੇ ਸਵਾਗਤ 'ਚ ਹਜ਼ਾਰਾਂ ਰਜਵਾੜਾਸ਼ਾਹੀ ਪੱਖੀਆਂ ਵੱਲੋਂ ਮੁਜ਼ਾਹਰੇ ਘੋਰ ਸੱਜੇਪੱਖੀ ਤਾਕਤਾਂ ਦੇ ਮੁੜ ਉੱਭਰਨ ਦਾ ਸਬੂਤ ਹਨ। ਰਜਵਾੜਾਸ਼ਾਹੀ ਨੂੰ ਸਥਿਰਤਾ ਅਤੇ ਸੱਭਿਆਚਾਰਕ ਇਕਜੁੱਟਤਾ ਦੇ ਆਦਰਸ਼ਕ ਨਮੂਨੇ ਵਜੋਂ ਵਡਿਆਇਆ ਜਾ ਰਿਹਾ ਹੈ। ਸਾਮਰਾਜੀ ਤਾਕਤਾਂ ਅਤੇ ਭਾਰਤ ਦੀ ਹਿੰਦੂਤਵੀ ਸਰਕਾਰ ਵੀ ਆਪਣੇ ਲੋਕ ਵਿਰੋਧੀ ਹਿਤਾਂ 'ਚੋਂ ਨੇਪਾਲ 'ਚ ਘੋਰ ਪਿਛਾਖੜੀ ਰੁਝਾਨ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ।

ਬਦਕਾਰ ਹਾਕਮਾਂ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਤੋਂ ਨਿਰਾਸ਼ ਆਵਾਮ ਵਿਚ ਸਰਕਾਰਾਂ ਵਿਰੁੱਧ ਗੁੱਸਾ ਸਿਰਫ਼ ਨੇਪਾਲ ਜਾਂ ਦੱਖਣੀ ਏਸ਼ੀਆ ਤੱਕ ਸੀਮਤ ਨਹੀਂ ਹੈ, ਸਾਰੇ ਮੁਲਕਾਂ 'ਚ ਹੀ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਦੇ ਝੰਬੇ, ਨਪੀੜੇ ਅਤੇ ਸਤਾਏ ਲੋਕ ਸਰਕਾਰਾਂ ਤੋਂ ਅਸੰਤੁਸ਼ਟ ਹਨ। ਫਰਾਂਸ ਵਿਚ ਮੌਜੂਦਾ ਸਰਕਾਰ ਵਿਰੁੱਧ ਰੋਹ ਭਰੇ ਮੁਜ਼ਾਹਰੇ ਹੋ ਰਹੇ ਹਨ। 'ਬਲੌਕ ਐਵਰੀਥਿੰਗ' ਦੇ ਸੱਦੇ ਤਹਿਤ ਇਨ੍ਹਾਂ ਮੁਜ਼ਾਹਰਿਆਂ ਵਿਚ ਲੱਖਾਂ ਲੋਕਾਂ ਨੇ ਹਿੱਸਾ ਲਿਆ ਹੈ। ਇਹ ਅਜਾਰੇਦਾਰ ਕਾਰਪੋਰੇਟ ਸਰਮਾਏ ਪੱਖੀ ਨੀਤੀਆਂ ਰਾਹੀਂ ਲੋਕਾਂ ਦੇ ਮਨੁੱਖੀ ਤੇ ਜਮਹੂਰੀ ਹੱਕਾਂ ਦੇ ਦਮਨ, ਵਿਆਪਕ ਭ੍ਰਿਸ਼ਟਾਚਾਰ, ਰਾਜਨੀਤਕ ਠੱਗੀ ਦੇ ਬੋਲ-ਬਾਲੇ ਵਿਰੁੱਧ ਖੌਲ਼ ਰਿਹਾ ਲਾਵਾ ਹੈ। ਹੋਰ ਮੁਲਕਾਂ 'ਚ ਵੀ ਕਿਸੇ ਨਾ ਕਿਸੇ ਰੂਪ 'ਚ ਇਸ ਦੇ ਇਜ਼ਹਾਰ ਹੋ ਰਹੇ ਹਨ। ਫ਼ਰਕ ਇਹ ਹੈ ਕਿ ਉਨ੍ਹਾਂ ਦੀ ਅਸੰਤੁਸ਼ਟੀ ਅਜੇ ਅੰਦਰੋ-ਅੰਦਰੀ ਖੌਲ਼ ਰਹੀ ਹੈ ਅਤੇ ਅਜੇ ਰਾਜਨੀਤਕ ਵਿਸਫੋਟ ਦੇ ਅਸਹਿ ਪੱਧਰ 'ਤੇ ਨਹੀਂ ਪਹੁੰਚੀ ਹੈ।

ਨੇਪਾਲ ਦੀ ਹਾਲੀਆ ਬਗ਼ਾਵਤ ਦੇ ਫੌਰੀ ਕਾਰਨ ਭਾਵੇਂ ਕੁਝ ਵੀ ਰਹੇ ਹੋਣ, ਦਰਅਸਲ, ਨੇਪਾਲ ਵਰਗੀਆਂ ਬਗ਼ਾਵਤਾਂ ਅਤੇ ਵਿਰੋਧ ਦੇ ਹੋਰ ਰੂਪ ਉਨ੍ਹਾਂ ਤਾਨਸ਼ਾਹ ਅਤੇ ਕਾਰਪੋਰੇਟ-ਸਰਮਾਏਦਾਰਾ ਰਾਜ ਵਿਰੁੱਧ ਫੈਲ ਰਹੀ ਬੇਚੈਨੀ ਦੇ ਫੁਟਾਰੇ ਹਨ ਜੋ ਲੋਕਤੰਤਰ ਦਾ ਮੁਖੌਟਾ ਪਾ ਕੇ ਆਪਣੇ ਸਮਾਜਾਂ ਨੂੰ ਜੋਕਾਂ ਬਣ ਕੇ ਚਿੰਬੜੇ ਹੋਏ ਹਨ। ਇਸ ਵਰਤਾਰੇ ਨੂੰ ਯੁਗ-ਪਲਟਾਊ ਇਨਕਲਾਬੀ ਤਬਦੀਲੀਆਂ ਦੀ ਇਤਿਹਾਸਕ ਸੂਝ ਨਾਲ ਸਮਝਣ ਦੀ ਲੋੜ ਹੈ। ਹਾਲੀਆ ਰਾਜਨੀਤਕ ਉੱਥਲ-ਪੁੱਥਲ ਵਿਚ ਨਾ ਸਿਰਫ਼ ਹਾਕਮ ਜਮਾਤੀ ਰਾਜਨੀਤਕ ਕੋੜਮੇ ਲਈ ਸਗੋਂ ਦੁਨੀਆ ਭਰ 'ਚ ਤਬਦੀਲੀ ਲਿਆਉਣ ਲੋਚਦੇ ਆਵਾਮ ਲਈ ਵੱਡੇ ਸਬਕ ਮੌਜੂਦ ਹਨ। ਆਵਾਮ ਲਈ ਸਬਕ ਇਹ ਹੈ ਕਿ ਰਾਜ ਪ੍ਰਬੰਧ ਨੂੰ ਢਾਹ ਕੇ ਸਮਾਜ ਨੂੰ ਮੁੱਢੋਂ ਬਦਲੇ ਤੋਂ ਬਿਨਾਂ ਸਿਰਫ਼ ਸਰਕਾਰ ਬਦਲਣਾ ਮਸਲੇ ਦਾ ਹੱਲ ਨਹੀਂ ਹੈ, ਭਾਵੇਂ 'ਖੱਬੇਪੱਖੀ' ਸਰਕਾਰ ਹੀ ਕਿਉਂ ਨਾ ਬਣ ਜਾਵੇ। ਖੁੱਲ੍ਹੀ ਮੰਡੀ ਦੀ ਸਰਦਾਰੀ ਵਾਲੇ ਆਰਥਕ ਮਾਡਲ ਦਾ ਮਾਨਵਤਾ ਵਿਰੋਧੀ, ਕੁਦਰਤ ਵਿਰੋਧੀ ਵਿਨਾਸ਼ਕਾਰੀ ਚਿਹਰਾ ਦੁਨੀਆ ਨੇ ਚੰਗੀ ਤਰ੍ਹਾਂ ਦੇਖ ਲਿਆ ਹੈ। ਇਸਨੇ ਰੋਜ਼ਗਾਰ ਦੇ ਮੌਕੇ ਖ਼ਤਮ ਕੀਤੇ ਹਨ, ਨਾਬਰਾਬਰੀ, ਸਮਾਜਿਕ ਅਨਿਆਂ ਅਤੇ ਅਸੁਰੱਖਿਆ ਵਧਾਈ ਹੈ। ਇਸ ਮਾਡਲ ਨੂੰ ਰੱਦ ਕਰਨ ਲਈ ਦੁਨੀਆ ਭਰ 'ਚ ਜਨਤਕ ਦਬਾਅ ਦੇ ਹਾਲਾਤ ਬਣ ਰਹੇ ਹਨ। ਇਸ ਦੌਰਾਨ ਅਜਾਰੇਦਾਰ ਕਾਰਪੋਰੇਟ ਸਰਮਾਏ ਦੀ ਰਾਖੀ ਲਈ ਘੋਰ ਪਿਛਾਖੜੀ ਤਾਕਤਾਂ ਨੂੰ ਅੱਗੇ ਲਿਆਉਣ ਅਤੇ ਰਾਜ ਪ੍ਰਬੰਧ ਵਿਚ ਉਨ੍ਹਾਂ ਦੀ ਵਧ ਰਹੀ ਦਖ਼ਲਅੰਦਾਜ਼ੀ ਤੇ ਪੁੱਗਤ ਦਾ ਖ਼ਤਰਨਾਕ ਰੁਝਾਨ ਵੀ ਵੱਖ-ਵੱਖ ਮੁਲਕਾਂ 'ਚ ਜ਼ੋਰ ਫੜਦਾ ਸਪਸ਼ਟ ਦੇਖਿਆ ਜਾ ਸਕਦਾ ਹੈ। ਭਵਿੱਖ 'ਚ ਹੋਰ ਮੁਲਕਾਂ 'ਚ ਵੀ ਉਪਰੋਕਤ ਕਿਸਮ ਦੇ ਜਨਤਕ ਉਭਾਰ ਉੱਠਣਗੇ। ਸੱਚੀ ਤਬਦੀਲੀ ਦੀ ਨੁਮਾਇੰਦਗੀ ਕਰਦੀਆਂ ਤਾਕਤਾਂ ਨੂੰ ਅਜਿਹੇ ਮੌਕਿਆਂ ਉੱਪਰ ਸੱਚੀ ਤਬਦੀਲੀ ਦੇ ਠੋਸ ਪ੍ਰੋਗਰਾਮ ਤਹਿਤ ਆਗੂ ਭੂਮਿਕਾ ਨਿਭਾਉਣ ਲਈ ਖ਼ੁਦ ਨੂੰ ਤਿਆਰ ਕਰਨਾ ਚਾਹੀਦਾ ਹੈ।

# ਡਗਸ਼ਈ ਦੀਆਂ ਹਸੀਨ ਪਹਾੜੀਆਂ 'ਚ ਗ਼ਦਰ ਲਹਿਰ ਦੇ ਮਹਾਂਬਲੀਆਂ ਦੀਆਂ ਰੂਹਾਂ ਨੂੰ ਮੁਖ਼ਾਤਿਬ ਹੁੰਦਿਆਂ!

ਸਾਹਮਣੇ ਅਖਬਾਰ ਪਿਆ ਹੈ। ਇਸ ਵੱਲ ਵੇਖ ਕੇ ਘਬਰਾਹਟ ਹੋ ਰਹੀ ਹੈ। ਪਹਿਲੇ ਪੰਨੇ 'ਤੇ ਛਪੀਆਂ ਖ਼ਬਰਾਂ ਡਰਾ ਰਹੀਆਂ ਨੇ। ਹਿਮਾਚਲ ਵਿਚ ਪਹਾੜ ਰੁੜ੍ਹ ਰਹੇ ਨੇ। ਬੱਦਲ ਫਟ ਰਹੇ ਨੇ। ਲੋਕ ਮਰ ਰਹੇ ਨੇ। ਕੁਦਰਤ ਆਪਣਾ ਵਿਰਾਟ ਰੂਪ ਦਿਖਾ ਰਹੀ ਹੈ ਤੇ ਵਿਕਾਸ ਦੇ ਨਵੇਂ ਮਾਡਲ ਨੂੰ ਸ਼ਰ੍ਹੇਆਮ ਚੁਣੌਤੀ ਦੇ ਰਹੀ ਹੈ। ਹਾਈਵੇਅ ਬਣਾਉਣ ਵਾਲਿਆਂ ਨੂੰ ਕਹਿ ਰਹੀ ਹੈ ਭੱਜ ਜਾਓ ਇਥੋਂ। ਜੇਕਰ ਤੁਸੀਂ ਮੇਰਾ ਨਾਸ ਮਾਰੋਗੇ ਤਾਂ ਮੈਂ ਵੀ ਗਿਣ-ਗਿਣ ਕੇ ਬਦਲੇ ਲਊਂਗੀ। ਸੈਰੂਆਂ (ਸੈਰ ਕਰਨ ਵਾਲੇ) ਨਾਲ ਵੀ ਕਈ ਥਾਵਾਂ 'ਤੇ ਦੁਖਾਂਤ ਵਾਪਰ ਚੁਕਾ ਹੈ। ਪਹਾੜਾਂ ਨਾਲ ਇਸ਼ਕ ਕਰਨ ਵਾਲਿਆਂ 'ਚ ਨਮੋਸ਼ੀ ਛਾਈ ਹੋਈ ਹੈ।



ਮੈਂ ਆਪਣੇ ਆਪ ਨਾਲ ਜੂਝ ਰਿਹਾ ਹਾਂ। ਮੈਨੂੰ ਡਗਸ਼ਈ ਜਾਣ ਲਈ ਸੱਦਾ

**ਸਰਬਜੀਤ ਧਾਲੀਵਾਲ**
**ਫੋਨ: 98141-23338**

ਆਇਆ ਹੋਇਆ ਹੈ। ਉਥੇ ਰਹਿਣ ਅਤੇ ਖਾਣ-ਪੀਣ 'ਤੇ ਕੋਈ ਖਰਚਾ ਨਹੀਂ ਹੋਣਾ। ਇਹ ਜ਼ਿੰਮੇਵਾਰੀ ਸੱਦਾ ਪੱਤਰ ਭੇਜਣ ਵਾਲਿਆਂ ਨੇ ਆਪਣੇ ਸਿਰ ਲਈ ਹੋਈ ਹੈ। ਜਾਣ ਨੂੰ ਮਨ ਕਾਹਲਾ ਹੈ ਪਰ ਸਹਿਮਿਆ ਵੀ ਹੋਇਆਂ। ਮੌਸਮ ਵਿਭਾਗ ਦੀ ਭਵਿੱਖਬਾਣੀ ਝੂਠੀ ਜ਼ਿਆਦਾ ਤੇ ਸੱਚੀ ਘਟ ਸਾਬਿਤ ਹੋ ਰਹੀ ਹੈ। ਜਿਸ ਦਿਨ ਵਿਭਾਗ ਕਹਿੰਦਾ ਸੁੱਕ- ਪਕਾ ਰਹੇਗਾ ਉਸ ਦਿਨ ਮੀਂਹ ਹਟਦਾ ਹੀ ਨਹੀਂ ਤੇ ਜਿਸ ਦਿਨ ਬਾਰਿਸ਼ ਹੋਣ ਦੀ ਗੱਲ ਕਹੀ ਹੁੰਦੀ ਹੈ ਉਸ ਦਿਨ ਕਣੀ ਨਹੀਂ ਡਿਗਦੀ। ਕੁਦਰਤ ਆਪਣੇ ਸਾਰੇ ਭੇਦ ਮਨੁੱਖ ਨੂੰ ਨਹੀਂ ਦੱਸਣ ਲੱਗੀ। ਇਹ ਮੰਨ ਲੈਣਾ ਚਾਹੀਦਾ ਹੈ।

ਦੇਖੀ ਜਾਊ। ਇਹ ਸੋਚ ਕੇ ਮੈਂ ਡਗਸ਼ਈ ਜਾਣ ਲਈ ਤਿਆਰ ਹੋ ਜਾਨਾਂ। ਅਸੀਂ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਸੈਕਟਰ 28 ਤੋਂ ਕਈ ਜਣਿਆਂ ਨੇ ਇਕੱਠੇ ਜਾਣਾ ਹੈ। ਸਾਡੇ ਨਾਲ ਕੁਝ ਵਿਦਿਆਰਥੀ ਵੀ ਜਾਣਗੇ। ਬਾਰਿਸ਼ ਅੱਜ ਵੀ ਪੈ ਰਹੀ ਹੈ। ਅਸੀਂ ਵਰ੍ਹਦੇ ਮੀਹ 'ਚ ਹੀ ਚੱਲ ਪੈਂਦੇ ਹਾਂ। ਚੰਡੀਗੜ੍ਹ ਤੋਂ ਥੋੜ੍ਹੀ ਦੂਰ 'ਤੇ ਹੀ ਹਿਮਾਚਲ ਸ਼ੁਰੂ ਹੋ ਜਾਂਦਾ ਹੈ ਤੇ ਹਸੀਨ ਪਹਾੜ ਦਰਸ਼ਨ ਦੇਣ ਲੱਗਦੇ ਨੇ। ਮੀਂਹ ਨਾਲ ਰੱਜ-ਰੱਜ ਕੇ ਨ੍ਹਾਤੇ ਪਹਾੜ ਫ਼ਿਲਮੀ ਹੀਰੋਇਨਾਂ ਵਰਗੇ ਲੱਗ ਰਹੇ ਨੇ। ਚਾਰ ਚੁਫ਼ੇਰੇ ਹਰਿਆਲੀ ਹੀ ਹਰਿਆਲੀ। ਬੱਦਲ ਵੀ ਇਨ੍ਹਾਂ ਪਹਾੜਾਂ 'ਚ ਆ ਕੇ ਨਜ਼ਾਰੇ ਲੈਂਦੇ ਨੇ। ਕੋਈ ਬੱਦਲ ਏਧਰ ਨੂੰ ਲੰਘ ਜਾਂਦਾ ਤੇ ਕੋਈ ਉਧਰ ਨੂੰ।

ਡਗਸ਼ਈ ਭਾਵੇਂ ਚੰਡੀਗੜ੍ਹ ਤੋਂ ਬਹੁਤੀ ਦੂਰ ਨਹੀਂ ਪਰ ਇਹ ਹੈ ਠੰਢੀ, ਲਗਭਗ 6000 ਫੁਟ ਦੀ ਉਚਾਈ 'ਤੇ। ਇਸ ਦਾ ਨਾਂ ਹੀ ਅਜਿਹਾ ਕਿ ਸੁਣ ਕੇ ਹੀ ਬੰਦੇ ਨੂੰ ਠੰਢ ਮਹਿਸੂਸ ਹੋਣ ਲੱਗਦੀ ਹੈ। ਅਸੀਂ ਆਪਣੀ ਮੰਜ਼ਿਲ 'ਤੇ ਖ਼ੈਰ ਸੁਖ ਨਾਲ ਪਹੁੰਚ ਗਏ ਹਾਂ। ਸਾਡਾ ਠਿਕਾਣਾ ਇਕ ਖੂਬਸੂਰਤ ਥਾਂ 'ਤੇ ਬਣੀ ਕੋਠੀ ਵਿਚ ਹੈ। ਕਿਸੇ ਸਰਦੇ-ਪੁਜਦੇ ਪੰਜਾਬੀ ਨੇ ਆਪਣੇ ਸ਼ੌਕ ਪੂਰੇ ਕਰਨ ਲਈ ਬਣਾਈ ਲੱਗਦੀ ਹੈ ਇਹ ਕੋਠੀ। ਜਦੋਂ ਉਹ ਏਥੇ ਨਹੀਂ ਹੁੰਦਾ ਤਾਂ ਇਸ ਦੇ ਕੁਝ ਕਮਰੇ ਕਿਰਾਏ 'ਤੇ ਸੈਰੂਆਂ ਨੂੰ ਦੇ ਦਿੰਦਾ ਹੈ। ਦਿਨ ਸਮੇਂ ਤੁਸੀਂ ਇਸ ਕੋਠੀ ਦੀ ਛੱਤ 'ਤੇ ਚੜ੍ਹ ਕੇ ਬੱਦਲ ਸੈਰ ਕਰਦੇ, ਇਕ ਘਾਟੀ ਤੋਂ ਦੂਜੀ ਘਾਟੀ ਨੂੰ ਜਾਂਦੇ ਦੇਖ ਸਕਦੇ ਹੋ। ਦੂਰ-ਦੂਰ ਤਕ ਨਜ਼ਰ ਪੈ ਰਹੇ ਦਿਓਦਾਰ ਤੇ ਚੀਲ ਦੇ ਦਰਖਤਾਂ ਦੇ ਦਰਸ਼ਨ ਕਰ ਸਕਦੇ ਹੋ। ਰਾਤ ਨੂੰ ਦੂਰ-ਦੂਰ ਤਕ ਘਾਟੀਆਂ 'ਚ ਫੈਲੀ ਰੌਸ਼ਨੀ ਤਾਹਨੂੰ ਆਪਣੇ ਵੱਲ ਇੰਝ ਖਿੱਚਦੀ ਹੈ ਜਿਵੇਂ ਚਕੋਰ ਨੂੰ ਚੰਨ। ਸਾਰੇ ਪਹਾੜ ਅਨੰਤ ਤਾਰਾ ਮੰਡਲ ਲੱਗਦੇ ਨੇ। ਹਰ ਸ਼ੈਅ ਖੂਬਸੂਰਤ ਪੇਂਟਿੰਗ ਨਜ਼ਰ ਆਉਂਦੀ ਹੈ। ਰੱਬ ਨੇ ਇਹ ਪਹਾੜ ਜ਼ਰੂਰ ਆਪਣੇ ਆਨੰਦ ਲਈ ਬਣਾਏ ਹੋਣੇ। ਉਸਨੂੰ ਸ਼ਾਇਦ ਇਹ ਨਹੀਂ ਸੀ ਪਤਾ ਕਿ ਉਸਦਾ ਸਿਰਜਿਆ ਮਨੁੱਖ ਏਨਾ ਲਾਲਚੀ ਹੋ ਚੁੱਕਿਆ ਹੈ ਕਿ ਉਹ ਇਸ ਖੂਬਸੂਰਤ ਪੇਂਟਿੰਗ ਨੂੰ ਬਦਸੂਰਤ ਬਣਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੇਗਾ।

ਮੈਂ ਇਸ ਗੱਲ ਤੋਂ ਪੂਰੀ ਤਰ੍ਹਾਂ ਅਣਜਾਣ ਹਾਂ ਕਿ ਇਨ੍ਹਾਂ ਖੂਬਸੂਰਤ ਘਾਟੀਆਂ 'ਚ ਦੇਸ਼ ਭਗਤਾਂ ਦੀ ਰੂਹ ਦਾ ਵੀ ਵਾਸ ਹੈ। ਮੇਰੇ ਵਰਗੇ ਹੋਰ ਵੀ ਲੱਖਾਂ ਹੋਣਗੇ ਜਿਨ੍ਹਾਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਹੋਵੇਗੀ। ਇਹ ਘਾਟੀਆਂ ਆਜ਼ਾਦੀ ਦੇ ਪ੍ਰਵਾਨਿਆਂ ਦੀ ਬਹਾਦਰੀ ਤੇ ਗੌਰਵ ਦੇ ਵੱਡੇ ਕਿੱਸੇ, ਕਹਾਣੀਆਂ ਸਾਂਭੀ ਬੈਠੀਆਂ ਹਨ। ਅੰਗਰੇਜ਼ ਸ਼ਾਸਕ ਕਿੰਨਾ ਜ਼ਾਲਮ ਸੀ, ਉਸਦੀ ਮਾਨਸਿਕਤਾ ਕਿੰਨੀ ਹਿੰਸਕ ਤੇ ਰਾਖ਼ਸ਼ਨੁਮਾ ਸੀ ਤੇ ਉਨ੍ਹਾਂ ਨੇ ਸੱਤਾ ਵਿਚ ਬਣੇ ਰਹਿਣ ਲਈ ਕਿੰਨੇ ਵਹਿਸ਼ੀ ਤਰੀਕੇ ਅਪਣਾਏ, ਉਸਦੇ ਨਿਸ਼ਾਨ ਅੱਜ ਵੀ ਇਨ੍ਹਾਂ ਘਾਟੀਆਂ 'ਚ ਤੇ ਖਾਸ ਕਰਕੇ ਡਗਸ਼ਈ 'ਚ ਬਰਕਰਾਰ ਹਨ। ਜੇਕਰ ਤੁਸੀਂ ਆਜ਼ਾਦੀ ਦੀ ਤਹਿਰੀਕ 'ਚ ਭਾਗ ਲੈਣ ਵਾਲਿਆਂ ਦੇ ਬੁਲੰਦ ਹੌਂਸਲੇ ਤੇ ਫੌਲਾਦੀ ਇਰਾਦੇ ਬਾਰੇ ਜਾਨਣਾ ਚਾਹੁੰਦੇ ਹੋ ਤਾਂ ਡਗਸ਼ਈ ਆਉਣ ਲਈ ਜ਼ਰੂਰ ਸਮਾਂ ਕੱਢਣਾ। ਇਨ੍ਹਾਂ ਠੰਢੀਆਂ ਵਾਦੀਆਂ ਵਿਚ ਦਰਜਨਾਂ ਗ਼ਦਰੀਆਂ ਦਾ ਗਰਮ ਖੂਨ ਡੁੱਲ੍ਹਿਆ ਹੋਇਆ ਹੈ।

ਅੰਗਰੇਜ਼ ਤੋਂ ਪਹਿਲਾਂ ਇਥੇ ਮੁਗ਼ਲਾਂ ਨੇ ਵੀ ਬੜੇ ਜ਼ੁਲਮ ਢਾਹੇ, ਤੇ ਇਸ ਜ਼ੁਲਮ ਦੇ ਨਿਸ਼ਾਨ ਡਗਸ਼ਈ ਨੇ ਆਪਣੇ ਨਾਂ 'ਚ ਸਾਂਭੇ ਹੋਏ ਨੇ। ਪਹਿਲਾਂ ਇਹ ਛੋਟਾ ਜਿਹਾ ਪਿੰਡ ਸੀ। ਇਹ ਮੰਨਿਆ ਜਾਂਦਾ ਹੈ ਕਿ ਮੁਗ਼ਲ ਕਾਲ ਸਮੇਂ ਇਥੇ ਖੂੰਖਾਰ ਕੈਦੀਆਂ ਦੇ ਮੱਥੇ ਇਕ ਦਾਗ ਲੋਹੇ ਦੇ ਤੱਕਲੇ ਨੂੰ ਗਰਮ ਕਰਕੇ ਦਿੱਤਾ ਜਾਂਦਾ ਸੀ। ਉਸ ਨਿਸ਼ਾਨ ਨੂੰ 'ਦਾਗ-ਏ-ਸ਼ਾਹੀ' ਕਿਹਾ ਜਾਂਦਾ ਸੀ। ਹੌਲੀ ਹੌਲੀ ਦਾਗ-ਏ-ਸ਼ਾਹੀ ਲੋਕ ਬੋਲੀ ਵਿਚ ਵਿਗੜਦਾ ਵਿਗੜਦਾ ਦਾਗ ਤੋਂ ਡਗ ਤੇ ਸ਼ਾਹੀ ਤੋਂ ਸ਼ਈ ਬਣ ਗਿਆ। ਤੇ ਲੋਕਾਂ ਨੇ ਇਸਨੂੰ ਡਗਸ਼ਈ ਕਹਿਣਾ ਸ਼ੁਰੂ ਕਰ ਦਿੱਤਾ।

ਉੱਤਰੀ ਭਾਰਤ ਵਿਚ ਆਪਣੇ ਰਾਜ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਅੰਗਰੇਜ਼ਾਂ ਨੇ ਛਾਉਣੀਆਂ ਉਸਾਰਨੀਆਂ ਸ਼ੁਰੂ ਕਰ ਦਿੱਤੀਆਂ। ਪਹਿਲਾਂ ਕਸੌਲੀ ਤੇ ਸ਼ਿਮਲਾ ਛਾਉਣੀਆਂ ਬਣਾਈਆਂ ਤੇ ਫਿਰ ਕਸੌਲੀ ਛਾਉਣੀ ਬਣਾਉਣ ਲਈ ਪਟਿਆਲਾ ਵਾਲੇ ਰਾਜੇ ਤੋਂ ਮੁਫ਼ਤ 'ਚ ਪੰਜ ਪਿੰਡ-ਡਗਸ਼ਈ, ਡੱਬੀ, ਬੁਗਤ, ਚੁਨਾਵਾਗ ਤੇ ਜਾਵੱਗ ਲੈ ਲਏ। ਤੇ 1847 ਵਿਚ ਇਥੇ ਛਾਉਣੀ ਬਣਾਉਣੀ ਸ਼ੁਰੂ ਕਰ ਦਿਤੀ। ਅੰਗਰੇਜ਼ ਗਰਮੀ ਨਹੀਂ ਸੀ ਝੱਲ ਸਕਦੇ। ਦੂਸਰਾ ਗੋਰਖਿਆਂ ਦੇ ਹਮਲੇ ਰੋਕਣ ਲਈ ਵੀ ਇਹ ਕੀਤਾ ਗਿਆ ਸੀ। ਗਰਮੀ ਦੇ ਸਤਾਏ ਅੰਗਰੇਜ਼ਾਂ ਨੇ ਆਪਣੇ ਵੱਡੇ ਟਿਕਾਣੇ ਪਹਾੜਾਂ 'ਤੇ ਸਥਾਪਤ ਕੀਤੇ। ਉਨ੍ਹਾਂ 'ਚ ਹਿਮਾਚਲ ਮੁੱਖ ਸੀ। ਸਰਦੀ 'ਚ ਫੌਜ ਅੰਬਾਲਾ ਛਾਉਣੀ ਤੇ ਗਰਮੀ 'ਚ ਸ਼ਿਮਲੇ, ਕਸੌਲੀ ਤੇ ਡਗਸ਼ਈ ਆ ਜਾਂਦੀ ਸੀ।


ਅੰਗਰੇਜ਼ਾਂ ਨੇ ਛਾਉਣੀ ਬਣਾਉਣ ਤੋਂ ਬਾਅਦ ਸਭ ਤੋਂ ਪਹਿਲਾ ਕੰਮ ਡਗਸ਼ਈ ਵਿਚ ਜੇਲ੍ਹ ਬਣਾਉਣ ਦਾ ਕੀਤਾ। 1849 ਵਿਚ ਬਣਾਈ ਗਈ ਇਸ ਜੇਲ੍ਹ ਨੂੰ ਦੇਖ ਕੇ ਅਜੇ ਵੀ ਬੰਦੇ ਦਾ ਦਿਲ ਦਹਿਲ ਜਾਂਦਾ ਹੈ। ਇਸ ਨੂੰ ਦੇਖ ਕੇ ਤੁਹਾਨੂੰ ਅੰਦਾਜ਼ਾ ਹੋ ਜਾਵੇਗਾ ਕਿ ਕਿੰਨੇ ਜ਼ਾਲਮ ਸੀ ਅੰਗਰੇਜ਼ ਸ਼ਾਸਕ। ਉਸ ਸਮੇਂ ਇਹ ਜੇਲ੍ਹ ਬਣਾਉਣ 'ਤੇ 73000 ਰੁਪਏ ਖਰਚ ਹੋਏ ਸਨ। ਇਸ ਵਿਚ 50 ਕੋਠੜੀਆਂ ਹਨ। ਹਰ ਕੋਠੜੀ ਅੱਠ ਫੁੱਟ ਚੌੜੀ, 12 ਫੁੱਟ ਲੰਬੀ ਤੇ 20 ਫੁੱਟ ਉੱਚੀ ਹੈ। ਅੰਦਰ ਘੁੱਪ ਹਨੇਰਾ। ਅਸਲ ਵਿਚ ਇਹ ਕੋਠੜੀਆਂ ਕਿਸੇ ਹੋਰਰ ਫਿ਼ਲਮ 'ਚ ਦਿਖਾਈਆਂ ਗੁਫਾਵਾਂ ਵਰਗੀਆਂ ਨੇ। ਰੌਸ਼ਨੀ ਤੇ ਹਵਾ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਜੇਲ੍ਹ ਦੇ ਇਕ ਪਾਸੇ ਏਕਾਂਤ ਕਾਰਵਾਸ (solitary conafinement) ਲਈ ਕੋਠੜੀਆਂ ਹਨ। ਇਹ ਦੂਸਰੀਆਂ ਕੋਠੀਆਂ ਨਾਲੋਂ ਵੀ ਜ਼ਿਆਦਾ ਡਰਾਉਣੀਆਂ ਹਨ। ਇਹ ਜੇਲ੍ਹ ਆਜ਼ਾਦੀ ਦੇ ਇਤਿਹਾਸ ਦੇ ਸਭ ਤੋਂ ਖ਼ੌਫਨਾਕ ਮੰਜ਼ਰਾਂ ਵਿਚੋਂ ਇਕ ਹੈ। ਇਸ ਨੂੰ ਮਿੰਨੀ ਅੰਡੇਮਾਨ ਵਾਲ਼ੀ ਸੈਲੂਲਰ ਜੇਲ੍ਹ ਵਜੋਂ ਵੀ ਜਾਣਿਆ ਜਾਂਦਾ ਹੈ।

ਮੈਂ ਜੇਲ ਦੀ ਹਰ ਕੋਠੜੀ ਦੇ ਅੰਦਰ ਰਹਿ ਕੇ ਕੁੱਝ ਸਮਾਂ ਗੁਜ਼ਾਰਦਾ ਹਾਂ ਤੇ ਉਨ੍ਹਾਂ ਮਹਾਂ ਬਲੀਆਂ ਨੂੰ ਯਾਦ ਕਰਦਾ ਹਾਂ ਜੋ ਸਾਡੇ ਲਈ ਆਜ਼ਾਦੀ ਦੀ ਲੜਾਈ ਲੜਦੇ ਸ਼ਹੀਦ ਹੋ ਗਏ। ਇਸ ਜੇਲ੍ਹ ਨੂੰ ਦੇਖ ਕੇ ਅੱਜ ਵੀ ਰੂਹ ਕੰਬ ਜਾਂਦੀ ਹੈ ਤੇ ਕੁੱਝ ਪਲਾਂ 'ਚ ਹੀ ਤੁਹਾਡੇ ਮਨ ਮੰਦਰ 'ਤੇ ਉਦਾਸੀ ਛਾ ਜਾਂਦੀ ਹੈ। ਇਨ੍ਹਾਂ ਹਨੇਰ ਕੋਠੜੀਆਂ ਵਿਚ ਕਿਵੇਂ ਆਜ਼ਾਦੀ ਦੇ ਪਰਵਾਨੇ ਤੇ ਗ਼ਦਰੀ ਬਾਬੇ ਮਹੀਨਿਆਂ ਬੱਧੀ ਰਹੇ ਹੋਣੇ? ਉਨ੍ਹਾਂ ਦੇ ਕਿੰਨੇ ਵੱਡੇ ਹੌਂਸਲੇ ਹੋਣਗੇ? ਕਿਸ ਮਿੱਟੀ ਦੇ ਬਣੇ ਹੋਣਗੇ ਉਹ ਲੋਕ? ਕਿਸ ਤਰ੍ਹਾਂ ਅੰਗਰੇਜ਼ ਸਿਪਾਹੀ ਉਨ੍ਹਾਂ 'ਤੇ ਜ਼ੁਲਮ ਢਾਉਂਦੇ ਹੋਣੇ? ਇਹ ਸਵਾਲ ਮੇਰੇ ਅੰਦਰ ਖੌਰੂ ਪਾ ਰਹੇ ਹਨ। ਮੈਨੂੰ ਸਤਿੰਦਰ ਸਰਤਾਜ ਯਾਦ ਆ ਰਿਹਾ ਹੈ। ਉਸਦੇ ਗੀਤ ਦੇ ਇਹ ਬੋਲ ਮੇਰੇ ਅੰਦਰ ਖੜ੍ਹੇ ਹੋਏ ਤੂਫ਼ਾਨ ਨੂੰ ਸ਼ਾਂਤ ਕਰਨ 'ਚ ਸਹਾਈ ਹੁੰਦੇ ਨੇ।

ਏਥੇ ਸਰਤਾਜ ਵਰਗੇ ਬਥੇਰੇ ਘੁੰਮਦੇ ਨੇ,
ਸੱਚੇ ਸੁਚੇ ਅਹਿਸਾਸਾਂ ਨਾਲ ਆਪਣਿਆਂ,
ਰੰਗਾਂ ਵਿਚ ਰੰਗ ਜਾਣ ਵਾਲੇ ਬੰਦੇ ਆਮ ਨਹੀਂ ਹੁੰਦੇ,
ਜਦੋਂ ਪਤਾ ਹੋਵੇ ਸੀਨਿਆਂ 'ਚ ਛੇਕ ਹੋਣਗੇ,
ਉਦੋਂ ਜੰਗ ਜਾਣ ਵਾਲੇ ਬੰਦੇ ਆਮ ਨਹੀਂ ਹੁੰਦੇ,
ਰੱਸੇ ਚੁੰਮ ਕੇ ਹੱਥੀਂ ਆਪੇ ਆਪਣਾ ਵਜੂਦ,
ਫਾਹੇ ਟੰਗ ਜਾਣ ਵਾਲੇ ਬੰਦੇ ਆਮ ਨਹੀਂ ਹੁੰਦੇ।

ਵਾਕਿਆ ਹੀ ਇਹ ਆਮ ਬੰਦੇ ਨਹੀਂ ਸੀ। 'ਨਿਸ਼ਚੇ ਕਰ ਆਪਣੀ ਜੀਤ ਕਰੂੰ' ਸੋਚ ਦੇ ਧਾਰਨੀ ਸਨ ਇਹ ਲੋਕ। ਮੈਨੂੰ ਲੱਗ ਰਿਹਾ ਹੈ ਕਿ ਹੁਣੇ ਹੀ ਕਿਸੇ ਨਾ ਕਿਸੇ ਕੋਠੜੀ 'ਚ ਕਿਸੇ ਮਹਾਂਬਲੀ ਗ਼ਦਰੀ ਬਾਬੇ ਦੀ ਆਵਾਜ਼ ਆਵੇਗੀ ਤੇ ਪੁੱਛੇਗੀ ਕਿ ਆਪਣੇ ਵਤਨ ਦਾ ਕੀ ਹਾਲ ਹੈ, ਜਿਸ ਲਈ ਅਸੀਂ ਆਪਾ ਵਾਰ ਦਿੱਤਾ? ਆਜ਼ਾਦੀ ਤੋਂ ਬਾਅਦ ਦੇ ਦੇਸੀ ਸ਼ਾਸਕਾਂ ਬਾਰੇ ਪੁੱਛਿਆ ਜਾਵੇਗਾ। ਮੇਰੇ ਕੋਲ ਕੋਈ ਢੁਕਵਾਂ ਜਵਾਬ ਨਹੀਂ ਹੋਵੇਗਾ। ਮੈਨੂੰ ਧਰਤੀ ਵੇਲ ਨਹੀਂ ਦੇਵੇਗੀ। ਮੈਂ ਸਿਰਫ ਇਹ ਹੀ ਕਹਿ ਸਕਾਗਾਂ ਕਿ ਤੁਸੀਂ ਸਾਡੇ ਲਈ ਸ਼ਹੀਦ ਹੋ ਗਏ। ਅਸੀਂ ਤੁਹਾਡੀ ਸ਼ਹੀਦੀ ਦੇ ਹਾਣ ਦੇ ਤਾਂ ਕੀ ਹੋਣਾ ਸੀ ਉਸਦੇ ਨੇੜੇ-ਤੇੜੇ ਵੀ ਨਹੀਂ ਪਹੁੰਚ ਸਕੇ। ਅਸੀਂ ਤੁਹਾਡੀ ਸ਼ਹੀਦੀ ਦਾ ਮਾਣ ਵੀ ਨਹੀਂ ਰੱਖ ਸਕੇ। ਅਸੀਂ ਤਾਂ ਤੁਹਾਨੂੰ ਕਦੋਂ ਦੇ ਭੁੱਲ ਗਏ ਸੀ। ਜੇਕਰ ਸਰਦਾਰ ਅਜਮੇਰ ਸਿੰਘ, ਜਿਨ੍ਹਾਂ ਦੀ ਉਮਰ ਹੁਣ 100 ਸਾਲ ਦੇ ਕਰੀਬ, ਡਗਸ਼ਈ ਨਾ ਰਹਿੰਦਾ ਹੁੰਦਾ ਤਾਂ ਤੁਹਾਨੂੰ ਕਿਸੇ ਨੇ ਯਾਦ ਤਕ ਵੀ ਨਹੀਂ ਸੀ ਕਰਨਾ। ਉਸਦੀ ਹਿੰਮਤ ਸਦਕਾ ਤੁਹਾਡੀ ਕੁਰਬਾਨੀ ਮੁੜ ਜ਼ਿੰਦਾ ਹੋਈ ਹੈ ਤੇ ਇਥੇ ਮਿਊਜ਼ੀਅਮ ਬਣੀ ਹੈ ਜਿਥੇ ਤੁਹਾਡੇ ਨਾਲ ਜੁੜਿਆ ਇਤਿਹਾਸ ਤੇ ਯਾਦਾਂ ਸਾਂਭ ਕੇ ਰੱਖੀਆਂ ਗਈਆਂ ਨੇ ਤੇ ਚਰੰਜੀ ਲਾਲ ਕੰਗਣੀਵਾਲ ਜੀ ਨੇ ਤੁਹਾਡੇ ਬਾਰੇ ਕਿਤਾਬ ਲਿਖ ਕੇ ਆਜ਼ਾਦੀ ਦੀ ਤਵਾਰੀਖ਼ ਦਾ ਇਕ ਅਹਿਮ ਪਹਿਲੂ ਸਾਂਭ ਲਿਆ ਹੈ।



ਉਸ ਬ੍ਰਿਗੇਡੀਅਰ ਪੀ ਐਨ ਅਨੰਥਅਨ ਆਰੀਆ ਦਾ ਵੀ ਧੰਨਵਾਦ ਕਰਨਾ ਬਣਦਾ ਜਿਸਨੇ ਸਾਲ 2011 ਵਿਚ, ਆਜ਼ਾਦੀ ਤੋਂ ਕੋਈ 64 ਸਾਲ ਬਾਅਦ, ਤੁਹਾਡੀ ਯਾਦ ਨੂੰ ਸਦੀਵੀ ਬਣਾਉਣ ਲਈ ਇਸ ਜੇਲ੍ਹ ਦੀ ਇਮਾਰਤ ਨੂੰ ਮਿਊਜ਼ੀਅਮ 'ਚ ਬਦਲਣ ਬਾਰੇ ਸੋਚਿਆ ਤੇ ਆਪਣੇ ਸੁਪਨੇ ਨੂੰ ਪੂਰ ਚੜ੍ਹਾਇਆ। ਮੈਨੂੰ ਲੱਗਦਾ ਹੈ ਕਿ ਅਸੀਂ ਅਕ੍ਰਿਤਘਣ ਸਾਬਿਤ ਹੋਏ ਹਾਂ ਤੇ ਅਕ੍ਰਿਤਘਣਾਂ ਦਾ ਭਾਰ ਤਾਂ ਧਰਤੀ ਵੀ ਨਹੀਂ ਝੱਲਦੀ। ਸਾਡੇ ਬਹੁਤੇ ਸ਼ਾਸਕ ਸਭ ਕੁਝ ਨਿਗ਼ਲ ਜਾਂਦੇ ਨੇ। ਉਹ ਰਾਜਨੀਤੀ ਦੀ ਖੇਤੀ ਝੂਠ ਤੂਫ਼ਾਨ ਬੀਜ ਕੇ ਕਰਦੇ ਨੇ ਤੇ ਇਸ ਤੋਂ ਜੋ ਫ਼ਸਲ ਪੈਦਾ ਹੁੰਦੀ ਹੈ ਉਸ ਤੋਂ ਵੱਡੀ ਕਮਾਈ ਕਰਦੇ ਨੇ। ਬਹੁਤੇ ਰਾਜਨੀਤਕ ਲੋਕ ਤਾਂ ਸਾਧ ਦੇ ਭੇਸ 'ਚ ਚੋਣਾਂ ਲੜਦੇ ਨੇ ਤੇ ਡਾਕੂ ਬਣ ਕੇ ਰਾਜ ਕਰਦੇ ਨੇ। ਚੋਣਾਂ ਤੋਂ ਬਾਅਦ ਲੋਕ ਪਛਤਾਉਂਦੇ ਨੇ ਪਰ ਫਿਰ ਸਿਰਫ ਪਛਤਾਵਾ ਹੀ ਪੱਲੇ ਰਹਿ ਜਾਂਦਾ ਹੈ।

ਮੈਂ ਕਾਫੀ ਦੇਰ ਆਪਣੇ ਆਪ 'ਚ ਗੁਆਚਾ ਰਹਿੰਦਾ ਹਾਂ। ਪਲੋ-ਪਲ ਮੇਰੀ ਦਿਲਚਸਪੀ ਡਗਸ਼ਈ ਦੀਆਂ ਮਨ ਨੂੰ ਮੰਤਰ ਮੁਗਧ ਕਰਦੀਆਂ ਘਾਟੀਆਂ, ਦਿਓਦਾਰ ਤੇ ਚੀਲ ਦੇ ਦਰਖਤਾਂ ਨਾਲ ਲੱਦੀਆਂ ਉੱਚੀਆਂ ਪਹਾੜੀਆਂ 'ਚ ਘਟਣੀ ਤੇ ਜੇਲ੍ਹ ਬਾਬਤ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਵਧਣੀ ਸ਼ੁਰੂ ਹੋ ਜਾਂਦੀ ਹੈ। ਬਾਹਰ ਜ਼ੋਰ ਦੀ ਮੀਂਹ ਪੈ ਰਿਹਾ ਹੈ। ਜੇਲ੍ਹ ਦਾ ਬਾਹਰਲਾ ਵਰਾਂਡਾ ਚੋਅ ਰਿਹਾ ਹੈ। ਮੇਰੇ ਨਾਲ ਹੋਰ ਵੀ ਸਾਥੀ ਤੇ ਇਕ ਪਿਆਰੀ ਬੱਚੀ ਵੀ ਹੈ। ਉਹ ਵੀ ਜੇਲ੍ਹ ਦੇਖਣ 'ਚ ਦਿਲਚਸਪੀ ਲੈ ਰਹੀ ਹੈ। ਅਸੀਂ ਉਸਨੂੰ ਥੋੜ੍ਹਾ ਬਹੁਤ ਦੱਸਣ ਦੀ ਕੋਸ਼ਿਸ਼ ਕਰ ਰਹੇ ਹਾਂ। ਫੋਟੋਆਂ ਖਿੱਚ ਰਹੇ ਹਾਂ, ਖਿਚਾ ਰਹੇ ਹਾਂ। ਉਸ ਕੋਠੜੀ 'ਚ ਜਾਂਦੇ ਹਾਂ ਜਿਥੇ ਮਹਾਤਮਾ ਗਾਂਧੀ ਦੇ ਕਾਤਲ ਨੱਥੂ ਰਾਮ ਗੌਡਸੇ ਨੂੰ ਰੱਖਿਆ ਗਿਆ ਸੀ। ਕਿਹਾ ਜਾਂਦਾ ਹੈ ਕਿ ਉਸਨੂੰ ਸ਼ਿਮਲੇ ਹਾਈ ਕੋਰਟ ਪੇਸ਼ੀ 'ਤੇ ਲਿਜਾਂਦੇ ਸਮੇਂ ਇਥੇ ਰੱਖਿਆ ਗਿਆ ਸੀ। ਸ਼ਿਮਲੇ ਪੀਟਰਹੋਫ਼ ਬਿਲਡਿੰਗ, ਜਿਸ ਵਿਚ ਪਹਿਲਾਂ ਅੰਗਰੇਜ਼ ਵਾਇਸਰਾਏ ਰਹਿੰਦੇ ਸਨ, ਵਿਚ ਆਜ਼ਾਦੀ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਸਥਾਪਤ ਕਰ ਦਿੱਤੀ ਗਈ ਸੀ ਤੇ ਇਥੇ ਨੱਥੂ ਰਾਮ ਗੌਡਸੇ ਦਾ ਕੇਸ







*(ਬਾਕੀ ਅਗਲੇ ਸਫੇ 'ਤੇ)*

# ਪ੍ਰਿੰ. ਸਰਵਣ ਸਿੰਘ ਨੂੰ ਮਿਲਿਆ 'ਸਤਿਗੁਰੂ ਰਾਮ ਸਿੰਘ ਲਾਈਫ਼ ਟਾਈਮ ਅਚੀਵਮੈਂਟ ਐਵਾਰਡ'

## ਹਰਦਿਆਲ ਸਿੰਘ ਝੀਤਾ ਦੀ ਪਲੇਠੀ ਕਾਵਿ-ਪੁਸਤਕ 'ਤੇਰੇ ਬਾਝੋਂ' ਲੋਕ-ਅਰਪਣ



**ਬਰੈਂਪਟਨ:** ਲੰਘੇ ਐਤਵਾਰ 'ਕਲਮਾਂ ਦੀ ਸਾਂਝ' ਸਾਹਿਤਕ ਸੰਸਥਾ ਵੱਲੋਂ ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ ਨੂੰ ਬਰੈਂਪਟਨ ਦੇ 'ਵਿਸ਼ਵ ਪੰਜਾਬੀ ਭਵਨ' ਵਿਚ 'ਸਤਿਗੁਰੂ ਰਾਮ ਸਿੰਘ ਲਾਈਫ਼ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। 2023 ਵਿਚ ਝੀਤਾ ਪਰਿਵਾਰ ਵੱਲੋਂ ਆਪਣੇ ਪਿਤਾ ਸ. ਮਿਹਰ ਸਿੰਘ ਝੀਤਾ ਤੇ ਮਾਤਾ ਸਰਦਾਰਨੀ ਪ੍ਰੀਤਮ ਕੌਰ ਦੀ ਯਾਦ ਵਿਚ ਇਹ ਸਨਮਾਨ ਸ਼ੁਰੂ ਕੀਤਾ ਗਿਆ ਸੀ। ਸਮਾਗ਼ਮ ਵਿਚ ਹਰਦਿਆਲ ਸਿੰਘ ਝੀਤਾ ਦੀ ਪਲੇਠੀ ਕਾਵਿ-ਪੁਸਤਕ 'ਤੇਰੇ ਬਾਝੋਂ' ਵੀ ਲੋਕ-ਅਰਪਿਤ ਕੀਤੀ ਗਈ।

ਸਮਾਗ਼ਮ ਦੀ ਸ਼ੁਰੂਆਤ ਗਾਇਕਾ ਰਿੰਟੂ ਭਾਟੀਆ ਵੱਲੋਂ ਗਾਏ ਸ਼ਬਦ 'ਅਨੰਦ ਭਇਆ ਮੇਰੀ ਮਾਏ' ਨਾਲ ਹੋਈ। ਇਸ ਤੋਂ ਪਹਿਲਾਂ ਡਾ. ਵਰਿਆਮ ਸਿੰਘ ਸੰਧੂ, ਪ੍ਰਿੰਸੀਪਲ ਸਰਵਣ ਸਿੰਘ, ਕਿਰਪਾਲ ਸਿੰਘ ਪੰਨੂੰ, ਸੁਰਜੀਤ ਕੌਰ ਵੱਲੋਂ ਗਿਆਨ-ਰੂਪੀ ਜੋਤ ਜਗਾਉਣ ਦੀ ਰਸਮ ਅਦਾ ਕੀਤੀ ਗਈ। ਉੱਘੇ ਸਮਾਜ-ਸੇਵਕ ਇੰਦਰਜੀਤ ਸਿੰਘ ਬੱਲ ਨੇ ਆਏ ਮਹਿਮਾਨਾਂ ਤੇ ਸਮੂਹ ਸਰੋਤਿਆਂ ਨੂੰ ਨਿੱਘੀ 'ਜੀ-ਆਇਆਂ' ਕਹੀ ਅਤੇ ਰੇਡੀਓ 'ਸਰਗਮ' ਦੇ ਸੰਚਾਲਕ ਡਾ. ਬਲਵਿੰਦਰ ਨੇ ਪ੍ਰਿੰਸੀਪਲ ਸਰਵਣ ਸਿੰਘ ਤੇ ਹਰਦਿਆਲ ਸਿੰਘ ਝੀਤਾ ਨੂੰ ਮੁਬਾਰਕਬਾਦ ਦਿੱਤੀ। ਪ੍ਰਧਾਨਗੀ-ਮੰਡਲ ਵਿਚ ਡਾ. ਵਰਿਆਮ ਸਿੰਘ ਸੰਧੂ, ਪ੍ਰਿੰਸੀਪਲ ਸਰਵਣ ਸਿੰਘ, ਕਿਰਪਾਲ ਸਿੰਘ ਪੰਨੂੰ, ਪੀਲ ਡਿਸਟ੍ਰਿਕਟ ਸਕੂਲ ਸਿੱਖਿਆ ਬੋਰਡ ਦੇ ਵਾਈਸ-ਚੇਅਰਪਰਸਨ ਸਤਪਾਲ ਸਿੰਘ ਜੌਹਲ, ਉੱਘੇ ਚਿੰਤਕ ਪ੍ਰੋ. ਰਾਮ ਸਿੰਘ, ਕਵਿੱਤਰੀ ਸੁਰਜੀਤ ਕੌਰ, ਹਰਦਿਆਲ ਸਿੰਘ ਝੀਤਾ ਦੇ ਵੱਡੇ ਭਰਾ ਬਚਿੱਤਰ ਸਿੰਘ ਝੀਤਾ ਅਤੇ ਉਨ੍ਹਾਂ ਦੀ ਪਤਨੀ ਕਮਲਜੀਤ ਕੌਰ ਝੀਤਾ ਸ਼ਾਮਲ ਸਨ। ਮੰਚ-ਸੰਚਾਲਨ ਪਿਆਰਾ ਸਿੰਘ ਕੁੱਦੋਵਾਲ ਨੇ ਕੀਤਾ।

ਸਮਾਗ਼ਮ ਦੇ ਪਹਿਲੇ ਸੈਸ਼ਨ ਵਿਚ ਹਰਦਿਆਲ ਸਿੰਘ ਝੀਤਾ ਦੀ ਪੁਸਤਕ ਉੱਪਰ ਪ੍ਰੋ. ਤਲਵਿੰਦਰ ਸਿੰਘ ਮੰਡ ਨੇ ਸੰਖੇਪ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਵਿਚ ਝੀਤਾ ਵੱਲੋਂ ਲੰਮੀਆਂ ਤੇ ਲਘੂ 63 ਖੁੱਲ੍ਹੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਉਹ ਦੁੱਖ, ਦਰਦ, ਵਿਛੋੜੇ, ਉਡੀਕ, ਪਰਵਾਸ, ਰੱਬ, ਆਸਥਾ, ਧਰਮ, ਮਾਂ-ਬੋਲੀ ਪੰਜਾਬੀ, ਔਰਤ, ਆਦਿ ਵਿਸ਼ਿਆਂ ਦੀ ਗੱਲ ਕਰਦਾ ਹੈ।

'ਕਲਮਾਂ ਦੀ ਸਾਂਝ ਸੰਸਥਾ' ਵੱਲੋਂ ਪ੍ਰੌੜ-ਲੇਖਕਾਂ ਨੂੰ ਇਸ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕਰਨ ਦੀ ਸ਼ਾਨਦਾਰ ਪ੍ਰਥਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਵੱਲੋਂ ਨਵੀਆਂ ਕਲਮਾਂ ਦੀ ਹੌਸਲਾ-ਅਫ਼ਜ਼ਾਈ ਕਰਨ ਦੀ ਗੱਲ ਵੀ ਛੇੜੀ ਗਈ। ਇਸ ਦੌਰਾਨ ਪੀਲ ਡਿਸਟ੍ਰਿਕਟ ਸਕੂਲ ਸਿਖਿਆ ਬੋਰਡ ਦੇ ਵਾਈਸ-ਚੇਅਰਪਰਸਨ ਸਤਪਾਲ ਸਿੰਘ ਜੌਹਲ, ਪ੍ਰੋ. ਜਗੀਰ ਸਿੰਘ ਕਾਹਲੋਂ ਅਤੇ ਪਿਆਰਾ ਸਿੰਘ ਕੁੱਦੋਵਾਲ ਨੇ ਵੀ ਪੁਸਤਕ ਬਾਰੇ ਵਿਚਾਰ ਪੇਸ਼ ਕੀਤੇ। ਹਰਦਿਆਲ ਸਿੰਘ ਝੀਤਾ ਨੇ ਬੁਲਾਰਿਆਂ, ਸਮੂਹ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ।

ਸਮਾਗ਼ਮ ਦੇ ਦੂਸਰੇ ਸੈਸ਼ਨ ਵਿਚ ਨਾਮਧਾਰੀ ਸੰਪਰਦਾਇ ਦੇ ਆਗੂ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ, ਸਮਾਜ ਸੁਧਾਰਾਂ ਅਤੇ ਕੂਕਾ ਲਹਿਰ ਦੌਰਾਨ ਨਾਮਧਾਰੀ ਯੋਧਿਆਂ ਦੀ ਕੁਰਬਾਨੀ ਬਾਰੇ 10 ਕੁ ਮਿੰਟ ਦੀ ਡਾਕੂਮੈਂਟਰੀ ਵਿਖਾਈ ਗਈ। ਉਪਰੰਤ, ਉੱਘੇ ਚਿੰਤਕ ਪ੍ਰੋਫ਼ੈਸਰ ਰਾਮ ਸਿੰਘ ਨੇ ਸਤਿਗੁਰੂ ਰਾਮ ਸਿੰਘ ਨੂੰ ਮਹਾਨ ਸਮਾਜ ਸੁਧਾਰਕ ਤੇ ਕ੍ਰਾਂਤੀਕਾਰੀ ਆਗੂ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ 1857 ਦੀ ਵਿਸਾਖੀ ਵਾਲੇ ਦਿਨ 'ਬਾਣੀ' ਅਤੇ 'ਬਾਣੇ' ਨੂੰ ਸਮਰਪਿਤ 'ਸੰਤ ਖਾਲਸਾ' ਤਿਆਰ ਕਰਕੇ ਪੰਜਾਬ ਦੇ ਇਤਿਹਾਸ ਦੇ ਨਵੇਂ ਅਧਿਆਇ ਦਾ ਆਰੰਭ ਕੀਤਾ। ਮਲੇਰਕੋਟਲਾ ਵਿਖੇ 40 ਕੂਕਿਆਂ ਨੂੰ ਤੋਪਾਂ ਅੱਗੇ ਬੰਨ੍ਹ ਕੇ ਉਡਾਉਣ ਦੀ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਵੱਲੋਂ ਇਸ ਨੂੰ ਭਾਰਤ ਦੀ ਆਜ਼ਾਦੀ ਲਈ ਕੀਤੀ ਗਈ ਕੁਰਬਾਨੀ ਦਾ 'ਵੱਡਾ ਘਟਨਾਕ੍ਰਮ' ਦੱਸਿਆ ਗਿਆ।

ਪ੍ਰਿੰਸੀਪਲ ਸਰਵਣ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਖੇਡਾਂ ਬਾਰੇ ਲਿਖਣ ਤੇ ਉਨ੍ਹਾਂ ਦੇ ਪ੍ਰਕਾਸ਼ਿਤ ਹੋਣ ਦੀ ਪ੍ਰਕਿਰਿਆ ਮਾਸਿਕ ਰਿਸਾਲੇ 'ਆਰਸੀ' ਵਿਚ 1966 ਵਿਚ ਛਪੇ ਆਰਟੀਕਲ 'ਮੁੜ੍ਹਕੇ ਦਾ ਮੋਤੀ' ਨਾਲ ਹੋਈ ਪਰ ਅਸਲ ਵਿਚ ਲਿਖਣ ਦੀ 'ਜਾਗ' ਉਨ੍ਹਾਂ ਨੂੰ 1956 ਵਿਚ ਹੀ ਲੱਗ ਗਈ ਸੀ ਜਦੋਂ ਐਮ. ਆਰ. ਕਾਲਜ ਫ਼ਾਜ਼ਿਲਕਾ ਵਿਚ ਦਾਖ਼ਲ ਹੋਣ ਤੋਂ ਬਾਅਦ ਪਹਿਲੇ ਦਿਨ ਹੀ ਉਨ੍ਹਾਂ ਦੇ ਪੰਜਾਬੀ ਦੇ ਪ੍ਰੋਫ਼ੈਸਰ ਗੁਰਬਖ਼ਸ਼ ਸਿੰਘ ਹੁਰਾਂ ਵੱਲੋਂ ਵਿਦਿਆਰਥੀਆਂ ਨੂੰ ਆਪਣੀਆਂ ਕਾਪੀਆਂ ਵਿਚ 'ਕਾਲਜ ਵਿਚ ਪਹਿਲਾ ਦਿਨ' ਲੇਖ ਲਿਖਣ ਲਈ ਕਿਹਾ ਗਿਆ ਅਤੇ ਉਨ੍ਹਾਂ ਦੀ ਕਾਪੀ ਪ੍ਰੋ. ਸਾਹਿਬ ਨੇ ਆਪਣੇ ਕੋਲ ਇਹ ਕਹਿੰਦਿਆਂ ਰੱਖ ਲਈ ਕਿ ਉਹ ਇਸ ਲੇਖ ਨੂੰ ਕਾਲਜ ਦੇ ਮੈਗਜ਼ੀਨ 'ਫ਼ਾਊਂਟੇਨ' ਵਿਚ ਛਪਾਉਣਗੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਹੁਣ ਤੀਕ 50 ਤੋਂ ਵਧੇਰੇ ਕਿਤਾਬਾਂ ਛਪ ਚੁੱਕੀਆਂ ਹਨ ਅਤੇ ਇਨ੍ਹਾਂ ਵਿਚੋਂ ਅੱਧੀਆਂ ਖੇਡਾਂ ਸਬੰਧੀ ਹੀ ਹਨ। ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਹਰਿਭਜਨ ਸਿੰਘ ਨੇ ਉਨ੍ਹਾਂ ਨੂੰ ਖੇਡਾਂ ਬਾਰੇ ਹਿੰਦੀ ਜਾਂ ਅੰਗਰੇਜ਼ੀ ਵਿਚ ਲਿਖਣ ਦਾ ਸੁਝਾਅ ਇਹ ਕਹਿੰਦਿਆਂ ਦਿੱਤਾ ਕਿ ਪੰਜਾਬੀ ਵਿਚ ਲਿਖਣ ਵਾਲੇ ਸਾਈਕਲ ਤੋਂ ਸਕੂਟਰ/ਮੋਟਰਸਾਈਕਲ ਤੱਕ ਦਾ ਹੀ ਸਫ਼ਰ ਕਰ ਸਕਦੇ ਹਨ, ਕਾਰਾਂ ਤੱਕ ਪਹੁੰਚਣ ਦੀ ਤਵੱਕੋ ਨਹੀਂ ਕਰ ਸਕਦੇ ਪਰ ਉਨ੍ਹਾਂ ਦੀਆਂ ਪੰਜਾਬੀ ਵਿਚ ਲਿਖੀਆਂ 'ਖੇਡ-ਲਿਖਤਾਂ ਨੇ ਉਨ੍ਹਾਂ ਨੂੰ ਕਾਰਾਂ ਤਾਂ ਕੀ, ਹਵਾਈ-ਜਹਾਜ਼ਾਂ ਵਿਚ ਵੀ ਖ਼ੂਬ ਝੂਟੇ ਦਿਵਾਏ ਹਨ। ਉਨ੍ਹਾਂ ਨੂੰ ਸਨਮਾਨ-ਚਿੰਨ੍ਹ, ਸ਼ਾਲ, ਜਪਮਾਲ਼ਾ ਅਤੇ 500 ਡਾਲਰ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਪ੍ਰਾਪਤ ਹੋਏ ਇਸ ਮਾਣ-ਸਨਮਾਨ ਲਈ ਉਨ੍ਹਾਂ 'ਕਲਮਾਂ ਦੀ ਸਾਂਝ' ਸੰਸਥਾ ਅਤੇ ਝੀਤਾ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਇਸ ਵਿਚ ਸ਼ਾਮਲ ਨਕਦ-ਰਾਸ਼ੀ ਪੰਜਾਬ ਦੇ ਹੜ੍ਹ-ਪੀੜਤਾਂ ਨੂੰ ਪਹੁੰਚਾਉਣ ਲਈ ਬੇਨਤੀ ਕੀਤੀ।

ਪ੍ਰਧਾਨਗੀ-ਭਾਸ਼ਨ ਦੌਰਾਨ ਡਾ. ਵਰਿਆਮ ਸਿੰਘ ਸੰਧੂ ਨੇ ਹਰਦਿਆਲ ਝੀਤਾ ਨੂੰ ਉਨ੍ਹਾਂ ਦੀ ਪੁਸਤਕ ਲਈ ਵਧਾਈ ਦਿੰਦਿਆਂ ਕਿਹਾ ਕਿ ਇਸ ਵਿਚਲੀਆਂ 8-10 ਕਵਿਤਾਵਾਂ ਇਸ ਦੇ 'ਸੰਪੂਰਨ ਕਾਵਿ-ਪੁਸਤਕ' ਹੋਣ ਦੀ ਹਾਮੀ ਭਰਦੀਆਂ ਹਨ। ਸਤਿਗੁਰੂ ਰਾਮ ਸਿੰਘ ਬਾਰੇ ਉਨ੍ਹਾਂ ਕਿਹਾ ਕਿ ਨਾਮਧਾਰੀ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੀ ਕੁਰਬਾਨੀ ਲਾਸਾਨੀ ਹੈ। ਪ੍ਰਿੰਸੀਪਲ ਸਰਵਣ



ਸਿੰਘ ਨੂੰ ਇਸ ਐਵਾਰਡ ਦੀ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਵਿਚ ਉਹ ਆਮ ਤੌਰ 'ਤੇ 'ਖੇਡ-ਲੇਖਕ' ਵਜੋਂ ਜਾਣੇ ਜਾਂਦੇ ਹਨ ਪਰ ਉਹ ਕੇਵਲ ਖੇਡ-ਲੇਖਕ ਹੀ ਨਹੀਂ ਹਨ, ਬਲਕਿ ਉਨ੍ਹਾਂ ਨੇ ਕਈ ਖ਼ੂਬਸੂਰਤ ਕਹਾਣੀਆਂ ਤੇ ਸਫ਼ਰਨਾਮੇ ਵੀ ਲਿਖੇ ਹਨ ਅਤੇ ਉਨ੍ਹਾਂ ਦੀ ਸਵੈ-ਜੀਵਨੀ 'ਹਸੰਦਿਆਂ-ਖਿਲੰਦਿਆਂ' ਆਪਣੇ ਆਪ ਵਿਚ ਮਹਾਨ ਸਾਹਿਤਕ ਦਸਤਾਵੇਜ਼ ਹੈ। ਉਨ੍ਹਾਂ ਕਿਹਾ ਕਿ ਏਸੇ ਲਈ ਉਨ੍ਹਾਂ ਨੇ ਆਪਣੀ ਕਿਤਾਬ ਵਿਚ ਪ੍ਰਿੰਸੀਪਲ ਸਰਵਣ ਸਿੰਘ ਨੂੰ 'ਸਾਹਿਤ ਦਾ ਉੱਚਾ ਬੁਰਜ' ਕਿਹਾ ਹੈ।

'ਕਲਮਾਂ ਦੀ ਸਾਂਝ' ਦੇ ਪ੍ਰਧਾਨ ਕਰਨੈਲ ਸਿੰਘ ਮਰਵਾਹਾ ਨੇ ਸਮੂਹ ਬੁਲਾਰਿਆਂ ਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰੋ. ਤਲਵਿੰਦਰ ਮੰਡ ਵੱਲੋਂ ਨਵੀਆਂ ਕਲਮਾਂ ਨੂੰ ਉਤਸ਼ਾਹਿਤ ਕਰਨ ਦੇ ਆਏ ਸੁਝਾਅ ਬਾਰੇ ਵਿਚਾਰ ਕੀਤੀ ਜਾਏਗੀ ਅਤੇ ਹੋ ਸਕਦਾ ਹੈ ਕਿ ਅਗਲੇ ਸਾਲ ਤੋਂ ਇਹ ਵੀ ਆਰੰਭ ਕਰ ਦਿੱਤਾ ਜਾਏ। ਸਮਾਗ਼ਮ ਦੇ ਅੰਤ 'ਤੇ ਸਾਰਿਆਂ ਨੇ ਮਿਲ਼ ਕੇ ਪ੍ਰੀਤੀ-ਭੋਜਨ ਦਾ ਅਨੰਦ ਮਾਣਿਆ।

*-ਡਾ. ਸੁਖਦੇਵ ਸਿੰਘ ਝੰਡ*

# ਟੀਵੀ ਦੇ ਅੰਦਰ ਦਾ ਜਾਦੂ



ਜਦੋਂ ਮੈਂ ਛੋਟਾ ਸਾਂ, ਮੇਰੇ ਮਨ ਵਿਚ ਹਮੇਸ਼ਾ ਇੱਕੋ ਸਵਾਲ ਹੁੰਦਾ ਸੀ – ਇਹ ਕਾਰਟੂਨ, ਹੀਰੋ ਤੇ ਕਹਾਣੀਆਂ ਦੇ ਕਿਰਦਾਰ ਟੀਵੀ ਦੇ ਅੰਦਰ ਕਿਵੇਂ ਚਲੇ ਜਾਂਦੇ ਹਨ?

ਮੈਨੂੰ ਲੱਗਦਾ ਸੀ ਕਿ ਟੀਵੀ ਦੇ ਅੰਦਰ ਕੋਈ ਛੋਟਾ ਜਿਹਾ ਪਿੰਡ ਹੈ। ਉਸ ਪਿੰਡ ਵਿਚ ਰੰਗ-ਬਿਰੰਗੇ ਘਰ, ਜਾਦੂਈ ਗਲੀਆਂ ਤੇ ਇੱਕ ਵੱਡਾ ਸਿਨੇਮਾ ਹਾਲ ਬਣਿਆ ਹੋਇਆ ਹੈ। ਹਰ ਕਾਰਟੂਨ ਕਿਰਦਾਰ ਆਪਣੀ ਵਾਰੀ ਆਉਣ 'ਤੇ ਉਸ ਹਾਲ ਦੇ ਸਟੇਜ 'ਤੇ ਚੜ੍ਹ ਕੇ ਨੱਚਣ, ਗਾਉਣ ਜਾਂ ਲੜਾਈਆਂ ਕਰਨ ਲੱਗ ਪੈਂਦਾ। ਜਦੋਂ ਮੈਂ ਟੀਵੀ ਦਾ ਬਟਨ ਦਬਾਉਂਦਾ, ਤਾਂ ਉਸ ਹਾਲ ਦਾ ਪਰਦਾ ਖੁੱਲ੍ਹ ਜਾਂਦਾ ਤੇ ਸਾਰੇ ਕਿਰਦਾਰ ਮੇਰੇ ਸਾਹਮਣੇ ਆ ਕੇ ਖੇਡਣ ਲੱਗ ਜਾਂਦੇ।

ਕਈ ਵਾਰ ਮੈਂ ਸੋਚਦਾ ਸੀ – ਕੀ ਟੀਵੀ ਦੇ ਪਿੱਛੇ ਕੋਈ ਛੋਟੀ ਜਿਹੀ ਪੌੜੀ ਹੋਵੇਗੀ? ਜਿਸ ਰਾਹੀਂ ਕਾਰਟੂਨ ਬਾਹਰ ਆ ਕੇ ਖਿਡੌਣਿਆਂ ਨਾਲ ਖੇਡ ਸਕਦੇ ਹਨ। ਮੈਂ ਅਕਸਰ ਟੀਵੀ ਦੇ ਪਿੱਛੇ ਦੇਖਦਾ, ਪਰ ਮੈਨੂੰ ਕੁਝ ਨਹੀਂ ਮਿਲਦਾ। ਫਿਰ ਵੀ ਮੇਰਾ ਮਨ ਕਹਿੰਦਾ ਸੀ, "ਕਿਸੇ ਦਿਨ ਜ਼ਰੂਰ ਮੈਂ ਉਹ ਪੌੜੀ ਲੱਭ ਲਵਾਂਗਾ।"

ਰਾਤ ਨੂੰ ਜਦੋਂ ਸਾਰੇ ਸੁੱਤੇ ਹੁੰਦੇ ਸਨ, ਮੈਂ ਸੋਚਦਾ – ਟੀਵੀ ਦੇ ਅੰਦਰ ਦੇ ਕਿਰਦਾਰ ਵੀ ਸ਼ਾਇਦ ਆਪਣੇ ਘਰ ਵਾਪਸ ਜਾਂਦੇ ਹੋਣਗੇ। ਉਨ੍ਹਾਂ ਦੇ ਵੀ ਮਾਤਾ-ਪਿਤਾ, ਦੋਸਤ ਤੇ ਸਕੂਲ ਹੋਣਗੇ।

ਵੱਡਾ ਹੋ ਕੇ ਮੈਨੂੰ ਪਤਾ ਲੱਗਿਆ ਕਿ ਇਹ ਸਭ ਕੇਵਲ ਤਸਵੀਰਾਂ ਤੇ ਕੈਮਰਿਆਂ ਦਾ ਜਾਦੂ ਹੈ।



**ਸੁਖਪਾਲ ਗਿੱਲ**

*(ਪਿਛਲੇ ਸਫੇ ਦਾ ਬਾਕੀ)*

ਚਲਿਆ ਸੀ। ਬਾਅਦ 'ਚ ਇਸ ਬਿਲਡਿੰਗ ਨੂੰ ਹਿਮਾਚਲ ਰਾਜ ਭਵਨ ਬਣਾ ਦਿੱਤਾ ਗਿਆ ਸੀ।

ਸਭ ਤੋਂ ਪਹਿਲਾਂ ਇਸ ਜੇਲ੍ਹ 'ਚ 1857 ਦੇ ਗ਼ਦਰ 'ਚ ਸ਼ਾਮਿਲ ਹੋਏ ਨਾਸਰੀ ਰੈਜਮੈਂਟ ਦੇ ਗੋਰਖਾ ਸਿਪਾਹੀਆਂ ਨੂੰ ਕੈਦ ਕੀਤਾ ਗਿਆ ਸੀ। ਬਾਅਦ ਵਿਚ ਆਇਰਿਸ਼ ਕੈਥੋਲਿਕ ਸਿਪਾਹੀ, ਜੋ ਕੋਨਾਟ ਰੇਂਜਰਜ਼ ਬਟਾਲੀਅਨ ਨਾਲ ਸੰਬੰਧਿਤ ਸਨ, ਕੈਦ ਕੀਤੇ ਗਏ। ਉਨ੍ਹਾਂ ਨੇ ਜਲੰਧਰ ਛਾਉਣੀ ਵਿਚ 1920 ਵਿਚ ਆਪਣੇ ਅੰਗਰੇਜ਼ ਅਫਸਰਾਂ ਖ਼ਿਲਾਫ਼ ਬਗ਼ਾਵਤ ਕਰ ਦਿੱਤੀ ਸੀ। ਇਨ੍ਹਾਂ ਬਾਗੀ ਜਵਾਨਾਂ ਦਾ ਲੀਡਰ ਜੈਮ ਡੈਲੀ (22 ਸਾਲ) ਡਗਸ਼ਈ ਜੇਲ 'ਚ ਲਿਆਂਦਾ ਗਿਆ ਸੀ। ਡੈਲੀ ਨੂੰ 2 ਨਵੰਬਰ 1920 ਨੂੰ ਜੇਲ੍ਹ 'ਚੋਂ ਬਾਹਰ ਕੱਢ ਕੇ ਅੰਗਰੇਜ਼ ਸਿਪਾਹੀਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ ਤੇ ਜੇਲ੍ਹ ਨੇੜੇ ਹੀ ਦਫਨਾ ਦਿੱਤਾ ਸੀ। ਉਸ ਸਮੇਂ ਆਇਰਲੈਂਡ ਵਿਚ ਵੀ ਆਜ਼ਾਦੀ ਲਈ ਸੰਘਰਸ਼ ਚੱਲ ਰਿਹਾ ਸੀ। ਆਇਰਿਸ਼, ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਵੀ ਸਮਰਥਕ ਸਨ। ਮਹਾਤਮਾ ਗਾਂਧੀ ਨੇ ਵੀ ਇਸ ਜੇਲ 'ਚ ਇਕ ਰਾਤ ਬਿਤਾਈ ਸੀ। 1970 'ਚ ਡੈਲੀ ਦੇ ਪਰਿਵਾਰ ਦੇ ਮੈਂਬਰ ਉਸ ਦੀਆਂ ਅਸਥੀਆਂ ਆਇਰਲੈਂਡ ਲੈ ਗਏ ਸਨ।

ਸ਼ਾਇਦ ਹੀ ਕਿਸੇ ਟਾਵੇਂ-ਟੱਲੇ ਨੂੰ ਪਤਾ ਹੋਵੇ ਕਿ ਡਗਸ਼ਈ ਜੇਲ੍ਹ ਵਿਚ ਕਾਮਾਗਾਟਾਮਾਰੂ ਜਹਾਜ਼ ਵਿਚ ਸਵਾਰ ਹੋ ਕੇ ਆਏ ਕੁਝ ਗ਼ਦਰੀ ਬਾਬੇ ਵੀ ਰੱਖੇ ਗਏ ਤੇ ਫਾਂਸੀ ਦਿੱਤੇ ਗਏ ਸੀ।

ਜੇਲ੍ਹ, ਜਿਸ ਨੂੰ ਹੁਣ ਮਿਊਜ਼ੀਅਮ ਬਣਾ ਦਿੱਤਾ ਗਿਆ ਹੈ, ਵਿਚ ਵੇਰਵੇ ਸਹਿਤ ਕਾਮਾਗਾਟਾਮਾਰੂ ਜਹਾਜ਼ ਨਾਲ ਸੰਬੰਧਿਤ ਫੋਟੋਆਂ ਲਾਈਆਂ ਗਈਆਂ ਹਨ। ਕੋਲਕੱਤਾ ਦੇ ਬੱਜ-ਬੱਜ ਘਾਟ 'ਤੇ ਕਾਮਾਗਾਟਾਮਾਰੂ ਤੇ ਅੰਗਰੇਜ਼ਾਂ ਵੱਲੋਂ ਚਲਾਈ ਗੋਲੀ ਵਿਚ ਬਹੁਤ ਸਾਰੇ ਗ਼ਦਰੀ ਸ਼ਹੀਦ ਹੋ ਗਏ ਸਨ। ਤੇ ਕੁਝ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਨ੍ਹਾਂ 'ਚ ਕੁਝ ਮੋਹਰੀ ਗ਼ਦਰੀਆਂ ਨੂੰ ਡਗਸ਼ਈ ਜੇਲ੍ਹ 'ਚ ਰੱਖਿਆ ਗਿਆ ਸੀ ਤੇ ਇੱਥੇ ਹੀ ਸ਼ਹੀਦ ਕੀਤਾ ਗਿਆ ਸੀ।

ਇਸੇ ਜੇਲ੍ਹ 'ਚ ਮੀਆਂ ਮੀਰ ਛਾਉਣੀ ਦੀ 23 ਰੈਜਮੈਂਟ (ਰਸਾਲੇ) ਦੇ 18 ਬਾਗੀ ਜਵਾਨ ਰੱਖੇ ਗਏ ਸੀ। ਇਨ੍ਹਾਂ ਦਾ 15 ਅਗਸਤ 1915 ਨੂੰ ਕੋਰਟ ਮਾਰਸ਼ਲ ਸ਼ੁਰੂ ਹੋਇਆ ਤੇ 26 ਅਗਸਤ 1915 ਨੂੰ ਸਜ਼ਾ ਸੁਣਾ ਦਿਤੀ ਗਈ। ਇਨ੍ਹਾਂ 'ਚ 12 ਨੂੰ ਫਾਂਸੀ, 5 ਨੂੰ ਉਮਰ ਕੈਦ ਤੇ 1 ਨੂੰ ਦਸ ਸਾਲ ਦੀ ਸਜ਼ਾ ਸੁਣਾਈ ਗਈ ਸੀ। ਇਹ ਕਿਹਾ ਜਾਂਦਾ ਹੈ ਕਿ ਜਿਨ੍ਹਾਂ 12 ਬਾਗੀ ਜਵਾਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਉਨ੍ਹਾਂ ਨੂੰ ਜੇਲ੍ਹ ਦੇ ਪਿਛੇ ਲਿਜਾ ਕੇ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ ਸੀ ਪਰ ਇਸ ਬਾਰੇ ਹੋਰ ਜਾਂਚ ਕਰਨ ਦੀ ਜ਼ਰੂਰਤ ਹੈ ਕਿਉਂਕਿ ਕੁਝ ਲੋਕਾਂ ਅਨੁਸਾਰ ਉਨ੍ਹਾਂ ਨੂੰ ਅੰਬਾਲਾ ਜੇਲ੍ਹ 'ਚ ਲਿਜਾ ਕੇ ਫਾਂਸੀ ਦਿੱਤੀ ਗਈ ਸੀ। ਹਾਲਾਂਕਿ ਫਾਂਸੀ ਕੋਠੀ ਇਥੇ ਵੀ ਜੇਲ੍ਹ ਦੇ ਨਾਲ ਬਣੀ ਹੋਈ ਹੈ ਪਰ ਅੱਜ-ਕੱਲ੍ਹ ਉਧਰ ਜਾਣ ਨਹੀਂ ਦਿੱਤਾ ਜਾਂਦਾ।

ਜਿਨ੍ਹਾਂ ਨੂੰ ਫਾਂਸੀ ਤੇ ਉਮਰ ਕੈਦ ਦੀ ਸਜ਼ਾ ਹੋਈ ਉਨ੍ਹਾਂ 'ਚ ਇਕ ਨੂੰ ਛੱਡ ਕੇ ਬਾਕੀ ਸਾਰੇ ਅੰਮ੍ਰਿਤਸਰ ਜ਼ਿਲ੍ਹੇ ਦੇ ਸੀ ਤੇ ਪੰਜ ਤਾਂ ਇਕੱਲੇ ਢੋਟੀਆਂ ਪਿੰਡ ਦੇ ਤੇ ਦੋ ਕਸੇਲ ਪਿੰਡ ਦੇ ਸੀ। ਫਾਂਸੀ ਚੜ੍ਹਨ ਵਾਲਿਆਂ ਵਿਚ ਦਫੇਦਾਰ ਲਛਮਣ ਸਿੰਘ ਚੁਸਲੇਵੜ, ਬੂਟਾ ਸਿੰਘ ਕਸੇਲ, ਬੁੱਧ ਸਿੰਘ ਢੋਟੀਆਂ, ਅਬਦੁੱਲਾ ਗੁਜਰਾਂਵਾਲਾ (ਹੁਣ ਪਾਕਿਸਤਾਨ), ਭਗਤ ਸਿੰਘ ਰੁੜ੍ਹੀਵਾਲ, ਮੋਤਾ ਸਿੰਘ ਰੁੜ੍ਹੀਵਾਲ, ਤਾਰਾ ਸਿੰਘ ਤੇ ਦਫੇਦਾਰ ਵਧਾਵਾ ਸਿੰਘ ਰੁੜ੍ਹੀਵਾਲ, ਇੰਦਰ ਸਿੰਘ ਜੀਓਵਾਲਾ, ਇੰਦਰ ਸਿੰਘ ਸਬਾਜਪੁਰ, ਗੁਜਰ ਸਿੰਘ ਤੇ ਜੇਠਾ ਸਿੰਘ ਲਹੁਕੇ ਸ਼ਾਮਲ ਸਨ।

23 ਰੈਜਮੈਂਟ ਨੂੰ ਪਹਿਲੀ ਸੰਸਾਰ ਜੰਗ 'ਚ ਅਗਲੇ ਮੋਰਚੇ (ਸ਼ਾਇਦ ਮੈਸੋਪਟਾਮੀਆ) 'ਤੇ ਜਾਣ ਦਾ ਹੁਕਮ ਦਿੱਤਾ ਗਿਆ ਸੀ। ਫੌਜੀ ਵਸਾਵਾ ਸਿੰਘ ਤੇ ਪੂਰਨ ਸਿੰਘ ਦੀ ਰੈਜਮੈਂਟ ਦਾ ਸਾਮਾਨ ਲਿਆਉਣ ਦੀ ਜ਼ਿੰਮੇਵਾਰੀ ਲਾਈ ਗਈ ਸੀ ਪਰ ਉਨ੍ਹਾਂ ਦਾ ਗ਼ਦਰੀਆਂ ਨਾਲ ਸੰਪਰਕ ਸੀ। ਉਨ੍ਹਾਂ ਅਸਲਾਖ਼ਾਨੇ ਦਾ ਸਾਮਾਨ ਬੰਨ੍ਹਦੇ ਸਮੇਂ ਦੋ ਬੰਬ ਆਪਣੇ ਟਰੰਕਾਂ 'ਚ ਪਾ ਲਏ। ਉੱਤਰ ਪ੍ਰਦੇਸ਼ ਦੇ ਨਗਾਓਂ ਵਿਚ ਸਾਮਾਨ ਉਤਾਰਦੇ ਸਮੇਂ ਪੂਰਨ ਸਿੰਘ ਦੇ ਟਰੰਕ ਵਾਲਾ ਬੰਬ ਫਟ ਗਿਆ ਤੇ ਸਾਰੀ ਬਗ਼ਾਵਤ ਦੀ ਖੇਡ ਖ਼ਰਾਬ ਹੋ ਗਈ। ਸਾਰੇ ਬਾਗੀਆਂ ਨਾਲ ਗੱਠਜੋੜ ਵਾਲੇ ਫੌਜੀ ਫੜੇ ਗਏ ਤੇ ਜਿਹੜੇ ਅਗਲੇ ਮੋਰਚੇ 'ਤੇ ਬਸਰੇ ਪਹੁੰਚੇ, ਉਨ੍ਹਾਂ 'ਚ 19 ਨੂੰ ਵਾਪਿਸ ਬੁਲਾ ਲਿਆ ਗਿਆ ਤੇ ਕੁਝ ਨੂੰ ਡਗਸ਼ਈ ਜੇਲ੍ਹ 'ਚ ਲਿਆਂਦਾ ਗਿਆ।

ਅਸਲ 'ਚ ਗ਼ਦਰ ਪਾਰਟੀ ਦੇ ਆਗੂਆਂ ਨੇ ਭਾਰਤੀ ਦੇਸੀ ਫੌਜੀਆਂ ਨੂੰ ਛਾਉਣੀਆਂ ਵਿਚ ਬਗ਼ਾਵਤ ਕਰਨ ਲਈ ਤਿਆਰ ਕੀਤਾ ਸੀ। ਗ਼ਦਰ ਅਖਬਾਰ 'ਚ ਉਹ ਹਮੇਸ਼ਾ ਦੇਸੀ ਫੌਜੀਆਂ ਨੂੰ ਗੋਰੇ ਸ਼ਾਸਕਾਂ ਵਿਰੁੱਧ ਬਗਾਵਤ ਦਾ ਝੰਡਾ ਚੁੱਕਣ ਲਈ ਉਕਸਾਊ ਆਰਟੀਕਲ ਛਾਪਦੇ। ਬਾਬਾ ਹਰਨਾਮ ਸਿੰਘ ਟੁੰਡੀਲਾਟ ਵਲੋਂ ਲਿਖੀ ਗ਼ਦਰ ਗੂੰਜ ਵਿਚ ਦੇਸੀ ਫੌਜੀਆਂ ਨੂੰ ਅੰਗਰੇਜ਼ਾਂ ਵਿਰੁੱਧ ਹਥਿਆਰ ਚੁੱਕਣ ਲਈ ਬਹੁਤ ਜ਼ੋਰ ਦਿੱਤਾ ਜਾਂਦਾ ਸੀ। ਛਾਉਣੀਆਂ ਵਿਚ ਦੇਸੀ ਫੌਜੀਆਂ ਨਾਲ ਸੰਪਰਕ ਸਾਧਣ ਲਈ ਕਰਤਾਰ ਸਿੰਘ ਸਰਾਭਾ, ਭਾਈ ਨਿਧਾਨ ਸਿੰਘ ਚੁੱਘਾ, ਪੰਡਿਤ ਜਗਤ ਰਾਮ, ਪ੍ਰਿਥਵੀ ਸਿੰਘ ਲਾਲੜੂ, ਭਾਈ ਬੰਤਾ ਸਿੰਘ ਸੰਘਵਾਲ ਤੇ ਭਾਈ ਰੂੜ ਸਿੰਘ ਚੂਹੜਚੱਕ ਨੇ ਬਹੁਤ ਮੁਸ਼ੱਕਤ ਕੀਤੀ। ਉਧਰ ਬੰਗਾਲੀ ਇਨਕਲਾਬੀਆਂ ਜਿਨ੍ਹਾਂ 'ਚ ਸੁਚਿੰਦਰ ਨਾਥ ਸਨਿਆਲ ਤੇ ਰਾਸ ਬਿਹਾਰੀ ਬੋਸ ਸ਼ਾਮਿਲ ਸਨ, ਨਾਲ ਸੰਪਰਕ ਕਰਨ ਦਾ ਮੁੱਖ ਕੰਮ ਕਰਤਾਰ ਸਿੰਘ ਸਰਾਭਾ ਤੇ ਭਾਈ ਪਰਮਾ ਨੰਦ ਝਾਂਸੀ ਨੇ ਕੀਤਾ। ਰਾਸ ਬਿਹਾਰੀ ਬੋਸ ਦੇ ਕਹਿਣ 'ਤੇ ਸਨਿਆਲ ਨਵੰਬਰ 1914 'ਚ ਜਲੰਧਰ ਆਇਆ ਤੇ ਉਸਨੇ ਜਲੰਧਰ ਤੇ ਲੁਧਿਆਣਾ ਦੇ ਰੇਲਵੇ ਸਟੇਸ਼ਨ 'ਤੇ ਕਰਤਾਰ ਸਿੰਘ ਸਰਾਭਾ ਤੇ ਹੋਰਨਾਂ ਨਾਲ ਮੀਟਿੰਗ ਕੀਤੀ।

ਭਾਈ ਰਣਧੀਰ ਸਿੰਘ, ਜਿਨ੍ਹਾਂ ਨੇ ਗ਼ਦਰ ਲਹਿਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਤੇ 15 ਸਾਲ ਜੇਲ੍ਹ ਕੱਟੀ, ਦਾ ਸੰਬੰਧ ਵੀ ਡਗਸ਼ਈ ਤੇ ਇਸਦੇ ਨਾਲ ਦੇ ਇਲਾਕੇ ਨਾਲ ਰਿਹਾ। ਡਗਸ਼ਈ ਦੇ ਨਾਲ ਹੀ ਅੱਗੇ ਸ਼ਿਮਲੇ ਵੱਲ ਉਨ੍ਹਾਂ ਦਾ ਕੁਮਾਰ ਹੱਟੀ ਵਿਚ ਗੁਰਦੁਆਰਾ ਹੈ। ਬਿਮਾਰੀ ਕਰਕੇ ਜੇਲ੍ਹ ਕੱਟਣ ਤੋਂ ਬਾਅਦ ਉਹ ਲੰਬਾ ਸਮਾਂ, ਇੱਥੇ ਪਹਾੜਾਂ ਵਿਚ ਰਹੇ। ਉਹ ਲਾਹੌਰ 'ਚ ਐਫ.ਸੀ ਕਾਲਜ 'ਚ ਪੜ੍ਹੇ ਸੀ। ਗ਼ਦਰ ਪਾਰਟੀ ਲਈ ਕੰਮ ਕਰ ਰਹੇ ਬੰਤਾ ਸਿੰਘ ਸੰਘਵਾਲ ਨੂੰ ਗ਼ਦਰ ਪਾਰਟੀ 'ਚ ਪੰਜਾਬ 'ਚੋਂ ਨੌਜਵਾਨ ਭਰਤੀ ਕਰਨ ਲਈ ਅਮਰੀਕਾ ਤੋਂ ਭੇਜਿਆ ਗਿਆ ਸੀ। ਬੰਤਾ ਸਿੰਘ ਨੂੰ ਈਸ਼ਰ ਸਿੰਘ ਢੁਡੀਕੇ ਨੇ ਸਲਾਹ ਦਿੱਤੀ ਕਿ ਸੰਤ ਰਣਧੀਰ ਸਿੰਘ ਇਸ ਕੰਮ 'ਚ ਸਭ ਤੋਂ ਵਧੀਆ ਯੋਗਦਾਨ ਪਾ ਸਕਦੇ ਨੇ। ਉਨ੍ਹਾਂ ਨੇ ਧਾਰਮਿਕ ਪ੍ਰਵਚਨ ਦੇ ਨਾਲ-ਨਾਲ ਗ਼ਦਰ ਪਾਰਟੀ ਦੇ ਪ੍ਰੋਗਰਾਮ ਨੂੰ ਪ੍ਰਚਾਰਨ ਦਾ ਕੰਮ ਵੀ ਅਰੰਭ ਦਿੱਤਾ ਤੇ ਪਾਰਟੀ ਦੀ ਵੱਡੀ ਮਦਦ ਕੀਤੀ। ਉਨ੍ਹਾਂ ਦਾ ਕਰਤਾਰ ਸਿੰਘ ਸਰਾਭੇ ਨਾਲ ਨੇੜੇ ਦਾ ਸੰਬੰਧ ਸੀ। ਜੇਲ੍ਹ ਵਿਚ ਉਨ੍ਹਾਂ ਦਾ ਸ਼ਹੀਦ ਭਗਤ ਸਿੰਘ ਨਾਲ ਵੀ ਮੇਲ ਮਿਲਾਪ ਰਿਹਾ ਤੇ ਕਿਹਾ ਜਾਂਦਾ ਹੈ ਕਿ ਭਗਤ ਸਿੰਘ ਜੇਲ੍ਹ 'ਚ ਭਾਈ ਰਣਧੀਰ ਸਿੰਘ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ ਸੀ।

ਡਗਸ਼ਈ ਇੰਨਾ ਵੱਡਾ ਇਤਿਹਾਸਕ ਖਜ਼ਾਨਾ ਸਾਂਭੀ ਬੈਠੀ ਹੈ, ਜਿਸ ਦਾ ਸ਼ਾਸਕ ਵਰਗ ਨੂੰ ਚਿੱਤ-ਚੇਤਾ ਵੀ ਨਹੀਂ। ਯੂਨੀਵਰਸਿਟੀਆਂ ਨੂੰ ਇਸ ਇਤਿਹਾਸ ਨੂੰ ਕਿਤਾਬੀ ਰੂਪ ਦੇਣਾ ਚਾਹੀਦਾ ਹੈ ਤੇ ਇਸ ਲਈ ਖੋਜ ਪ੍ਰੋਜੈਕਟ ਬਣਾਉਣੇ ਚਾਹੀਦੇ ਨੇ। ਮੇਰੇ ਲਈ ਡਗਸ਼ਈ ਆਉਣ ਦਾ ਫੈਸਲਾ ਸਾਰਥਕ ਸਿੱਧ ਹੋਇਆ। ਨਹੀਂ ਤਾਂ ਸਾਰੀ ਉਮਰ ਦਾ ਪਛਤਾਵਾ ਪੱਲੇ ਪੈ ਜਾਣਾ ਸੀ।

# ਜਦੋਂ 'ਕਿਲੇ' ਨੇ ਸਾਨੂੰ 'ਜਿੱਤ' ਲਿਆ- 2

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਮੈਂ ਏਨੀ ਸੋਹਣੀ ਥਾਣੇ ਦੀ ਇਮਾਰਤ ਅੱਜ-ਤੱਕ ਨਹੀਂ ਵੇਖੀ। ਹੋ ਸਕਦਾ ਹੈ ਕਿ ਚੜ੍ਹਦੇ ਪੰਜਾਬ ਦੇ ਕਿਸੇ ਸ਼ਹਿਰ ਵਿਚ ਇਸ ਤਰ੍ਹਾਂ ਦਾ ਕੋਈ ਥਾਣਾ ਹੋਵੇ! ਮੈਂ ਤਾਂ ਨਹੀਂ ਵੇਖਿਆ।

ਅਸੀਂ ਇੱਕ ਸੱਜੇ-ਫੱਬੇ ਡਰਾਇੰਗ ਰੂਮ ਵਿਚ ਆ ਬਹਿੰਦੇ ਹਾਂ। ਕੰਧ 'ਤੇ ਟੀ ਵੀ ਚੱਲ ਰਿਹਾ ਹੈ। ਸਾਡੇ ਲਈ ਚਾਹ-ਪਾਣੀ ਦਾ ਵਧੀਆ ਇੰਤਜ਼ਾਮ ਕੀਤਾ ਹੋਇਆ ਹੈ। ਯੂਨਸ ਭੱਟੀ ਵਾਰ-ਵਾਰ ਕਹਿ ਰਿਹਾ ਹੈ, 'ਸਾਨੂੰ ਤਾਂ ਤੁਹਾਡੇ ਆਉਣ ਦੀ ਇਤਲਾਹ, ਤੁਹਾਡੇ ਆਉਣ ਤੋਂ ਕੁਝ ਚਿਰ ਪਹਿਲਾਂ ਹੀ ਮਿਲੀ ਏ। ਅਸੀਂ ਮਾਅਜ਼ਰਤ-ਖਾ ਹਾਂ ਕਿ ਤੁਹਾਡੀ ਬਣਦੀ ਖ਼ਿਦਮਤ ਨਹੀਂ ਕਰ ਸਕੇ। ਕੁਝ ਚਿਰ ਰੁਕ ਜਾਉ, ਅਸੀਂ ਤੁਹਾਡੇ ਲਈ ਖਾਣੇ ਦਾ ਵੀ ਇੰਤਜ਼ਾਮ ਕਰਦੇ ਹਾਂ! ਸਾਨੂੰ ਖ਼ੁਸ਼ੀ ਮਿਲੇਗੀ।'



ਅਸੀਂ ਉਸਦਾ ਧੰਨਵਾਦ ਕਰਦੇ ਹਾਂ।

ਅਹਿਮਦ ਰਜ਼ਾ ਚਾਹੁੰਦਾ ਹੈ ਕਿ ਯੂਨਸ ਭੱਟੀ ਵੀ ਕੈਮਰੇ 'ਤੇ ਦੱਸਣ ਦੀ ਖ਼ੇਚਲ ਕਰੇ ਕਿ ਸਾਡੇ

**ਵਰਿਆਮ ਸਿੰਘ ਸੰਧੂ**
**ਫੋਨ: 647-535-1539**

ਆਉਣ 'ਤੇ ਉਹ ਕੀ ਮਹਿਸੂਸ ਕਰਦਾ ਹੈ। ਉਹ ਬੜੇ ਪੁਰ-ਖ਼ਲੂਸ ਅੰਦਾਜ਼ ਵਿਚ ਆਪਣੇ ਮਨੋਭਾਵ ਬਿਆਨ ਕਰਨ ਲੱਗਦਾ ਹੈ:-

'ਮੈਂ ਮੁਹੰਮਦ ਯੂਨਸ ਐਸ.ਐਚ.ਓ. ਕਿਲਾ ਗੁੱਜਰ ਸਿੰਘ ਲਾਹੌਰ। ਅੱਜ ਸਾਡੇ ਮਹਿਮਾਨ ਇੰਡੀਆ ਦੇ, ਸਾਡੇ ਸਿੱਖ ਭਰਾ, ਇੱਕ ਫੈਮਲੀ, ਸਾਡੇ ਕੋਲ ਆਏ ਨੇ। ਇਨ੍ਹਾਂ ਦੇ ਇੱਥੇ ਆਣ ਦਾ ਮਕਸਦ ਇਹ ਹੈ ਕਿ ਇਨ੍ਹਾਂ ਦੀ ਮਾਜ਼ੀ ਦੀ ਇੱਕ ਬੜੀ ਪਿਆਰੀ ਯਾਦ ਏਥੇ ਨਾਲ ਜੁੜੀ ਹੋਈ ਏ। ਇਨ੍ਹਾਂ ਦੇ ਜਿਹੜੇ ਵਾਲਿਦ ਸਾਹਿਬ ਸਨ, ਉਹ ਸਾਡੀ ਫੈਮਿਲੀ ਦਾ ਹਿੱਸਾ ਸਨ। ਉਹ ਚੂੰਕਿ ਪੰਜਾਬ ਪੁਲਿਸ ਦਾ ਹਿੱਸਾ ਸਨ ਔਰ ਕਿਲਾ ਗੁੱਜਰ ਸਿੰਘ ਪੁਲਿਸ ਸਟੇਸ਼ਨ ਦੇ ਉਹ ਐਸ.ਐਚ.ਓ. ਸਨ, ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਨ ਵਾਸਤੇ, ਇਸ ਥਾਣੇ ਦੇ ਨਾਲ ਮੁਹੱਬਤ ਦਾ ਇਜ਼ਹਾਰ ਕਰਨ ਵਾਸਤੇ, ਇਹ ਫੈਮਲੀ ਕੈਨੇਡਾ ਤੋਂ ਤਸ਼ਰੀਫ ਲਿਆਏ ਨੇ। ਅਸੀਂ ਇਨ੍ਹਾਂ ਨੂੰ ਖੁਸ਼ਆਮ-ਦੀਦ ਕਹਿਦੇ ਆਂ। ਇਹ ਇਨ੍ਹਾਂ ਦਾ ਆਪਣਾ ਘਰ ਐ, ਜਿੱਥੇ ਇਹ ਆਏ ਨੇ। ਸਾਡਾ ਇਨ੍ਹਾਂ ਵਾਸਤੇ ਬੜਾ ਪਿਆਰ-ਮੁਹੱਬਤ ਤੇ ਮਾਣ ਏਂ। ਇਹ ਬਿਲਕੁਲ ਐਂਜ ਈ ਸਮਝਣ ਕਿ ਇਹ ਆਪਣੇ ਘਰ ਆਏ ਨੇ। ਦੂਸਰਾ ਅਸੀਂ ਪੁਲਿਸ ਜਿਹੜੀ ਹੈ, ਇੱਕ ਫੈਮਲੀ ਹੈ ਤੇ ਅਸੀਂ ਸਮਝਦੇ ਆਂ ਕਿ ਇਸ ਫ਼ੈਮਲੀ ਦਾ ਇਹ ਵੀ ਇੱਕ ਹਿੱਸਾ ਨੇ, ਚਾਹੇ ਕੋਈ 70-75 ਸਾਲ ਹੋ ਗਏ ਨੇ ਇਸ ਆਪਣੇ ਬੰਧਨ ਨੂੰ ਵਿਛੜੇ ਹੋਏ, ਲੇਕਿਨ ਉਹ ਕਿਉਂਕਿ ਪੁਲਿਸ ਦਾ ਹਿੱਸਾ ਸਨ, ਲਿਹਾਜ਼ਾ ਉਹ ਸਾਡੀ ਫੈਮਲੀ ਸਨ, ਫੈਮਲੀ ਦਾ ਹਿੱਸਾ ਸਨ। ਅੱਜ ਉਸੇ ਯਾਦ-ਦਾਸ਼ਤ ਨੂੰ ਤਾਜ਼ਾ ਕਰਨ ਵਾਸਤੇ ਇਹ ਇਥੇ ਆਏ ਨੇ ਔਰ ਅਸੀਂ ਇਨ੍ਹਾਂ ਨੂੰ ਖੁਸ਼-ਆਮਦੀਦ ਕਹਿੰਦੇ ਹਾਂ।'

ਉਹ ਸਾਡੇ ਦੋਵਾਂ ਵੱਲ ਸਿਰ ਝੁਕਾ ਕੇ ਕਹਿੰਦਾ ਹੈ, 'ਜੀ ਆਇਆਂ ਨੂੰ ਜੀ!'

ਅਸੀਂ ਦੋਵੇਂ ਉਸ ਵੱਲ ਧੰਨਵਾਦੀ ਹੱਥ ਜੋੜਦੇ ਹਾਂ। ਹੁਣ ਮੇਰਾ ਫ਼ਰਜ਼ ਬਣਦਾ ਸੀ ਕਿ ਸਭ ਦਾ ਧੰਨਵਾਦ ਕਰਾਂ।

'...ਜੀ ਸਾਡੀ ਇਹ ਖੁਸ਼ਨਸੀਬੀ ਹੈ ਕਿ ਅੱਜ ਅਸੀਂ ਕਿਲਾ ਗੁੱਜਰ ਸਿੰਘ ਥਾਣੇ ਵਿਚ ਬੈਠੇ ਹੋਏ ਆਂ। ਇਹਦੇ ਪਿੱਛੇ ਆਉਣ ਦਾ ਬੁਨਿਆਦੀ ਸਬੱਬ ਮੇਰੀ ਸ਼ਰੀਕ-ਏ-ਹਯਾਤ ਨੇ ਬਣਾਇਆ ਜਿਸ ਦੇ ਫਾਦਰ ਸਾਹਿਬ, ਇਨ੍ਹਾਂ ਦੇ ਵਾਲਦ ਮੋਹਤਰਮ, ਜਿਵੇਂ ਦੱਸਿਆ ਗਿਆ ਹੈ ਕਿ 1947 ਵੇਲੇ ਕਿਲਾ ਗੁਜਰ ਸਿੰਘ ਵਿਚ ਐਸ.ਐਚ.ਓ. ਸਨ। ਤਕਸੀਮ ਤੋਂ ਬਾਅਦ ਉਹ ਹਿੰਦੁਸਤਾਨ ਚਲੇ ਗਏ। ਉੱਥੇ ਜਾ ਕੇ ਦੋ ਸਾਲ ਬਾਅਦ ਉਨ੍ਹਾਂ ਦੀ ਪੁਲਿਸ ਖੇਡਾਂ ਦੌਰਾਨ ਆਪਣੇ ਹੀ ਘੋੜੇ ਦੇ ਸੀਖ਼ ਪੌ ਹੋ ਕੇ ਡਿੱਗ ਪੈਣ ਨਾਲ, ਘੋੜੇ ਥੱਲੇ ਆ ਕੇ ਲਗਭਗ ਜਵਾਨੀ ਵਿਚ ਹੀ ਮੌਤ ਹੋ ਗਈ। ਇਹ ਅਜੇ ਬੱਚੀ ਹੀ ਸੀ। ਬਚਪਨ ਵਿਚ ਹੀ ਉਹਦੇ ਪਿਤਾ ਦਾ ਖੁੱਸ ਜਾਣਾ ਅਜਿਹਾ ਦੁੱਖ ਸੀ, ਜਿਹੜਾ ਸਾਰੀ ਉਮਰ ਉਹਦੇ ਕਲੇਜੇ ਨਾਲ ਲੱਗਾ ਰਿਹਾ। ਇਸ ਦੁੱਖ ਨੂੰ ਉਹ ਲੋਕ ਮਹਿਸੂਸ ਕਰ ਸਕਦੇ ਨੇ ਜਿਨ੍ਹਾਂ ਦੇ ਬਾਪ ਜਾਂ ਮਾਵਾਂ ਬਚਪਨ ਵਿਚ ਗਵਾਚ ਗਈਆਂ ਹੁੰਦੀਆਂ ਨੇ। ਇਹਨੇ ਜਦੋਂ ਵੀ ਮੇਰੇ ਨਾਲ ਗੱਲ ਕਰਨੀ ਤਾਂ ਇਹੋ ਕਹਿਣਾ, ਮੇਰੇ ਭਾਪਾ ਜੀ ਲਾਹੌਰ ਹੁੰਦੇ ਸਨ। ਇਹਦੀ ਮਾਂ ਤੇ ਵੱਡੇ ਭੈਣ-ਭਰਾ ਸਦਾ ਕਿਲਾ ਗੁੱਜਰ ਸਿੰਘ ਦੀਆਂ ਗੱਲਾਂ ਹੀ ਕਰਦੇ, ਕਿਉਂਕਿ, ਲੰਮਾ ਸਮਾਂ ਏਸੇ ਸ਼ਹਿਰ ਵਿਚ ਰਹਿਣ ਕਰ ਕੇ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਤੇ ਯਾਦਾਂ ਕਿਲਾ ਗੁੱਜਰ ਸਿੰਘ ਨਾਲ ਜੁੜੀਆਂ ਹੋਈਆਂ ਸਨ। ਇੰਝ ਇਹ ਕਿਲਾ ਗੁੱਜਰ ਸਿੰਘ ਇਹਦੇ ਸੁਪਨਿਆਂ ਵਿਚ ਬੈਠ ਗਿਆ ਸੀ। ਇਹ ਸਦਾ ਕਹਿੰਦੀ ਹੁੰਦੀ ਸੀ ਕਿ ਮੈਂ ਕਿਲਾ ਗੁੱਜਰ ਸਿੰਘ ਦੇਖਣਾ! ਮੈਨੂੰ ਵੀ ਲੱਗਦਾ ਸੀ ਕਿ ਇਹਦੇ ਅੰਦਰ ਪਿਤਾ ਦੇ ਵਿਛੋੜੇ ਦੇ ਵੈਰਾਗ਼ ਦਾ ਜਿਹੜਾ ਜ਼ਖ਼ਮ ਹੈ, ਉਹਨੂੰ ਮਲ੍ਹਮ ਤਾਂ ਹੀ ਲੱਗਣੀ ਏਂ, ਉਹਨੂੰ ਆਰਾਮ ਉਦੋਂ ਹੀ ਆਉਣਾ ਏਂ, ਜਦੋਂ ਇਹ ਕਿਲਾ ਗੁੱਜਰ ਸਿੰਘ ਵੇਖ ਲਵੇਗੀ। ਅੱਜ ਇਹਦੇ ਜ਼ਖ਼ਮ ਨੂੰ ਮਲ੍ਹਮ ਲੱਗੀ ਹੈ। ਅੱਜ ਅਸੀਂ ਦੋਵੇਂ ਜੀਅ ਬਹੁਤ ਖ਼ੁਸ਼ ਅਤੇ ਆਨੰਦਿਤ ਹਾਂ।'

ਇਸਤੋਂ ਬਾਅਦ ਮੈਂ ਯੂਨਸ ਭੱਟੀ ਦੇ ਉਹਦੇ ਸਾਥੀਆਂ ਦੇ ਨਾਲ ਅਹਿਮਦ ਰਜ਼ਾ ਪੰਜਾਬੀ ਦਾ ਤੇ ਸ਼ਹਿਜ਼ਾਦ ਖ਼ਾਲਿਦ ਦਾ ਵੀ ਧੰਨਵਾਦ ਕੀਤਾ।

'ਯੂਨਸ ਸਾਹਿਬ ਦਾ ਮੇਰੀ ਸ਼ਰੀਕ-ਏ-ਹਯਾਤ ਲਈ ਆਪਣੀ ਕੁਰਸੀ ਛੱਡਣਾ ਦੱਸਦਾ ਹੈ ਕਿ ਉਨ੍ਹਾਂ ਅੰਦਰ ਇੱਕ ਬਹੁਤ ਹੀ ਹੱਸਾਸ ਤੇ ਦਰਦਮੰਦ ਦਿਲ ਹੈ। ਉਨ੍ਹਾਂ ਕਿਹਾ ਕਿ ਬਤੌਰ ਪੁਲਿਸ ਅਫਸਰ ਸ. ਬੰਤਾ ਸਿੰਘ ਕਿਉਂਕਿ ਪੰਜਾਬ ਪੁਲਿਸ ਦਾ ਇੱਕ ਹਿੱਸਾ ਸਨ ਤੇ ਇਸ ਤਰ੍ਹਾਂ ਉਹ, ਉਨ੍ਹਾਂ ਦੇ ਆਪਣੇ ਪਰਿਵਾਰ ਦਾ ਹੀ ਹਿੱਸਾ ਸਨ, ਉਨ੍ਹਾਂ ਦੇ ਆਪਣੇ 'ਘਰ ਦੇ ਜੀਅ' ਸਨ, ਤੇ ਅੱਜ ਸ ਬੰਤਾ ਸਿੰਘ ਦਾ ਪਰਿਵਾਰ ਵੀ ਉਨ੍ਹਾਂ ਦਾ ਆਪਣਾ ਹੀ ਪਰਿਵਾਰ ਹੈ।...ਅੱਜ ਉਹ ਆਪਣੇ ਘਰ ਦੇ ਜੀਆਂ ਨੂੰ ਹੀ 'ਆਪਣੇ ਘਰ' ਆਉਣ 'ਤੇ ਇੱਥੇ ਜੀ ਆਇਆਂ ਕਹਿ ਰਹੇ ਹਨ। ਮੈਨੂੰ ਆਪਣੇ ਇੱਕ ਸ਼ਾਇਰ ਦਾ ਸ਼ਿਅਰ ਯਾਦ ਆ ਰਿਹਾ ਹੈ। ਉਹਨੇ ਲਿਖਿਆ ਸੀ, 'ਸ਼ਹਿਰ ਲਾਹੌਰੋਂ ਅੰਬਰਸਰ ਦਾ, ਕਿੰਨਾ ਪੈਂਡਾ ਘਰ ਤੋਂ ਘਰ ਦਾ!'...ਅੱਜ ਯੂਨਸ ਭੱਟੀ ਹੁਰਾਂ ਘਰ ਤੋਂ ਘਰ ਤੱਕ ਦੇ ਪੈਂਡੇ ਦੀ ਦੂਰੀ ਖ਼ਤਮ ਕਰ ਦਿੱਤੀ ਹੈ। ਉਨ੍ਹਾਂ ਦੀ ਇਸ ਸੰਵੇਦਨਸ਼ੀਲਤਾ ਤੇ ਇਨਸਾਨੀ ਖ਼ੂਬਸੂਰਤੀ ਨੂੰ ਸੌ ਸਲਾਮਾਂ! ਮੈਂ ਇਥੋਂ ਦੀ ਪੰਜਾਬ ਪੁਲਿਸ ਤੇ ਪਾਕਿਸਤਾਨ ਦੀ ਪੰਜਾਬ ਸਰਕਾਰ ਦਾ ਵੀ ਸ਼ੁਕਰੀਆ ਅਦਾ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਅਜਿਹੇ ਖ਼ੂਬਸੂਰਤ ਤੇ ਖ਼ੂਬਸੀਰਤ ਅਫ਼ਸਰ ਭਰਤੀ ਕੀਤੇ ਨੇ।...'

ਮੇਰੀਆਂ ਗੱਲਾਂ ਸੁਣ ਕੇ ਯੂਨਸ ਭੱਟੀ ਪਹਿਲਾਂ ਹੀ ਬਿਆਨ ਕੀਤੀਆਂ ਭਾਵਨਾਵਾਂ ਨੂੰ ਦੋਬਾਰਾ ਵੱਖਰੇ ਸ਼ਬਦਾਂ ਵਿਚ ਜ਼ੋਰ ਨਾਲ ਬਿਆਨ ਕਰਦਾ ਹੈ।

'ਸਾਡੀ ਸਰਕਾਰ ਦੀ ਹਮੇਸ਼ਾ ਤੇ ਪੰਜਾਬ ਪੁਲਿਸ ਦੀ ਵੀ ਪਹਿਲ ਰਹੀ ਏ ਕਿ ਜਿਹੜੇ ਚੜ੍ਹਦੇ ਪੰਜਾਬ ਦੇ ਸਾਡੇ ਸਿੱਖ ਭਰਾ ਨੇ, ਉਨ੍ਹਾਂ ਨੂੰ ਹਮੇਸ਼ਾ ਵੈਲਕਮ ਤੇ ਜੀ ਆਇਆ ਨੂੰ ਕਹਿਣਾ ਏਂ। ਅਸੀਂ ਉਹੀ ਮੁਹੱਬਤ, ਉਹੀ ਵਿਚਾਰ ਰੱਖਣੇ ਆਂ ਔਰ ਮੇਰੀ ਇਨ੍ਹਾਂ ਅੱਗੇ ਗ਼ੁਜ਼ਾਰਿਸ਼ ਵੀ ਹੈ ਤੇ ਪੇਸ਼ਕਸ਼ ਵੀ ਕਿ ਇਹ ਜਦੋਂ ਵੀ ਪਾਕਿਸਤਾਨ ਦਾ ਰੁਖ਼ ਕਰਨ ਤਾਂ ਇਹ ਜਰੂਰ ਇੱਥੇ ਕਿਲਾ ਗੁੱਜਰ ਸਿੰਘ ਆਣ। ਥਾਣਾ ਵੀ ਇਨ੍ਹਾਂ ਦਾ, ਇਹ ਪੁਲਿਸ ਵੀ ਇਨ੍ਹਾਂ ਦੀ ਆਪਦੀ ਹੈ ਤੇ ਅਸੀਂ ਵੀ ਇਨ੍ਹਾਂ ਦੇ ਆਪਣੇ ਆਂ। ਅਸੀਂ ਬੜਾ ਪਿਆਰ ਦਿਆਂਗੇ ਇਨ੍ਹਾਂ ਨੂੰ ਇਸੇ ਤਰ੍ਹਾਂ ਹੀ, ਔਰ, ਕਿਉਂਕਿ ਇਹ ਸਾਡੀ ਫੈਮਿਲੀ ਦੇ ਲੋਕ ਨੇ। ਇਨ੍ਹਾਂ ਦੇ ਫਾਦਰ ਕਿਉਂਕਿ ਐਸ.ਐਚ.ਓ. ਸੀ ਕਿਲਾ ਗੁੱਜਰ ਸਿੰਘ ਥਾਣੇ ਦੇ। ਉਹ ਪੰਜਾਬ ਪੁਲਿਸ ਦਾ ਹਿੱਸਾ ਸਨ ਔਰ ਅਸੀਂ ਪੰਜਾਬ ਪੁਲਿਸ ਵਾਲੇ ਸਾਰੇ ਇੱਕ ਦੂਜੇ ਨੂੰ ਫੈਮਲੀ ਦੀ ਤਰ੍ਹਾਂ ਗਰਦਾਨਦੇ ਹਾਂ। ਇਨ੍ਹਾਂ ਵਾਸਤੇ ਜਾਂ ਇਨ੍ਹਾਂ ਦੇ ਜੋ ਵੀ ਹੋਰ ਫੈਮਿਲੀ ਮੈਂਬਰ ਹੋਣ, ਉਨ੍ਹਾਂ ਨੂੰ ਹਮੇਸ਼ਾ ਵਾਸਤੇ ਵੈਲਕਮ ਕਰਾਂਗੇ...'

ਅਹਿਮਦ ਰਜ਼ਾ ਪੰਜਾਬੀ ਇਹ ਸਾਰਾ ਬਿਰਤਾਂਤ ਰਿਕਾਰਡ ਕਰਵਾ ਰਿਹਾ ਸੀ। ਉਹਦੇ ਸਾਥੀ ਅੰਜੁਮ ਗਿੱਲ ਅਤੇ ਫ਼ੈਸਲ ਅਲੀ ਸਾਰੀ ਗੁਫ਼ਤਗੂ ਦੀ ਵੀਡੀਓ ਬਣਾਈ ਜਾ ਰਹੇ ਸਨ। ਸਾਡੀਆਂ ਗੱਲਾਂ ਸੁਣ ਕੇ ਅਹਿਮਦ ਰਜ਼ਾ ਪੰਜਾਬੀ ਦੇ ਮਨ ਵਿਚ ਵੀ ਉਛਾਲ ਆਇਆ।

'...ਬਹੁਤ ਅੱਛੇ ਭੱਟੀ ਸਾਹਿਬ! ਕੁਛ ਕਨੈਕਸ਼ਨ, ਕੁਝ ਤਾਅੱਲਕ ਐਸੇ ਹੁੰਦੇ ਨੇ, ਜਿਨ੍ਹਾਂ ਨੂੰ ਜਿੰਨੀ ਵਾਰੀ ਤੋੜੋ, ਉਹ ਟੁੱਟ ਨਹੀਂ ਸਕਦੇ। ਸੋ ਮਿੱਟੀ ਦੇ ਨਾਲ ਜਿਹੜਾ ਰਿਸ਼ਤਿਆਂ ਦਾ ਕਨੈਕਸ਼ਨ ਹੈ, ਉਹ ਵੀ ਇੰਝ ਦਾ ਹੀ ਏ। ਲੋਕਾਂ ਦੇ ਦਿਲਾਂ ਦਾ ਜੋ ਕਨੈਕਸ਼ਨ ਹੈ, ਉਹ ਵੀ ਇੰਝ ਦਾ ਹੀ ਹੈ। ਪਾਰਟੀਸ਼ਨ ਗੁਜ਼ਰ ਗਈ। 76 ਸਾਲ ਹੋ ਗਏ ਉਸ ਵੇਲੇ ਤੇ ਦੁਖਾਂਤ ਨੂੰ ਗੁਜ਼ਰਿਆਂ। ਉਹ ਦੁੱਖ ਵੀ ਪੰਜਾਬੀਆਂ ਦੇ ਦਿਲਾਂ ਦੇ ਵਿਚ ਹੈ। ਲੇਕਿਨ ਇਸ ਵੇਲੇ ਦੀ ਲੋੜ ਇਹ ਹੈ ਕਿ ਅਗਰ ਅਸੀਂ ਕੁਝ ਕਰ ਪਾਈਏ। ਲਹਿੰਦੇ ਔਰ ਚੜ੍ਹਦੇ ਪੰਜਾਬ ਦੇ ਪੰਜਾਬੀ...ਤੇ ਅਸੀਂ ਇਹੀ ਕਰ ਸਕਦੇ ਹਾਂ। ਖਾਸ ਕਰ ਕੇ, ਸਾਡੇ ਜਿਹੜੇ ਰਿਆਸਤੀ ਅਦਾਰੇ ਨੇ, ਜੇ ਉਨ੍ਹਾਂ ਦਾ ਰਵੱਈਆ ਯੂਨਸ ਭੱਟੀ ਸਾਹਿਬ ਲੋਕਾਂ ਤਰ੍ਹਾਂ ਹੋ ਜਾਏ ਤਾਂ ਕਈ ਮਸਲੇ ਤਾਂ ਹੱਲ ਹੋ ਸਕਦੇ ਨੇ। ਕੁਝ ਵੀ ਨਹੀਂ ਜਾਂਦਾ। ਅਸੀਂ ਇੱਥੇ ਆਏ, ਇਨ੍ਹਾਂ ਟਾਈਮ ਦਿੱਤਾ, ਵੈਲਕਮ ਕੀਤਾ, ਰਾਇ ਸਾਹਿਬ ਤਸ਼ਰੀਫ ਲਿਆਏ ਨਨਕਾਣਾ ਸਾਹਿਬ ਤੋਂ।...ਇਨ੍ਹਾਂ ਦੀ ਮੁਹੱਬਤ ਹੈ ਕਿ ਸਾਰੇ ਮਿਲ ਕੇ ਬੈਠੇ ਆਂ ਤੇ ਮੁਹੱਬਤ ਨੂੰ ਅੱਗੇ ਵਧਾਵਾ ਦਿੱਤਾ ਹੈ। ਭੱਟੀ ਸਾਹਿਬ ਦੇ ਇਸ ਵਿਹਾਰ ਨਾਲ ਕਈ ਫੁੱਲ ਖਿੜਨਗੇ, ਕਿਤਨੇ ਜ਼ਿਹਨਾਂ ਦੇ ਵਿਚ, ਜਿਹੜੇ ਨਫ਼ਰਤਾਂ ਲੈ ਕੇ ਬੈਠੇ ਨੇ, ਉਨ੍ਹਾਂ ਦੇ ਜ਼ਿਹਨ ਸ਼ਾਇਦ ਚੇਂਜ ਹੋ ਜਾਣ। ਸੋ ਕੋਸ਼ਿਸ਼ ਸਾਨੂੰ ਕਰਦੇ ਰਹਿਣਾ ਚਾਹੀਦਾ ਹੈ। ਉਹ ਲਹਿੰਦੇ ਪੰਜਾਬ ਦਾ ਪੰਜਾਬੀ ਹੋਵੇ ਜਾਂ ਚੜ੍ਹਦੇ ਪੰਜਾਬ ਦਾ ਹੋਵੇ; ਉਹ ਡਾਇਸਪੋਰਾ ਦਾ ਹੋਵੇ ਕਿ ਅਸੀਂ ਹੁਣ ਉਹ ਜਿਹੜੇ ਕੁਛ ਮਾਮਲਾਤ ਹੋਏ ਸਨ, ਉਨ੍ਹਾਂ ਤੋਂ ਅੱਗੇ ਨਿਕਲੀਏ। ਦੁਨੀਆਂ ਗਲੋਬਲ ਵਿਲੇਜ ਬਣ ਗਈ ਹੈ ਔਰ ਗਲੋਬਲ ਵਿਲੇਜ ਦੇ ਵਿਚ ਪੰਜਾਬੀਆਂ ਦੀ ਵੀ ਇੱਕ ਸ਼ਨਾਖ਼ਤ ਹੈ। ਸਾਰੇ ਪੰਜਾਬੀ ਮੁਹੱਬਤਾਂ ਦੀ ਇਸ ਸ਼ਨਾਖ਼ਤ ਨੂੰ ਅੱਗੇ ਲੈ ਕੇ ਵੱਧਣ ਤਾਂ ਹੋਰ ਚੰਗਾ ਹੋਵੇ।...'

ਸਾਡੇ ਸਭਨਾਂ ਦੇ ਬੋਲਣ ਤੋਂ ਬਾਅਦ ਅੱਜ ਦੀ 'ਮੁੱਖ-ਮਹਿਮਾਨ' ਕਿਵੇਂ ਚੁੱਪ ਰਹਿੰਦੀ। ਉਹਦੇ ਦੁੱਖ ਦਾ ਨਿਕਾਸ ਹੋ ਚੁੱਕਾ ਹੈ। ਅੱਥਰੂ ਵਹਿ ਚੁੱਕੇ ਨੇ। ਹੁਣ ਉਹ ਸਹਿਜ ਹੈ। ਖ਼ੁਸ਼ ਹੈ। ਉਹਦਾ ਚਿਹਰਾ ਖਿੜਿਆ ਹੋਇਆ ਹੈ। ਉਹ ਯੂਨਸ ਭੱਟੀ ਨੂੰ ਮੁਖ਼ਾਤਬ ਹੁੰਦੀ ਹੈ, '... ਜਿਵੇਂ ਪੰਜਾਬੀ ਵਿਚ ਕਹਿੰਦੇ ਨੇ...' ਉਹ ਆਪਣੀਆਂ ਦੋਵੇਂ ਬਾਹਵਾਂ ਫ਼ੈਲਾਉਂਦੀ ਹੈ, 'ਮੈਂ ਪੰਡ ਸਾਰੀ ਤੁਹਾਡਾ ਧੰਨਵਾਦ ਕਰਦੀ ਹਾਂ। ਰਜ਼ਾ ਸਾਹਿਬ, ਰਾਇ ਸਾਹਿਬ ਦਾ ਵੀ ਧੰਨਵਾਦ ਕਰਦੀ ਆਂ, ਜਿਹੜੇ ਸਾਨੂੰ ਏਥੇ ਲੈ ਕੇ ਆਏ। ਤੇ ਮੇਰੀ ਰੂਹ ਅੱਜ ਬਹੁਤ ਜ਼ਿਆਦਾ ਠੰਡੀ ਜਾ ਰਹੀ ਆ। ਮੈਂ ਬਹੁਤ ਸੰਤੁਸ਼ਟ ਆਂ। ਜਿਹੜੀ ਪਹਿਲਾਂ ਰੋਂਦੀ ਹੁੰਦੀ ਸੀ, ਹੁਣ ਜਾ ਕੇ ਮੈਂ ਸਾਰਿਆਂ ਨੂੰ, ਆਪਣੀ ਫ਼ੈਮਿਲੀ ਨੂੰ ਆਪਣੇ ਪਾਪਾ ਦੀਆਂ ਗੱਲਾਂ ਦੱਸਾਂਗੀ। ਤੇ ਜਿਹੜਾ ਸਾਡਾ ਫੁੱਲਾਂ ਦੇ ਨਾਲ ਮਹਿਕਦਾ ਇਸਤਕਬਾਲ ਕੀਤਾ ਹੈ, ਉਸ ਨਾਲ ਮੈਂ ਧੰਨ ਹੋ ਗਈ ਹਾਂ। ਅੱਜ ਲੱਗਾ ਹੈ ਮੇਰੀ ਫਾਦਰ ਦੀ ਥਾਂ ਤੇ ਮੇਰਾ ਬੱਚਾ ਹੀ ਇਸ ਕੁਰਸੀ 'ਤੇ ਬੈਠਾ ਹੈ। ਮੈਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ।' ਉਹਦੇ ਸ਼ਬਦ ਸੁਣ ਕੇ ਯੂਨਸ ਭੱਟੀ ਆਪਣੇ ਸੀਨੇ 'ਤੇ ਹੱਥ ਧਰ ਕੇ ਧੰਨਵਾਦੀ ਇਸ਼ਾਰਾ ਕਰਦਾ ਹੈ।

ਚਾਹ-ਪਾਣੀ ਛਕਣ ਤੋਂ ਬਾਅਦ ਅਸੀਂ ਡਰਾਇੰਗ ਰੂਮ ਵਿਚੋਂ ਉੱਠਣ ਦੀ ਤਿਆਰੀ ਵਿਚ ਹੀ ਹਾਂ ਕਿ ਇੱਕ ਨਕਾਬਪੋਸ਼ ਬੀਬੀ ਅੰਦਰ ਆਉਂਦੀ ਹੈ। ਕੁਝ ਹੋਰ ਦਰਵਾਜ਼ੇ ਦੇ ਬਾਹਰ ਖਲੋਤੀਆਂ ਹਨ। ਉਹ ਬੀਬੀ ਸਭਨਾਂ ਨੂੰ ਮੁਖ਼ਾਤਬ ਹੁੰਦੀ ਹੈ, 'ਜੇ ਇਜਾਜ਼ਤ ਹੋਏ ਤਾਂ ਅਸੀਂ ਮਹਿਮਾਨਾਂ ਨਾਲ ਵੱਖਰੇ ਬਹਿ ਕੇ ਗੱਲ-ਬਾਤ ਕਰਨਾ ਚਾਹੁੰਦੀਆਂ!'

ਬਾਕੀ ਜਣੇ ਕਮਰੇ ਵਿਚੋਂ ਬਾਹਰ ਚਲੇ ਗਏ। ਅਸੀਂ ਦੋਵੇਂ ਮੁੜ ਆਪਣੀ ਥਾਂ 'ਤੇ ਬਹਿ ਗਏ। ਦੋ ਕੁੜੀਆਂ ਸਾਡੇ ਬਰਾਬਰ ਅਤੇ ਚਾਰ ਸਾਡੇ ਸਾਹਮਣੇ ਵਾਲੀਆਂ ਕੁਰਸੀਆਂ 'ਤੇ ਬਹਿ ਗਈਆਂ। ਸਾਹਮਣੇ ਬੈਠੀਆਂ ਦਰਵਾਜ਼ੇ ਦੀ ਓਟ ਵਿਚ ਸਨ। ਉਨ੍ਹਾਂ ਆਪਣੀਆਂ ਨਕਾਬਾਂ ਚਿਹਰੇ ਤੋਂ ਹਟਾ ਦਿੱਤੀਆਂ। ਸੋਹਣੇ ਫੱਬਦੇ ਨਕਸ਼ਾਂ ਵਾਲੀਆਂ ਗੋਰੇ ਚਿੱਟੇ ਰੰਗ ਦੀਆਂ ਮੁਟਿਆਰ ਕੁੜੀਆਂ ਦੇ ਮੁਸਕਰਾਉਂਦੇ ਤੇ ਖਿੜੇ ਹੋਏ ਚਿਹਰੇ!

ਜਿੱਥੇ ਅਸੀਂ ਬੈਠੇ ਸਾਂ, ਉਥੋਂ ਖੁੱਲ੍ਹੇ ਦਰਵਾਜ਼ੇ ਰਾਹੀਂ ਬਾਹਰ ਤੁਰੇ-ਫਿਰਦੇ ਮੁਲਾਜ਼ਮ ਦਿਸਦੇ ਸਨ। ਇਸ ਲਈ ਸਾਡੇ ਬਰਾਬਰ ਬੈਠੀਆਂ ਕੁੜੀਆਂ ਨੇ ਆਪਣੇ ਨਕਾਬ ਨਹੀਂ ਸਨ ਉਤਾਰੇ। ਉਨ੍ਹਾਂ ਦੋਵਾਂ ਵਿਚੋਂ ਇੱਕ ਆਪਣਾ ਨਕਾਬ ਚਿਹਰੇ ਤੋਂ ਹਟਾਉਣ ਲੱਗੀ ਤਾਂ ਉਹਦੇ ਨਾਲ ਬੈਠੀ ਕੁੜੀ ਕਹਿੰਦੀ, 'ਉਹ ਬਾਹਰ ਵਿੰਹਦੇ ਪਏ ਨੇ।'

'ਵਿੰਹਦੇ ਪਏ ਨੇ ਤਾਂ ਵਿੰਹਦੇ ਰਹਿਣ! ਮੈਂ ਤਾਂ ਪ੍ਰਾਹੁਣਿਆਂ ਨਾਲ ਨੰਗੇ ਮੂੰਹ ਹੀ ਤਸਵੀਰ ਬਨਾਉਣੀ ਹੈ!'

ਉਹਨੇ ਸਾਹਮਣੇ ਬੈਠੀਆਂ ਕੁੜੀਆਂ ਵਿਚੋਂ ਇੱਕ ਨੂੰ ਤਸਵੀਰ ਖਿੱਚਣ ਲਈ ਕਿਹਾ। ਫਿਰ ਸਭਨਾਂ ਨੇ ਵਾਰੀ-ਵਾਰੀ ਸਾਡੇ ਕੋਲ ਬਹਿ ਕੇ ਤਸਵੀਰਾਂ ਬਣਵਾਈਆਂ। ਉਹ ਕਿਸੇ ਹੋਰ ਮਹਿਕਮੇ ਵਿਚੋਂ ਇਸ ਥਾਣੇ ਵਿਚ ਕਿਸੇ ਟਰੇਨਿੰਗ 'ਤੇ ਆਈਆਂ ਸਨ। ਸਾਨੂੰ ਮਿਲ ਕੇ ਹੁਲਾਸ ਨਾਲ ਭਰੀਆਂ ਹੋਈਆਂ ਸਨ। ਉਨ੍ਹਾਂ ਥਾਣੇ ਵਿਚ ਸਾਡੇ ਆਉਣ ਦਾ ਕਾਰਨ ਪੁੱਛਿਆ ਤਾਂ ਰਜਵੰਤ ਨੇ ਆਪਣੀ ਕਹਾਣੀ ਸੰਖੇਪ ਵਿਚ ਦੁਹਰਾਈ।



'ਮੈਂ ਬਚਪਨ ਵਿਚ ਗਵਾਚ ਗਏ ਆਪਣੇ ਪਿਉ ਨੂੰ ਖ਼ਿਆਲਾਂ ਵਿਚ ਚਿੱਠੀਆਂ ਲਿਖਦੀ, 'ਭਾਪਾ ਜੀ! ਤੁਸੀਂ ਕਿੱਥੇ ਚਲੇ ਗਏ ਜੇ? ਆਉਂਦੇ ਕਿਉਂ ਨਹੀਂ। ਮੈਨੂੰ ਗ਼ਲ ਨਾਲ ਕਿਉਂ ਨਹੀਂ ਲਾਉਂਦੇ! ਸਾਰਿਆਂ ਦੇ ਬਾਪ ਹੋਸਟਲ ਵਿਚ ਆਪਣੀਆਂ ਧੀਆਂ ਨੂੰ ਮਿਲ ਕੇ ਜਾਂਦੇ ਨੇ ਤਾਂ ਮੈਂ ਤੁਹਾਨੂੰ ਉਡੀਕਦੀ ਹਾਂ। ਤੁਸੀਂ ਨਹੀਂ ਆਉਂਦੇ। ਜਦੋਂ ਕਿਸੇ ਸਹੇਲੀ ਦਾ ਪਿਤਾ ਆਪਣੀ ਧੀ ਦਾ ਸਿਰ ਪਲੋਸਣ ਤੋਂ ਬਾਅਦ ਮੇਰੇ ਸਿਰ 'ਤੇ ਵੀ ਹੱਥ ਰੱਖਦਾ ਤਾਂ ਮੇਰੀਆਂ ਭੁੱਬਾਂ ਨਿਕਲ ਜਾਂਦੀਆਂ!'

ਕੁੜੀਆਂ ਦੀਆਂ ਅੱਖਾਂ ਵਿਚੋਂ ਪਾਣੀ ਸਿੰਮ ਆਇਆ। ਇੱਕ ਕੁੜੀਆਂ ਦੀਆਂ ਅੱਖਾਂ ਵਿਚੋਂ ਤਾਂ ਹੰਝੂਆਂ ਦੀ ਧਾਰ ਵਹਿਣ ਲੱਗੀ। ਕੋਲ ਬੈਠੀ ਕੁੜੀ ਨੇ ਉਹਦਾ ਸਿਰ ਆਪਣੇ ਮੋਢੇ ਨਾਲ ਲਾਇਆ।

'ਇਹਦੇ ਅੱਬੂ ਵੀ ਇਹਦੇ ਬਚਪਨ ਵਿਚ ਹੀ ਵਿਛੋੜਾ ਦੇ ਗਏ ਸਨ।'

ਕਿਸੇ ਕੁੜੀ ਨੇ ਦੱਸਿਆ। ਸਾਡਾ ਮਨ ਵੀ ਉਦਾਸ ਹੋ ਗਿਆ।

ਕੁੜੀਆਂ ਗੱਲਾਂ ਬਾਤਾਂ ਕਰ ਕੇ ਜਾਣ ਲੱਗੀਆਂ ਤਾਂ ਸਾਰੀਆਂ ਰਜਵੰਤ ਨੂੰ ਜੱਫੀ ਪਾ ਕੇ ਮਿਲੀਆਂ।

ਉਨ੍ਹਾਂ ਦੀ ਆਗੂ ਕਹਿੰਦੀ, 'ਤੁਸੀਂ ਸਾਨੂੰ ਬੜਾ ਯਾਦ ਆਉਗੇ। ਅਸੀਂ ਤੁਹਾਡੀਆਂ ਤਸਵੀਰਾਂ ਸਾਂਭ ਕੇ ਰੱਖਾਂਗੀਆਂ1'

*********************

ਬਾਹਰ ਆਉਣ 'ਤੇ ਯੂਨਸ ਭੱਟੀ ਸਾਨੂੰ ਸਭਨਾਂ ਨੂੰ ਘੁੰਮ ਫਿਰ ਕੇ ਥਾਣੇ ਦੀ ਇਮਾਰਤ ਵਿਖਾਉਣ ਲੱਗਾ। ਤੁਰਦੇ ਤੁਰਦੇ ਅਸੀਂ ਇਮਾਰਤ ਦੇ ਪਿੱਛਲੇ ਹਿੱਸੇ ਤੱਕ ਪਹੁੰਚਦੇ ਹਾਂ। ਨਵੀਂ ਮੁੱਖ ਇਮਾਰਤ, ਜਿਵੇਂ ਦੱਸਿਆ ਗਿਆ ਹੈ, ਜ਼ਮੀਨੀ ਸਤਹ ਤੋਂ ਕਾਫ਼ੀ ਉੱਪਰ ਬਣਾਈ ਗਈ ਹੋਣ ਕਰ ਕੇ ਅਸੀਂ ਪ੍ਰਵੇਸ਼ ਕਰਨ ਲੱਗਿਆਂ ਵੀ ਦਸ-ਪੰਦਰਾਂ ਪੌੜੀਆਂ ਚੜ੍ਹੇ ਸਾਂ, ਹੁਣ ਪਿਛਲੇ ਪਾਸੇ ਬਣੇ ਹੇਠਲੇ ਹਿੱਸੇ ਨੂੰ ਵੇਖਣ ਲਈ ਦਸ-ਪੰਦਰਾਂ ਪੌੜੀਆਂ ਹੇਠਾਂ ਉੱਤਰ ਰਹੇ ਹਾਂ। ਹੇਠਾਂ ਬਨਾਵਟੀ ਘਾਹ ਨਾਲ ਸੱਜਿਆ ਇੱਕ ਵਰਗ-ਆਕਾਰ ਦਾ ਪਾਰਕ ਹੈ, ਜਿਸਦੇ ਚਾਰ-ਚੁਫ਼ੇਰੇ ਬਰਾਂਡੇ ਹਨ ਤੇ ਬਰਾਂਡਿਆਂ ਦੇ ਪਿੱਛੇ ਕਮਰੇ। ਸਾਡੇ ਸੱਜੇ ਹੱਥ ਵਾਲੇ ਕਮਰਿਆਂ ਦੀ ਕਤਾਰ ਨੂੰ ਵੇਖ ਕੇ ਅਨੁਮਾਨ ਲੱਗਦਾ ਹੈ, ਜਿਵੇਂ ਉਨ੍ਹਾਂ ਵਿਚ ਮੁਲਜ਼ਿਮਾਂ ਨੂੰ ਬੰਦ ਕਰਨ ਲਈ ਬਣੀਆਂ ਹਵਾਲਾਤੀ ਕੋਠੜੀਆਂ ਜਾਂ ਕਮਰੇ ਹੋਣ। ਉਂਝ ਇਹ ਹੇਠਲੀ ਇਮਾਰਤ ਵੀ ਨਵੀਂ ਬਣੀ ਹੋਈ ਹੈ।

ਪੌੜੀਆਂ ਉੱਤਰ ਕੇ ਅਸੀਂ ਹਰੇ ਘਾਹ 'ਤੇ ਖਲੋਤੇ ਸਾਂ। ਬੜਾ ਸੁਖਾਵਾਂ ਦ੍ਰਿਸ਼ ਹੈ। ਪਾਰਕ ਵਿਚ ਤਿੰਨਾਂ ਨੁੱਕਰਾਂ ਵਿਚ ਸੁਹਾਵਣੇ ਮੌਸਮ ਵਿਚ ਬਾਹਰ ਬਹਿਣ ਲਈ ਗੋਲ ਮੇਜ਼ ਦੇ ਦੁਆਲੇ ਚਾਰ-ਚਾਰ ਬੈਂਤ ਦੀਆਂ ਗੱਦੇਦਾਰ ਆਰਾਮਦੇਹ ਕੁਰਸੀਆਂ ਦੇ ਚਾਰ ਸੈੱਟ ਲੱਗੇ ਹੋਏ ਸਨ। ਆਸੇ ਪਾਸੇ ਦੇ ਕਮਰਿਆਂ ਦੀਆਂ ਦੀਵਾਰਾਂ 'ਤੇ ਫੁੱਲਦਾਰ ਨਕਾਸ਼ੀ ਕੀਤੀ ਹੋਈ ਸੀ। ਬੜਾ ਮਨ ਲੁਭਾਉਣਾ ਮੰਜ਼ਰ ਸੀ।

ਯੂਨਸ ਭੱਟੀ ਮੈਨੂੰ ਪੁੱਛਦਾ ਹੈ, 'ਸਰਦਾਰ ਵਰਿਆਮ ਸਿੰਘ ਸਾਹਿਬ ਜੀ, ਤੁਹਾਡੇ ਸੁਸਰ ਇਸ ਥਾਣੇ ਵਿਚ ਐਸ ਐਚ ਓ ਰਹੇ ਨੇ, ਤੁਸੀਂ ਸਾਨੂੰ ਦੱਸੋ ਕਿ ਤੁਹਾਨੂੰ ਇਹ ਥਾਣਾ ਕਿਵੇਂ ਦਾ ਲੱਗਿਆ?'

2001 ਵਿਚ ਆਲਮੀ ਪੰਜਾਬੀ ਕਾਨਫ਼ਰੰਸ 'ਤੇ ਲਾਹੌਰ ਗਿਆ ਸਾਂ ਤਾਂ ਉਦੋਂ ਏਸੇ ਥਾਣੇ ਵਿਚ ਆਪਣੀ ਹਾਜ਼ਰੀ ਰਜਿਸਟਰ ਕਰਾਉਣੀ ਸੀ। ਮੈਨੂੰ ਉਹ ਵੇਲਾ ਯਾਦ ਆਇਆ।

...ਅਸੀਂ ਦਫਤਰ ਵਿਚ ਵੜੇ। ਸਾਹਮਣੇ ਵੱਡੇ ਮੇਜ਼ ਉਤੇ ਇਕ ਹਵਾਲਦਾਰ ਪੁਲੀਸ ਦੀ ਵਰਦੀ ਵਿਚ ਸੱਜਿਆ ਬੈਠਾ ਸੀ। ਦੂਜੇ ਛੋਟੇ ਮੇਜ਼ ਉਥੇ ਇਕ ਹੋਰ ਕਰਮਚਾਰੀ ਬੈਠਾ ਹੋਇਆ ਸੀ। ਇਕ ਹੋਰ ਸਿਪਾਹੀ ਹੱਥ ਵਿਚ ਬੰਦੂਕ ਫੜੀ ਦਫ਼ਤਰ ਵਿਚ ਖਲੋਤਾ ਸੀ।

ਹਵਾਲਦਾਰ ਦੇ ਮੇਜ਼ ਦੇ ਸਾਹਮਣੇ ਇਕ ਲੰਮਾ ਬੈਂਚ ਕੰਮ ਲਈ ਆਏ ਬੰਦਿਆਂ ਦੇ ਬੈਠਣ ਵਾਸਤੇ ਸੀ। ਪਹਿਲੀ ਨਜ਼ਰੇ ਮੈਨੂੰ ਇਹ ਦਫ਼ਤਰ ਪਾਕਿਸਤਾਨੀ ਟੀ.ਵੀ. ਸੀਰੀਅਲ 'ਅੰਧੇਰਾ ਉਜਾਲਾ' ਦੇ ਹਵਾਲਦਾਰ ਦੇ ਦਫ਼ਤਰ ਵਰਗਾ ਲੱਗਾ, ਜਿਸ ਦਾ ਕਲਾਕਾਰ ਇਰਫਾਨ ਖੂਸਟ ਆਪਣੇ ਅੰਦਾਜ਼ ਵਿਚ ਧੌਣ ਟੇਢੀ ਕਰਕੇ ਆਪਣੇ ਤੋਂ ਜੂਨੀਅਰ ਲੋਕਾਂ ਤੇ ਆਏ-ਗਏ ਲੋਕਾਂ ਨੂੰ ਆਖਦਾ ਹੈ, 'ਦੈਹ ਜਮਾਤਾਂ ਪਾਸ ਹੂੰ। ਡਰੈਕਟ ਹਵਾਲਦਾਰ ਹੂੰ। ਕੋਈ ਮਜ਼ਾਖ਼ ਨਹੀਂ ਹੂੰ ਮੈਂ।' ਪਰ ਆਪਣੇ ਤੋਂ ਸੀਨੀਅਰ ਅਫਸਰਾਂ ਅੱਗੇ 'ਜੀ ਜਨਾਬ! ਜੀ ਜਨਾਬ!' ਕਹਿੰਦਿਆਂ ਉਹਦੀ ਜ਼ਬਾਨ ਨਹੀਂ ਥੱਕਦੀ। ਮੈਂ ਮਨ 'ਚ ਹੱਸਿਆ। ਕਿਤੇ 'ਦਸ ਜਮਾਤਾਂ ਪਾਸ' ਉਸ ਹਵਾਲਦਾਰ ਵਾਂਗੂੰ ਇਹ ਹਵਾਲਦਾਰ ਵੀ ਮੇਜ਼ 'ਤੇ ਰੂਲ ਖੜਕਾ ਕੇ ਨਾ ਆਖੇ, 'ਇਹ ਕੋਈ ਵੇਲਾ ਏ... ਤੁਹਾਡੇ ਆਉਣ ਦਾ... ਲੈ ਜਾਓ ਉਏ ਇਨ੍ਹਾਂ ਨੂੰ ਡਰਾਇੰਗ ਰੂਮ ਵਿਚ ਤੇ ਇਨ੍ਹਾਂ ਦੀ ਸੇਵਾ ਕਰੋ।'

ਮੈਂ ਆਪਣੀ ਉਸ ਯਾਦ ਨੂੰ ਹਾਸੇ ਨਾਲ ਸਾਂਝਾ ਕਰਦਿਆਂ ਕਰਦਿਆਂ ਦੱਸਿਆ, 'ਉਸ ਵੇਲੇ ਨਾਲੋਂ ਥਾਣੇ ਦੀ ਹਾਲਤ ਦਾ ਤਾਂ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਉਸ ਵੇਲੇ ਥਾਣੇ ਵਿਚ ਆਉਣ ਦਾ ਮਕਸਦ ਹੋਰ ਸੀ, ਇਸ ਵਾਰੀ ਹੋਰ। ਤਜਰਬਾ ਉਦੋਂ ਵੀ ਬੜਾ ਚੰਗਾ ਹੋਇਆ ਸੀ। ਹਵਾਲਦਾਰ ਨੇ 'ਅਸਲਾਮਾ ਲੇਕਿਮ!' ਬੜੀ ਮੁਹੱਬਤ ਨਾਲ ਆਖਿਆ। ਸੀ, 'ਕੀ ਗੱਲ ਬੜੇ ਲੇਟ ਹੋ ਗਏ ਸਰਦਾਰ ਜੀ।' ਅਸੀਂ ਆਪਣੀ ਸਫ਼ਾਈ ਦਿੱਤੀ ਤਾਂ ਉਹ ਕਹਿਣ ਲੱਗਾ, 'ਕੋਈ ਗੱਲ ਈ ਨਹੀਂ ਬਾਦਸ਼ਾਹੋ! ਅਸੀਂ ਏਥੇ ਬੈਠੇ ਕਾਹਦੇ ਵਾਸਤੇ ਆਂ।' ਉਸ ਨੇ ਸਾਡੇ ਹੱਥੋਂ ਕਾਗਜ਼-ਪੱਤਰ ਫੜ ਲਏ। ਏਨੇ ਚਿਰ ਨੂੰ ਤੁਹਾਡੇ ਵਰਗਾ ਹੀ ਇਕ ਇੰਸਪੈਕਟਰ ਦਫ਼ਤਰ ਵਿਚ ਆਇਆ। ਸਾਨੂੰ ਵੇਖ ਕੇ 'ਸਤਿ ਸ੍ਰੀ ਅਕਾਲ' ਆਖੀ ਤੇ ਫਿਰ ਹਵਾਲਦਾਰ ਨੂੰ ਕਹਿਣ ਲੱਗਾ, 'ਮਜੀਦ! ਪਹਿਲਾਂ ਸਰਦਾਰ ਹੁਰਾਂ ਦਾ ਕੰਮ ਕਰ। ਫਿਰ ਉਹ ਕੰਮ ਕਰ ਜਿਹੜਾ ਤੈਨੂੰ ਆਖਿਆ ਸੀ।'

'ਜ਼ਾਹਿਰ ਹੈ ਸਾਡੇ ਨਾਲ ਉਦੋਂ ਵੀ ਇਸ ਥਾਣੇ ਵਿਚ ਬੜਾ ਚੰਗਾ ਸਲੂਕ ਹੋਇਆ ਸੀ, ਪਰ ਇਸ ਵਾਰ ਦੀ ਹਾਜ਼ਰੀ ਦਾ ਆਨੰਦ ਤੇ ਸਕੂਨ ਹੀ ਕੁਝ ਵੱਖਰਾ ਹੈ। ਇਸ ਥਾਣੇ ਵਿਚ ਆ ਕੇ ਇੱਕ ਤਾਂ ਮੇਰੀ ਸ਼ਰੀਕ-ਏ-ਹਯਾਤ ਦੀ ਰੂਹ ਤ੍ਰਿਪਤ ਹੋਈ ਹੈ। ਉਸਦੇ ਨਾਲ ਮੈਨੂੰ ਵੀ ਬੇਹੱਦ ਖ਼ੁਸ਼ੀ ਤੇ ਸਕੂਨ ਮਿਲਿਆ ਹੈ। ਜਿੱਥੋਂ ਤੱਕ ਥਾਣੇ ਦੀ ਗੱਲ ਹੈ, ਮੈਂ ਸੱਚ ਕਹਿੰਦਾਂ, ਮੈਂ ਕਦੀ ਇਹੋ ਜਿਹੇ ਥਾਣੇ ਦਾ ਤਸੱਵਰ ਹੀ ਨਹੀਂ ਕੀਤਾ। ਮੈਂ ਇਹਦੀ ਇਮਾਰਤ ਅਤੇ ਇਹਦੀ ਦਿੱਖ ਵੇਖ ਕੇ ਹੈਰਾਨ ਵੀ ਹੋਇਆਂ ਤੇ ਖ਼ੁਸ਼ ਵੀ। ਸਾਡੇ ਮਨਾਂ ਵਿਚ ਤਾਂ ਥਾਣੇ ਦਾ ਤਸਵੱਰ ਅਜਿਹਾ ਹੈ ਜਿੱਥੇ ਜਾ ਕੇ ਬੰਦੇ ਦੇ ਮਨ-ਮਸਤਕ 'ਤੇ ਦਹਿਸ਼ਤ ਜਿਹੀ ਤਾਰੀ ਹੋ ਜਾਂਦੀ ਹੈ। ਇਸ ਦਹਿਸ਼ਤ ਪਿੱਛੇ ਅਸਲ ਤਾਂ ਥਾਣੇ ਦੇ ਮੁਲਾਜ਼ਮਾ ਦਾ ਰਵੱਈਆ ਹੀ ਭਾਰੀ ਹੁੰਦਾ ਏ, ਪਰ ਇਮਾਰਤ ਦੀ ਦਿੱਖ ਵੀ ਤੁਹਾਨੂੰ ਖ਼ੌਫ਼-ਜ਼ਦਾ ਕਰਦੀ ਹੈ। ਉਸ ਵੇਲੇ ਲੱਗਿਆ ਸੀ ਕਿ ਇਹ 'ਪੁਲਿਸ ਥਾਣਾ' ਹੀ ਏ! ਮੁਹੱਬਤ ਵੀ ਬੜੀ ਮਿਲੀ ਤੇ ਪੁਲਿਸ ਕਲਚਰ ਦਾ ਨਿੱਕਾ ਜਿਹਾ ਦਰਸ਼ਨ ਵੀ ਹੋਇਆ। ਪਰ ਛੱਡੋ ਆਪਾਂ ਆਪਣੀ ਗੱਲ ਕਰਦੇ ਹਾਂ...।'

ਉਹ ਵੇਰਵਾ ਤੁਹਾਡੇ ਨਾਲ ਸਾਂਝਾ ਕਰਨਾ ਫ਼ਜ਼ੂਲ ਨਹੀਂ ਲੱਗਦਾ।

—

... ਸਾਡਾ ਕੰਮ ਕਰਨ ਲਈ ਮਜੀਦ ਨੇ ਮੇਜ਼ 'ਤੇ ਪਿਆ ਫੁੱਟਾ ਤੇ ਪੈਨਸਲ ਚੁੱਕੇ ਅਤੇ ਰਜਿਸਟਰ 'ਤੇ ਲੀਕਾਂ ਮਾਰ ਕੇ ਨਵੇਂ ਖਾਨੇ ਬਣਾਏ। ਫਿਰ ਕਾਗਜ਼ ਤੋਂ ਬੋਲ ਕੇ ਲਿਖਣ ਲੱਗਾ, 'ਵਰਿਆਮ ਸਿੰਘ ਸੰਧੂ!?... ਉਏ! ਐਹ ਸਰਦਾਰ ਸਾਹਿਬ ਵੀ ਸੰਧੂ ਨੇ।'

ਮਜੀਦ ਨੇ ਬੰਦੂਕ ਫੜੀ ਨਾਲ ਖੜੋਤੇ ਸਿਪਾਹੀ ਨੂੰ ਕਿਹਾ। ਉਹ ਸਿਪਾਹੀ ਝੁਕ ਕੇ ਮੈਨੂੰ ਉਮ੍ਹਲਦੀ

*(ਬਾਕੀ ਅਗਲੇ ਸਫੇ 'ਤੇ)*

# ਲਿਲੀਅਨ ਵਾਓਨਿਚ ਦਾ ਨਾਵਲ 'ਦ ਗੈਡਫਲਾਈ'

ਲਿਲੀਅਨ ਵਾਓਨਿਚ ਦਾ ਨਾਵਲ 'ਦ ਗੈਡਫਲਾਈ' ਪਹਿਲੀ ਵਾਰ 1897 ਵਿਚ ਸੰਯੁਕਤ ਰਾਜ ਅਮਰੀਕਾ ਵਿਚ ਪ੍ਰਕਾਸ਼ਿਤ ਹੋਇਆ ਸੀ। ਇਹ ਨਾਵਲ ਮੂਲ ਰੂਪ ਵਿਚ ਅੰਗਰੇਜ਼ੀ ਭਾਸ਼ਾ ਵਿਚ ਲਿਖਿਆ ਗਿਆ ਸੀ।

ਪੰਜ ਕੁ ਸਾਲ ਪਹਿਲਾਂ ਜੰਗ ਬਹਾਦਰ ਗੋਇਲ ਨੇ ਇਸ ਕਲਾਸਿਕ ਨਾਵਲ ਨੂੰ ਅਨੁਵਾਦ ਕਰ ਕੇ ਪੰਜਾਬੀ ਸਾਹਿਤ ਲਈ ਨੋਬਲ ਕਾਰਜ ਕੀਤਾ ਅਤੇ ਪੰਜਾਬੀ ਪਾਠਕਾਂ ਨੂੰ ਪੜ੍ਹਨ ਲਈ ਇਕ ਹੋਰ ਮਹਾਂ ਰਚਨਾ ਦਿਤੀ।

ਇਸ ਨਾਵਲ ਨੂੰ ਪੰਜਾਬੀ ਵਿਚ ਪੜ੍ਹਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਦੁਨੀਆਂ ਦੀਆਂ ਸਮਰੱਥ ਭਾਸ਼ਾਵਾਂ 'ਚ ਸ਼ੁਮਾਰ ਹੈ, ਜਿਹੜੀਆਂ ਭਾਸ਼ਾਵਾਂ ਦੂਸਰੀਆਂ ਭਾਸ਼ਾਵਾਂ ਨੂੰ ਆਪਣੇ ਵਿਚ ਜਜ਼ਬ ਕਰਨ ਦੀ ਸਮਰੱਥਾ ਰੱਖਦੀਆਂ ਹਨ। ਜੇਕਰ ਸਮਰੱਥ ਅਨੁਵਾਦਕ ਮਿਲ ਜਾਵੇ ਤਾਂ ਕਿਸੇ ਵੀ ਭਾਸ਼ਾ ਦੀ ਰਚਨਾ ਪੰਜਾਬੀ ਸਾਹਿਤਕਾਰੀ ਦੀ



ਮਦਨਦੀਪ ਸਿੰਘ
ਫੋਨ: 85918-59124

ਰਵਾਨਗੀ ਦਾ ਹਿੱਸਾ ਬਣ ਸਕਦੀ ਹੈ। ਜੰਗ ਬਹਾਦਰ ਗੋਇਲ ਨੇ ਇਸ ਨਾਵਲ ਦਾ ਅਨੁਵਾਦ ਕਰਕੇ ਅਤੇ ਇਸ ਤੋਂ ਪਹਿਲਾਂ ਸੰਸਾਰ ਦੇ ਸ਼ਾਹਕਾਰ ਨਾਵਲਾਂ ਦੀ ਪੰਜਾਬੀ ਵਿਚ ਰਚਨਾ ਕਰਕੇ ਇਸ ਗੱਲ ਨੂੰ ਸਿੱਧ ਕਰ ਦਿੱਤਾ ਹੋਇਆ ਹੈ।

ਨਾਵਲ 'ਗੈਡਫਲਾਈ' ਲੇਖਕਾ ਲਿਲੀਅਨ ਵਾਓਨਿਚ ਨੇ ਇੰਗਲੈਂਡ ਵਿਚ ਰਹਿੰਦਿਆਂ ਲਿਖਿਆ ਸੀ। ਬ੍ਰਿਟਿਸ਼ ਪ੍ਰਕਾਸ਼ਕਾਂ ਨੇ ਇਸਨੂੰ ਛਾਪਣ ਤੋਂ ਇਨਕਾਰ ਕਰ ਦਿੱਤਾ ਸੀ। ਬ੍ਰਿਟਿਸ਼ ਪ੍ਰਕਾਸ਼ਕਾਂ ਨੇ ਨਾਵਲ ਵਿਚ ਇਤਾਲਵੀ ਆਜ਼ਾਦੀ ਦੇ ਸੰਘਰਸ਼ ਅਤੇ ਚਰਚ ਦੀ ਆਲੋਚਨਾ ਨੂੰ ਵਿਵਾਦਪੂਰਨ ਗਰਦਾਨ ਕੇ ਇਸ ਨਾਵਲ ਨੂੰ ਛਾਪਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਨਾਵਲ ਨੂੰ ਅਮਰੀਕਾ ਦੇ ਫਿਲਾਡੇਲਫੀਆ ਸ਼ਹਿਰ ਦੇ ਪ੍ਰਕਾਸ਼ਨ ਹੈਨਰੀ ਹੋਲਟ ਐਂਡ ਕੰਪਨੀ ਦੁਆਰਾ ਛਾਪਿਆ ਗਿਆ ਸੀ।


ਇਹ ਨਾਵਲ 19ਵੀਂ ਸਦੀ ਦੇ ਇਤਾਲਵੀ ਰਿਸੋਰਜੀਮੈਂਟੋ (ਇਟਲੀ ਦੇ ਏਕੀਕਰਨ ਅਤੇ ਆਜ਼ਾਦੀ ਦੇ ਸੰਘਰਸ਼) ਦੇ ਪਿਛੋਕੜ 'ਤੇ ਆਧਾਰਤ ਹੈ। ਇਹ ਕਹਾਣੀ ਇਕ ਨੌਜਵਾਨ ਆਦਮੀ, ਆਰਥਰ ਬਰਟਨ ਦੇ ਚਰਿੱਤਰ ਦੇ ਵਿਕਾਸ ਅਤੇ ਕੁਰਬਾਨੀ ਦੀ ਦਾਸਤਾਨ ਹੈ। ਜੋ ਆਪਣੇ ਵਿਸ਼ਵਾਸਾਂ ਅਤੇ ਪਛਾਣ ਨੂੰ ਲੈ ਕੇ ਧੋਖਾ ਮਹਿਸੂਸ ਕਰਨ ਤੋਂ ਬਾਅਦ ਆਪਣਾ ਨਾਂਅ ਬਦਲ ਕੇ 'ਦ ਗੈਡਫਲਾਈ' (ਇੱਕ ਛੋਟਾ ਪਰ ਤਿੱਖਾ ਦਰਦ ਪਹੁੰਚਾਉਣ ਵਾਲੀ ਮੱਖੀ) ਰੱਖ ਲੈਂਦਾ ਹੈ ਅਤੇ ਇਤਾਲਵੀ ਆਜ਼ਾਦੀ ਦੀ ਲੜਾਈ ਵਿਚ ਜਨੂੰਨੀ ਕ੍ਰਾਂਤੀਕਾਰੀ ਨੌਜਵਾਨ ਵਜੋਂ ਉਭਰਦਾ ਹੈ।

ਇਸ ਨਾਵਲ ਸਬੰਧੀ ਪ੍ਰਕਾਸ਼ਤ ਸਮੱਗਰੀ ਦੇ ਇਤਿਹਾਸਕ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਅੰਗਰੇਜ਼ੀ ਵਿਚ ਛਪਣ ਤੋਂ ਬਾਅਦ ਇਸ ਨਾਵਲ ਦਾ ਅਨੁਵਾਦ ਦੁਨੀਆ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਵੱਡੀ ਗਿਣਤੀ 'ਚ ਹੋਇਆ ਅਤੇ ਸੋਵੀਅਤ ਯੂਨੀਅਨ ਵਿਚ ਬੇਹੱਦ ਪ੍ਰਸਿੱਧ ਹੋਇਆ। ਇੱਥੇ ਇਸ ਦੀਆਂ ਕਰੋੜਾਂ ਕਾਪੀਆਂ ਵਿਕੀਆਂ ਅਤੇ ਇਸ ਨੂੰ ਕਲਾਸਿਕ ਨਾਵਲ ਦਾ ਦਰਜਾ ਪ੍ਰਾਪਤ ਹੋਇਆ। ਰੂਸੀ ਭਾਸ਼ਾ ਵਿਚ ਅਨੁਵਾਦਤ 'ਗੈਡਫਲਾਈ' ਨੂੰ ਯੂਐਸਐਸਆਰ ਦੇ ਸਕੂਲੀ ਪਾਠਕ੍ਰਮ ਦਾ ਹਿੱਸਾ ਵੀ ਬਣਾਇਆ ਗਿਆ। 'ਗੈਡਫਲਾਈ' ਦਾ ਕ੍ਰਾਂਤੀਕਾਰੀ ਕਿਰਦਾਰ, ਬਲਿਦਾਨ ਅਤੇ ਧਰਮ 'ਤੇ ਤਿੱਖੀਆਂ ਟਿੱਪਣੀਆਂ ਨੇ ਸੋਵੀਅਤ ਪਾਠਕਾਂ ਨੂੰ ਖੂਬ ਪ੍ਰਭਾਵਤ ਕੀਤਾ। ਇਸ ਨਾਵਲ 'ਤੇ ਆਧਾਰਿਤ ਇੱਕ ਓਪੇਰਾ ਵੀ ਰਚਿਆ ਗਿਆ, ਜੋ ਸੋਵੀਅਤ ਯੂਨੀਅਨ ਵਿਚ ਬਹੁਤ ਮਕਬੂਲ ਹੋਇਆ। ਇਸ ਤਰ੍ਹਾਂ, ਇੱਕ ਆਇਰਿਸ਼-ਅਮਰੀਕੀ ਲੇਖਕਾ ਦੁਆਰਾ ਲਿਖਿਆ ਗਿਆ ਨਾਵਲ, ਜੋ ਆਪਣੇ ਦੇਸ਼ ਵਿਚ ਓਨਾ ਪ੍ਰਸਿੱਧ ਨਹੀਂ ਹੋਇਆ, ਉਹ ਸੋਵੀਅਤ ਸੰਘ ਵਿਚ ਇਤਿਹਾਸ ਦੀ ਸਭ ਤੋਂ ਮਸ਼ਹੂਰ ਕਿਤਾਬ ਵਿਚੋਂ ਇੱਕ ਬਣ ਗਿਆ।

ਇਹ ਨਾਵਲ ਸਿਰਫ਼ ਰੋਮਾਂਚਕ ਕਹਾਣੀ ਨਹੀਂ, ਇਹ ਰਚਨਾ ਦਮਨਕਾਰੀ ਸੱਤਾ ਖ਼ਿਲਾਫ਼ ਨਿਰਸਵਾਰਥ ਆਜ਼ਾਦੀ ਲਈ ਸੰਘਰਸ਼ਾਂ ਦਾ ਜੀਵੰਤ ਚਿਤਰਣ ਹੈ। ਇਹ ਇਟਲੀ ਦੀ ਆਜ਼ਾਦੀ ਅਤੇ ਏਕਤਾ ਦੀ ਲੜਾਈ ਦੇ ਇਤਿਹਾਸਕ ਪ੍ਰਸੰਗ ਵਿਚ ਲਿਖਿਆ ਗਿਆ ਕਲਾਸਿਕ ਸ਼ਾਹਕਾਰ ਨਾਵਲ ਹੈ। ਵਾਓਨਿਚ ਦਾ ਇਹ ਨਾਵਲ ਇੱਕ ਪਾਸੇ ਰਾਜਨੀਤਿਕ ਚੇਤਨਾ ਦਾ ਪ੍ਰਤੀਕ ਹੈ, ਦੂਜੇ ਪਾਸੇ ਮਨੁੱਖੀ ਮਨੋਵਿਗਿਆਨ ਅਤੇ ਵਿਅਕਤੀਗਤ ਸੰਘਰਸ਼ ਦੀ ਡੂੰਘੀ ਪੜਚੋਲ ਵੀ ਕਰਦਾ ਹੈ।

ਮੈਂ ਸਮਝਦਾ ਹਾਂ ਇਸ ਦੀ ਸ਼ਾਹਕਾਰ ਰਚਨਾ ਦਾ ਅਨੁਵਾਦ ਐਰਾ-ਗੈਰਾ ਨਹੀਂ ਸੀ ਕਰ ਸਕਦਾ। ਇਹ ਸਿਰਫ਼ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਬਾਵਸਤਾ ਹੋਣ ਦਾ ਮਾਮਲਾ ਨਹੀਂ ਹੈ ਬਲਕਿ ਇਸ ਤਰ੍ਹਾਂ ਦੀ ਕਲਾਸਕੀ ਰਚਨਾ ਦਾ ਅਨੁਵਾਦ ਉਹੀ ਕਰ ਸਕਦਾ ਹੈ ਜੋ ਮੂਲ ਲੇਖਕ ਦੀ ਲੇਖਣ ਅਵਸਥਾ ਦਾ ਹਾਣੀ ਹੋਵੇ। ਮੈਨੂੰ ਨਹੀਂ ਪਤਾ ਇਸ ਨਾਵਲ ਪ੍ਰਤੀ ਪੰਜਾਬੀ ਪਾਠਕਾਂ ਅੰਦਰ ਰੂਸੀ ਪਾਠਕਾਂ ਦੀ ਤਰ੍ਹਾਂ ਉਤਸ਼ਾਹ ਤੇ ਹੇਜ ਕਿਉਂ ਨਹੀਂ ਜਾਗਿਆ ਪਰੰਤੂ ਮੈਂ ਸਮਝਦਾ ਹਾਂ ਕਿ ਜਦੋਂ ਵੀ ਪੰਜਾਬੀ ਪਾਠਕਾਂ ਅੰਦਰ ਸਾਹਿਤ ਪ੍ਰਤੀ ਲਹਿਰ ਦਾ ਹੇਜ ਪੈਦਾ ਹੋਵੇਗਾ ਇਹ ਨਾਵਲ ਪੰਜਾਬੀ ਵਿਚ ਵੱਡੀ ਗਿਣਤੀ ਪੜ੍ਹੇ ਜਾਣ ਵਾਲੇ ਨਾਵਲਾਂ ਦੀ ਗਿਣਤੀ ਵਿਚ ਸ਼ੁਮਾਰ ਹੋਵੇਗਾ।

ਇਸ ਨਾਵਲ ਦਾ ਕੇਂਦਰੀ ਪਾਤਰ ਆਰਥਰ ਬਰਟਨ ਹੈ, ਜੋ ਕਹਾਣੀ ਦੀ ਸ਼ੁਰੂਆਤ ਵਿਚ ਇੱਕ ਨੌਜਵਾਨ, ਆਦਰਸ਼ਵਾਦੀ ਅਤੇ ਧਾਰਮਿਕ ਵਿਅਕਤਿੱਤਵ ਵਜੋਂ ਪਾਠਕਾਂ ਦੇ ਸਾਹਮਣੇ ਆਉਂਦਾ ਹੈ। ਉਹ ਚਰਚ ਅਤੇ ਧਾਰਮਿਕ ਮੁੱਲਾਂ ਵਿਚ ਅਟੱਲ ਵਿਸ਼ਵਾਸ ਰੱਖਦਾ ਹੈ। ਪਰ ਕਥਾ ਦੇ ਵਿਕਾਸ ਦੇ ਨਾਲ ਉਸਦਾ ਇਹ ਵਿਸ਼ਵਾਸ ਹਿਲਦਾ ਹੈ ਅਤੇ ਉਸਦੇ ਜੀਵਨ ਵਿਚ ਇੱਕ ਡੂੰਘਾ ਅੰਦਰੂਨੀ ਸੰਘਰਸ਼ ਉਭਰਦਾ ਹੈ। ਜਦੋਂ ਆਰਥਰ ਨੂੰ ਚਰਚ ਦੇ ਪਾਖੰਡ ਅਤੇ ਰਾਜਨੀਤਕ ਸਾਜ਼ਿਸ਼ਾਂ ਬਾਰੇ ਸੱਚਾਈ ਦਾ ਪਤਾ ਲੱਗਦਾ ਹੈ, ਤਦੋਂ ਉਹ ਮਨੋਵਿਗਿਆਨਕ ਅਤੇ ਆਤਮਿਕ ਤੌਰ 'ਤੇ ਟੁੱਟ ਜਾਂਦਾ ਹੈ। ਉਸਦੀ ਇਹ ਟੁੱਟ-ਭੱਜ ਉਸਦੇ ਜੀਵਨ ਦੀ ਦਿਸ਼ਾ ਹੀ ਬਦਲ ਦਿੰਦੀ ਹੈ। ਉਹ ਆਪਣੇ ਪੁਰਾਣੇ ਧਾਰਮਿਕ ਵਿਸ਼ਵਾਸਾਂ ਨੂੰ ਛੱਡ ਕੇ ਕ੍ਰਾਂਤੀਕਾਰੀ ਬਣ ਜਾਂਦਾ ਹੈ, ਜੋ ਇਟਲੀ ਦੀ ਆਜ਼ਾਦੀ






ਦੇ ਘੋਲ ਨੂੰ ਆਪਣਾ ਜੀਵਨ ਸਮਰਪਿਤ ਕਰ ਦਿੰਦਾ ਹੈ। ਵਾਓਨਿਚ ਨੇ ਆਰਥਰ ਦੇ ਇਸ ਜੀਵਨ ਪਰਿਵਰਤਨ ਦਾ ਬਹੁਤ ਸੂਖਮਤਾ ਨਾਲ ਚਿਤਰਨ ਕੀਤਾ ਹੈ।

ਨਾਵਲ ਵਿਚ ਧਾਰਮਿਕ ਵਿਸ਼ਵਾਸ ਤੋਂ ਬਗ਼ਾਵਤ ਤੱਕ ਦੀ ਯਾਤਰਾ ਸਿਰਫ਼ ਬਾਹਰੀ ਘਟਨਾਵਾਂ ਦਾ ਪ੍ਰਤੀਬਿੰਬ ਨਹੀਂ, ਬਲਕਿ ਆਤਮਿਕ ਅਤੇ ਦਾਰਸ਼ਨਿਕ ਸੰਘਰਸ਼ ਦਾ ਵੀ ਪ੍ਰਤੀਕ ਹੈ। ਆਰਥਰ ਦਾ 'ਗੈਡਫਲਾਈ' ਨਾਂਅ ਇਸ ਗੱਲ ਦੀ ਨਿਸ਼ਾਨੀ ਹੈ ਕਿ ਉਹ ਰਾਜਨੀਤਕ ਪ੍ਰਣਾਲੀ ਅਤੇ ਧਾਰਮਿਕ ਪਾਖੰਡ 'ਤੇ ਨਿਰੰਤਰ ਡੰਗ ਮਾਰਦਾ ਹੈ, ਬਿਲਕੁਲ ਉਸ ਤਰ੍ਹਾਂ ਜਿਵੇਂ 'ਗੈਡਫਲਾਈ' ਹਮੇਸ਼ਾਂ ਚੋਭਾਂ ਮਾਰਦੀ ਰਹਿੰਦੀ ਹੈ। ਇਸ ਨਾਂਅ ਦੀ ਚੋਣ ਪ੍ਰਤੀਕ ਹੈ ਕਿ ਕਿਵੇਂ ਆਰਥਰ ਸਮਾਜਿਕ ਅਤੇ ਰਾਜਨੀਤਕ ਚੇਤਨਾ ਨੂੰ ਜਾਗਰੂਕ ਕਰਨ ਵਾਲੀ ਇੱਕ ਅਡੋਲ ਸ਼ਕਤੀ ਬਣ ਜਾਂਦਾ ਹੈ।

ਨਾਵਲ ਵਿਚ ਇਟਲੀ ਦੀ ਆਜ਼ਾਦੀ ਦੀ ਲੜਾਈ 'ਗੈਡਫਲਾਈ' ਸਿਰਫ਼ ਇਤਿਹਾਸਕ ਪਿਛੋਕੜ ਨਹੀਂ, ਸਗੋਂ ਕਹਾਣੀ ਦੇ ਨੈਤਿਕ ਤੇ ਰਾਜਨੀਤਕ ਸੰਦਰਭ ਨੂੰ ਮਜ਼ਬੂਤ ਕਰਨ ਵਾਲਾ ਕੇਂਦਰੀ ਤੱਤ ਹੈ। ਵਾਓਨਿਚ ਨੇ ਆਪਣੀ ਲਿਖਤ ਵਿਚ ਇਟਲੀ ਦੇ ਰਾਜਨੀਤਕ ਦਬਾਅ, ਚਰਚ ਦੀ ਭੂਮਿਕਾ, ਅਤੇ ਲੋਕਾਂ ਦੇ ਦੁਖਾਂ ਦਾ ਬਹੁਤ ਹੀ ਯਥਾਰਥਪੂਰਨ ਚਿਤਰਣ ਕੀਤਾ ਹੈ। ਖ਼ਾਸ ਤੌਰ 'ਤੇ ਚਰਚ ਅਤੇ ਧਰਮ ਦੀ ਰਾਜਨੀਤਕ ਸਾਜ਼ਿਸ਼ਾਂ ਨਾਲ ਗਠਜੋੜ ਦਾ ਵਿਸ਼ਲੇਸ਼ਣ ਕਰਦਿਆਂ ਲੇਖਕ ਨੇ ਧਾਰਮਿਕ ਸੰਸਥਾਵਾਂ ਦੇ ਪਾਖੰਡ ਨੂੰ ਬੇਨਕਾਬ ਕੀਤਾ ਹੈ। ਨਾਵਲ ਦੀ ਰਚਨਾ ਪ੍ਰਮਾਣ ਬਣ ਜਾਂਦੀ ਹੈ ਕਿ ਕਿਵੇਂ ਧਰਮ, ਜੋ ਮਨੁੱਖੀ ਆਤਮਾ ਦੀ ਸ਼ਾਂਤੀ ਲਈ ਹੋਣਾ ਚਾਹੀਦਾ ਸੀ, ਅਕਸਰ ਰਾਜਨੀਤਕ ਦਬਾਅ ਦਾ ਹਥਿਆਰ ਬਣ ਜਾਂਦਾ ਹੈ।

ਆਰਥਰ ਅਤੇ ਉਸਦੇ ਪਿਤਾ-ਸਮਾਨ ਪਾਦਰੀ ਮੋਂਟਨੇਲੀ ਦਾ ਰਿਸ਼ਤਾ ਨਾਵਲ ਵਿਚ ਕੇਂਦਰੀ ਮਨੋਵਿਗਿਆਨਕ ਧਾਰਾ ਹੈ। ਆਰਥਰ ਦੇ ਬਗ਼ਾਵਤੀ ਰੂਪ ਵਿਚ ਪਰਿਵਰਤਨ ਅਤੇ ਮੋਂਟਨੇਲੀ ਦੇ ਧਾਰਮਿਕ ਪਾਖੰਡ ਵਿਚ ਫਸੇ ਰਹਿਣ ਵਿਚਕਾਰ ਇੱਕ ਗਹਿਰਾ ਸੰਘਰਸ਼ ਨਿਰੰਤਰ ਚੱਲਦਾ ਹੈ। ਜਦੋਂ ਆਰਥਰ ਨੂੰ ਇਹ ਪਤਾ ਲੱਗਦਾ ਹੈ ਕਿ ਮੋਂਟਨੇਲੀ ਸਿਰਫ਼ ਚਰਚ ਦੇ ਹਿਤਾਂ ਦੀ ਰੱਖਿਆ ਲਈ ਸੱਚ ਨੂੰ ਛੁਪਾਉਂਦਾ ਹੈ, ਤਾਂ ਉਸਦੀ ਅੰਦਰੂਨੀ ਟੁੱਟ-ਭੱਜ ਹੋਰ ਵੱਧ, ਹੋਰ ਡੂੰਘੀ ਹੋ ਜਾਂਦੀ ਹੈ। ਇਹ ਰਿਸ਼ਤਾ ਮਨੁੱਖੀ ਸੰਬੰਧਾਂ ਵਿਚ ਵਿਸ਼ਵਾਸ ਅਤੇ ਧੋਖੇ ਦੀ ਜਟਿਲਤਾ ਨੂੰ ਸਮਝਣ ਲਈ ਨਾਵਲ ਇੱਕ ਬੜਾ ਸਮਝ ਵਾਲਾ ਹਿੱਸਾ ਹੈ।

ਨਾਵਲ ਦੀ ਕਥਾ ਰਚਨਾ ਸਧਾਰਣ ਹੋਣ ਦੇ ਬਾਵਜੂਦ ਵਿਚਾਰਧਾਰਕ ਤੌਰ 'ਤੇ ਬਹੁਤ ਜਟਿਲ ਹੈ। ਵਾਓਨਿਚ ਨੇ ਕਹਾਣੀ ਨੂੰ ਇਸ ਤਰੀਕੇ ਨਾਲ ਲਿਖਿਆ ਹੈ ਕਿ ਪਾਠਕ ਸਿਰਫ਼ ਬਾਹਰੀ ਘਟਨਾਵਾਂ ਨਹੀਂ ਦੇਖਦਾ, ਸਗੋਂ ਕਿਰਦਾਰਾਂ ਦੇ ਅੰਦਰੂਨੀ ਮਨੋਵਿਗਿਆਨ ਵਿਚ ਵੀ ਡੂੰਘਾ ਵਸ ਜਾਂਦਾ ਹੈ। ਆਰਥਰ ਦੀ ਮਨੋਵਿਗਿਆਨਕ ਅਵਸਥਾ ਦੇ ਨਾਲ-ਨਾਲ ਇਟਲੀ ਦੀ ਆਜ਼ਾਦੀ ਦੀ ਲੜਾਈ ਦੀਆਂ ਹਕੀਕਤਾਂ ਨੂੰ ਜੋੜ ਕੇ ਲੇਖਕ ਨੇ ਇੱਕ ਬਹੁ-ਪੱਧਰੀ ਕਥਾ ਦੀ ਸਿਰਜਣਾ ਕੀਤੀ ਹੈ।

'ਦ ਗੈਡਫਲਾਈ' ਦਾ ਪ੍ਰਭਾਵ ਸਿਰਫ਼ ਸਾਹਿਤਕ ਸੀਮਾਵਾਂ ਤੱਕ ਹੀ ਸੀਮਿਤ ਨਹੀਂ ਰਿਹਾ। ਇਹ ਨਾਵਲ ਕਈ ਕ੍ਰਾਂਤੀਕਾਰੀ ਲਹਿਰਾਂ ਲਈ ਪ੍ਰੇਰਣਾ ਸਰੋਤ ਬਣਿਆ, ਖ਼ਾਸ ਤੌਰ 'ਤੇ ਰੂਸ ਅਤੇ ਚੀਨ ਵਿਚ। 20ਵੀਂ ਸਦੀ ਦੇ ਸ਼ੁਰੂ ਵਿਚ ਇਹ ਕਿਤਾਬ ਕ੍ਰਾਂਤੀਕਾਰੀ ਨੌਜਵਾਨਾਂ ਲਈ ਵਿਚਾਰਧਾਰਕ ਹਥਿਆਰ ਵਜੋਂ ਪ੍ਰਸਿੱਧ ਹੋਈ। ਇਸ ਦੀਆਂ ਕਾਪੀਆਂ ਗੁਪਤ ਤੌਰ 'ਤੇ ਵੰਡੀਆਂ ਜਾਂਦੀਆਂ ਸਨ ਅਤੇ ਕਈ ਭਾਸ਼ਾਵਾਂ ਵਿਚ ਇਸਦਾ ਅਨੁਵਾਦ ਕੀਤਾ ਗਿਆ।

ਵਾਓਨਿਚ ਦੀ ਲਿਖਤ ਸ਼ੈਲੀ ਸਾਦਗੀ ਅਤੇ ਗਹਿਰਾਈ ਦਾ ਸੁੰਦਰ ਮੇਲ ਹੈ। ਉਸਦੀ ਭਾਸ਼ਾ ਸਪੱਸ਼ਟ ਹੈ ਪਰ ਵਿਚਾਰਧਾਰਕ ਪੱਧਰ 'ਤੇ ਡੂੰਘੀ ਹੈ। ਉਹ ਘਟਨਾਵਾਂ ਦਾ ਚਿਤਰਣ ਕਰਦਿਆਂ ਕਿਰਦਾਰਾਂ ਦੇ ਮਨੋਵਿਗਿਆਨ ਨੂੰ ਸੂਖਮਤਾ ਨਾਲ ਚਿਤਵਦੀ ਹੈ ਚਿਤਰਣ ਕਰਦੀ ਹੈ। ਇਹੀ ਕਾਰਨ ਹੈ ਕਿ ਨਾਵਲ ਪਾਠਕ 'ਤੇ ਚਿਰਸਥਾਈ ਪ੍ਰਭਾਵ ਛੱਡਦਾ ਹੈ। ਇਹ ਸਿਰਫ਼ ਇਤਿਹਾਸਕ ਨਾਵਲ ਨਹੀਂ ਹੈ, ਸਗੋਂ ਮਨੁੱਖੀ ਵਿਸ਼ਵਾਸ, ਬਗ਼ਾਵਤ, ਆਦਰਸ਼ਵਾਦ ਅਤੇ ਰਾਜਨੀਤਕ ਸੰਘਰਸ਼ ਦੀ ਗਾਥਾ ਹੈ। ਇਹ ਕਿਤਾਬ ਇਸ ਗੱਲ ਦਾ ਪ੍ਰਤੀਕ ਹੈ ਕਿ ਵਿਅਕਤੀਗਤ ਅੰਦਰੂਨੀ ਟੁੱਟ-ਭੱਜ ਅਤੇ ਸਮਾਜਿਕ ਅਨਿਆਂਪੂਰਨ ਪ੍ਰਣਾਲੀ ਦੇ ਖ਼ਿਲਾਫ਼ ਲੜਾਈ ਇਕੱਠੇ ਹੋ ਕੇ ਕੀਤੀ ਜਾ ਸਕਦੀ ਹੈ। ਵਾਓਨਿਚ ਦਾ ਇਹ ਨਾਵਲ ਅੱਜ ਵੀ ਉਸੇ ਤਰ੍ਹਾਂ ਪ੍ਰਸੰਗਿਕ ਹੈ ਜਿਵੇਂ 19ਵੀਂ ਸਦੀ ਦੇ ਅੰਤ ਵਿਚ ਸੀ, ਕਿਉਂਕਿ ਇਹ ਮਨੁੱਖੀ ਆਜ਼ਾਦੀ ਅਤੇ ਸੱਚ ਦੀ ਖੋਜ ਦੀ ਅਟੱਲ ਯਾਤਰਾ ਦਾ ਪ੍ਰਤੀਕ ਹੈ।

ਗੈਡਫਲਾਈ ਨਾਵਲ ਵਿਚੋਂ ਇਕ ਪ੍ਰਭਾਵਸ਼ਾਲੀ ਅਤੇ ਦਿਲ ਨੂੰ ਛੂਹਣ ਵਾਲੀ ਘਟਨਾ।

ਇੱਕ ਸ਼ਾਮ ਹਵਾ ਵਿਚ ਹਲਕੀ ਠੰਢਕ ਅਤੇ ਖ਼ਾਮੋਸ਼ੀ ਦਾ ਮਾਹੌਲ ਸੀ। ਉਸ ਸ਼ਾਮ ਅਚਨਚੇਤ ਗੈਡਫਲਾਈ ਨੂੰ ਪਿਆਰ ਕਰਨ ਵਾਲੀ ਕੁੜੀ ਉਸ ਦੇ ਸਾਹਮਣੇ ਆ ਜਾਂਦੀ ਹੈ। ਇਹ ਕੁੜੀ ਗੈਡਫਲਾਈ ਦੇ ਕਠੋਰ ਜੀਵਨ ਦਾ ਕੋਮਲ ਪਾਸਾ ਸੀ। ਉਹ ਗੈਡਫਲਾਈ ਸਾਹਮਣੇ ਆਪਣੇ ਪਿਆਰ ਦਾ ਇਜ਼ਹਾਰ ਕਰਦੀ ਹੈ। ਪਰੰਤੂ ਉਸਨੂੰ ਗੈਡਫਲਾਈ ਵੱਲੋਂ ਕੋਮਲ ਤੇ ਪਿਆਰ ਭਰੇ ਸ਼ਬਦਾਂ ਵਿਚ ਕੋਈ ਪ੍ਰਤੀਉਤਰ ਨਹੀਂ ਮਿਲਦਾ। ਕੁੜੀ ਦੀਆਂ ਅੱਖਾਂ 'ਚ ਅਣਗਿਣਤ ਰਾਤਾਂ ਦੇ ਸੁਪਨੇ ਚਮਕਦੇ ਹਨ ਜੋ ਉਸਨੇ ਗੈਡਫਲਾਈ ਨਾਲ ਸਾਂਝੇ ਜੀਵਨ ਬਾਰੇ ਸੋਚੇ ਹੋਏ ਵੇਖੇ ਸਨ। ਉਹ ਹੌਲੀ ਆਵਾਜ਼ ਵਿਚ ਕਹਿੰਦੀ ਹੈ ਕਿ ਉਹ ਉਸਨੂੰ ਕਿੰਨਾ ਪਿਆਰ ਕਰਦੀ ਹੈ ਅਤੇ ਉਸਦੇ ਨਾਲ ਇੱਕ ਨਵੇਂ ਜੀਵਨ ਦੀ ਸ਼ੁਰੂਆਤ ਕਰਨਾ ਚਾਹੁੰਦੀ ਹੈ। ਉਸਦੇ ਸ਼ਬਦਾਂ ਵਿਚ ਇੰਨਾ ਸੱਚਾਪਣ ਸੀ ਕਿ ਹਰ ਲਫ਼ਜ਼ ਦਿਲ ਦੇ ਅੰਦਰੋਂ ਨਿਕਲਦਾ ਮਹਿਸੂਸ ਹੁੰਦਾ ਸੀ। ਗੱਲ ਕਰਦਿਆਂ ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰਨ ਨੂੰ ਆਉਂਦੀਆਂ, ਪਰ ਉਹ ਹਿੰਮਤ ਨਾਲ ਦਬਾ ਲੈਂਦੀ ਹੈ।

ਗੈਡਫਲਾਈ ਕੁਝ ਸਮੇਂ ਲਈ ਚੁੱਪ ਰਿਹਾ ਹੈ। ਉਸਦੇ ਮਨ ਵਿਚ ਤੂਫ਼ਾਨ ਚੱਲ ਰਿਹਾ ਸੀ। ਉਹ ਉਸਨੂੰ ਪਿਆਰ ਕਰਦਾ ਸੀ, ਪਰ ਉਹ ਜਾਣਦਾ ਸੀ ਕਿ ਉਸਦਾ ਰਸਤਾ ਤਬਾਹੀ ਅਤੇ ਖ਼ੂਨ-ਖ਼ਰਾਬੇ ਨਾਲ ਭਰਿਆ ਹੈ। ਉਸ ਨੇ ਆਪਣੇ ਆਪ ਨੂੰ ਉਸ ਰਾਹ ਲਈ ਸਮਰਪਿਤ ਕਰ ਦਿੱਤਾ ਸੀ ਜਿੱਥੇ ਵਿਅਕਤੀਗਤ ਸੁਖ, ਪ੍ਰੇਮ, ਅਤੇ ਆਮ ਜੀਵਨ ਦੀ ਕੋਈ ਥਾਂ ਨਹੀਂ ਸੀ। ਉਸ ਪਲ ਵਿਚ ਉਸਨੂੰ ਅਹਿਸਾਸ ਹੁੰਦਾ ਹੈ ਕਿ ਜੇਕਰ ਉਹ ਇਸ ਕੁੜੀ ਨੂੰ ਆਪਣੇ ਨਾਲ ਜੋੜਦਾ ਹੈ ਤਾਂ ਉਸਦੀ ਮਾਸੂਮੀਅਤ ਨਸ਼ਟ ਹੋ ਜਾਵੇਗੀ। ਉਸਨੇ ਹੌਲੀ ਪਰ ਸਖ਼ਤ ਆਵਾਜ਼ ਵਿਚ ਕਿਹਾ, 'ਮੇਰਾ ਜੀਵਨ ਤੇਰੇ ਲਈ ਨਹੀਂ ਹੈ।' ਇਹ ਸੁਣਦੇ ਹੀ ਉਸ ਕੁੜੀ ਦੀਆਂ ਅੱਖਾਂ ਵਿਚੋਂ ਹੰਝੂ ਨਿਕਲ ਆਉਂਦੇ ਹਨ। ਉਹ ਉਸਨੂੰ ਆਖ਼ਰੀ ਵਾਰ ਦੇਖਦੀ ਹੈ, ਇੱਕ ਐਸੀ ਨਿਗਾਹ ਨਾਲ ਜੋ ਪਿਆਰ, ਦਰਦ, ਅਤੇ ਵਿਛੋੜੇ ਦੀ ਮਿਲੀ-ਜੁਲੀ ਕਹਾਣੀ ਬਣ ਜਾਂਦੀ ਹੈ। ਬਿਨਾਂ ਕੁਝ ਹੋਰ ਕਹੇ ਉਹ ਹੌਲੀ-ਹੌਲੀ ਮੁੜਦੀ ਹੈ ਅਤੇ ਚਲੀ ਜਾਂਦੀ ਹੈ। ਗੈਡਫਲਾਈ ਉਸਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕਰਦਾ, ਸਿਰਫ਼ ਉਸਦੇ ਪਰਛਾਵੇਂ ਨੂੰ ਦੂਰ ਜਾਂਦਾ ਵੇਖਦਾ ਰਹਿੰਦਾ ਹੈ।

ਜਦੋਂ ਕੁੜੀ ਉਸ ਦੀਆਂ ਅੱਖਾਂ ਤੋਂ ਓਝਲ ਹੋ ਜਾਂਦੀ ਹੈ, ਉਹ ਇਕੱਲਾ ਬੈਠ ਕੇ ਆਪਣੇ ਆਪ ਨੂੰ ਟੁੱਟਦਾ ਮਹਿਸੂਸ ਕਰਦਾ ਹੈ। ਉਸ ਦੀਆਂ ਅੱਖਾਂ ਵਿਚੋਂ ਵੀ ਹੰਝੂ ਆਉਂਦੇ ਹਨ, ਪਰ ਉਹ ਜਾਣਦਾ ਸੀ ਕਿ ਉਸਨੇ ਸਹੀ ਫ਼ੈਸਲਾ ਕੀਤਾ ਹੈ। ਇਹ ਘਟਨਾ ਉਸਦੀ ਜ਼ਿੰਦਗੀ ਵਿਚ ਇਕ ਅਜਿਹਾ ਮੋੜ ਬਣਦੀ ਹੈ ਜਿਸ ਤੋਂ ਬਾਅਦ ਉਹ ਹੋਰ ਵੀ ਨਿਰਦਈ ਹੋ ਜਾਂਦਾ ਹੈ, ਪਰ ਉਸਦੇ ਦਿਲ ਦੇ ਅੰਦਰ ਇੱਕ ਅਜਿਹਾ ਖਾਲੀਪਨ ਰਹਿ ਜਾਂਦਾ ਹੈ ਜੋ ਕਦੇ ਨਹੀਂ ਭਰਦਾ।

---

*(ਪਿਛਲੇ ਸਫੇ ਦਾ ਬਾਕੀ)*

ਖੁਸ਼ੀ ਨਾਲ ਪੁੱਛਣ ਲੱਗਾ, 'ਤੁਸੀਂ ਸੰਧੂ ਜੇ?'

ਮੇਰੇ 'ਹਾਂ' ਕਹਿਣ ਉਤੇ ਉਸ ਨੇ ਗਦ ਗਦ ਹੋ ਕੇ ਕਿਹਾ, 'ਮੈਂ ਵੀ ਸੰਧੂ ਆਂ।'

ਅਸੀਂ ਕਿੰਨਾ ਚਿਰ ਇਕ ਦੂਜੇ ਦਾ ਹੱਥ ਘੁੱਟੀ ਰੱਖਿਆ। ਮੈਂ ਪਿਆਰ ਨਾਲ ਉਸ ਦੇ ਹੱਥ ਦੀ ਪਿਠ ਚੁੰਮ ਲਈ। ਉਸ ਤੋਂ ਵੀ ਦੂਣੇ ਚਾਅ ਨਾਲ ਉਸ ਨੇ ਮੇਰਾ ਹੱਥ ਚੁੰਮਿਆ ਤੇ ਫਿਰ ਮੈਨੂੰ ਜੱਫੀ ਪਾਉਣ ਲਈ ਬੈਂਚ ਤੋਂ ਉਠਾ ਲਿਆ।

'ਜਾਹ ਉਏ ਮੁੰਡਿਆ! ਚਾਹ ਲਿਆ। ਸਾਡੇ ਭਰਾ ਆਏ ਨੇ', ਸੰਧੂ ਭਾਈ ਨੇ ਚਾਹ ਵਾਸਤੇ ਆਵਾਜ਼ ਦਿੱਤੀ।

ਅਸੀਂ ਨਿਮਰਤਾ ਨਾਲ ਨਾਂਹ ਕੀਤੀ ਤਾਂ ਮਜੀਦ ਨੇ ਲਿਖਦਿਆਂ ਲਿਖਦਿਆਂ ਕਿਹਾ, 'ਤੇ ਅਸੀਂ ਤੁਹਾਨੂੰ ਚਾਹ ਪੀਤੇ ਬਿਨਾਂ ਕਿਵੇਂ ਜਾਣ ਦਿਆਂਗੇ!'

ਫਿਰ ਉਸ ਨੇ ਆਪਣੀ ਕਲਮ ਮੇਜ਼ ਉਤੇ ਰੱਖੀ ਅਤੇ ਸਾਡੇ ਵੱਲ ਵੇਖਣ ਲੱਗਾ, 'ਅੱਜ ਸਵੇਰ ਤੋਂ ਤੁਹਾਡੇ ਬੰਦਿਆਂ ਦੀ ਲਾਈਨ ਲੱਗੀ ਰਹੀ। ਆਪਾਂ ਹੋਰ ਸਾਰੇ ਕੰਮ ਛੱਡ ਕੇ ਸਵੇਰ ਦੇ ਇਸੇ ਕੰਮ ਲੱਗੇ ਹੋਏ ਆਂ। ਆਹ ਵੇਖ ਲੋ ਇੰਸਪੈਕਟਰ ਦਾ ਕੰਮ ਵੀ ਪਿਐ ਅਜੇ। ਤੁਸੀਂ ਮਹਿਮਾਨ ਓ ਸਾਡੇ।'

ਉਹ ਫਿਰ ਲਿਖਣ ਲੱਗ ਪਿਆ। ਸੰਧੂ ਸਿਪਾਹੀ ਸਾਡੇ ਨਾਲ ਸਾਡੇ ਆਉਣ ਦੇ ਮਕਸਦ, ਸਾਡੇ ਪ੍ਰਾਪਤ ਅਨੁਭਵਾਂ ਬਾਰੇ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗਾ।

ਏਨੇ ਚਿਰ ਨੂੰ ਫੋਨ ਦੀ ਘੰਟੀ ਵੱਜੀ। ਮਜੀਦ ਨੇ ਦੂਜੇ ਮੇਜ਼ ਸਾਹਮਣੇ ਬੈਠ ਬੰਦੇ ਨੂੰ ਫੋਨ ਚੁੱਕਣ ਲਈ ਕਿਹਾ। ਉਸ ਨੇ ਰਿਸੀਵਰ ਕੰਨ ਨਾਲ ਲਾਇਆ ਤੇ, 'ਹਾਂ ਜੀ, ਜੀ ਜਨਾਬ! ਅੱਛਾ ਜੀ' ਕਰਦਾ ਰਿਹਾ।

ਫੋਨ ਸੁਣ ਕੇ ਰਿਸੀਵਰ ਠਾਹ ਕਰਦਾ ਰੱਖਿਆ ਤੇ ਉੱਚੀ ਸਾਰੀ ਗਾਲ੍ਹ ਕੱਢੀ, 'ਧੀ ਦੇ ਯਾਰ!.. ਅਖੇ ਅੱਧਾ ਕਿਲੋ ਆਈਸ ਕਰੀਮ ਹੁਣੇ ਚਾਹੀਦੀ ਏ! ਇਨ੍ਹਾਂ ਨੂੰ ਪੁੱਛੋ ਭੈਣ ਦਿਆਂ ਖ਼ਸਮਾਂ ਨੂੰ ਅਸੀਂ ਐਥੇ ਆਈਸ ਕਰੀਮ ਜਮਾਈ ਬੈਠੇ ਆਂ।'

ਜ਼ਾਹਿਰ ਸੀ ਕਿ ਕੋਈ ਅਫ਼ਸਰ ਇਹ ਵਗਾਰ ਪਾ ਰਿਹਾ ਸੀ। ਉਸ ਦੀਆਂ ਪੁਲਸੀ ਗਾਲ੍ਹਾਂ ਸੁਣ ਕੇ ਸਾਡੇ ਨਾਲ ਹੀ ਮਜੀਦ ਵੀ ਮੁਸਕਰਾਇਆ।

'ਇਹ ਤਾਂ ਜੀ! ਆਪੋ ਆਪਣੇ ਮਹਿਕਮੇ ਦਾ ਦਸਤੂਰ ਜੇ! ਹੁਣ ਤੁਸੀਂ ਤਾਂ ਸਾਡੇ ਮਹਿਮਾਨ ਓ। ਅਸੀਂ ਸੌ ਕੰਮ ਛੱਡ ਕੇ ਵੀ ਤੁਹਾਡੀ ਖ਼ਿਦਮਤ ਲਈ ਹਾਜ਼ਰ ਆਂ। ਤੁਹਾਨੂੰ ਇੱਜ਼ਤ ਨਾਲ ਕੁਰਸੀ 'ਤੇ ਬੈਠਣ ਲਈ ਕਿਹਾ ਹੈ, ਤੁਸੀਂ ਆਪ ਹੀ ਬੈਂਚ 'ਤੇ ਬੈਠ ਗਏ ਓ। ਹੁਣ ਸਾਡੇ ਇਥੋਂ ਦਾ ਕੋਈ ਬੰਦਾ ਆਵੇ ਤਾਂ ਅਸੀਂ ਕਿਹੜਾ ਉਹਨੂੰ ਫਟਾਫਟ ਬੈਂਚ 'ਤੇ ਬਹਿਣ ਦੇਨੇ ਆਂ। ਉਹਨੂੰ ਆਖੀਦਾ ਏ, 'ਪਰ੍ਹਾਂ ਨੁਕਰ 'ਚ ਔਥੇ ਹੋ ਕੇ ਖੜ੍ਹੋ ਉਏ.. ਤੇਰੇ ਨਾਲ ਵੀ ਗੱਲ ਕਰਨੇ ਆਂ। ਆਪਾਂ ਝੂਠ ਨਹੀਂ ਬੋਲਦੇ...।'

—

ਮੈਂ ਥਾਣੇ ਦੀ ਖ਼ੂਬਸੂਰਤ ਇਮਾਰਤ ਨੂੰ ਚਾਰ ਚੁਫ਼ੇਰੇ ਤੋਂ ਨਿਹਾਰਦਾ ਹੋਇਆ ਕਹਿੰਦਾ ਹਾਂ, 'ਸੱਚ ਜਾਣਿਓਂ ਭੱਟੀ ਸਾਹਿਬ! ਇਸ ਇਮਾਰਤ ਨੂੰ ਵੇਖ ਕੇ ਲੱਗਦਾ ਹੈ, ਜਿਵੇਂ ਇਹ ਥਾਣੇ ਦੀ ਨਹੀਂ ਕਿਸੇ ਅਜਾਇਬ ਘਰ ਦੀ ਇਮਾਰਤ ਹੈ। ਮੈਂ ਤਾਂ ਦੀਵਾਰਾਂ 'ਤੇ ਲੱਗੀਆਂ, ਦੁਨੀਆਂ ਦੇ ਨਾਮਵਰ ਆਰਟਿਸਟਾਂ ਦੀਆਂ ਪੇਂਟਿੰਗਜ਼ ਵੇਖ ਕੇ ਹੈਰਾਨ ਰਹਿ ਗਿਆ ਤੇ ਆਪਣੇ ਆਪ ਨੂੰ ਵੀ ਪੁੱਛਿਆ ਕਿ ਕੀ ਇਹ ਉਹੋ ਥਾਣਾ ਹੈ, ਜੋ ਮੈਂ 2001 ਵਿਚ ਵੇਖਿਆ ਸੀ! ਮੈਂ ਪੰਜਾਬ ਪੁਲਿਸ ਦੇ ਉਨ੍ਹਾਂ ਅਫ਼ਸਰਾਂ ਦੇ ਵਿਯਨ, ਉਨ੍ਹਾਂ ਦੀ ਸੋਚ ਦੀ ਵੀ ਤਾਰੀਫ਼ ਕਰਨਾ ਚਾਹਾਂਗਾ, ਜਿਨ੍ਹਾਂ ਨੇ ਥਾਣਿਆਂ ਦੀ ਅਜਿਹੀ ਨਕਸ਼-ਓ-ਹਾਰ ਦਾ ਤਸੱਵਰ ਕੀਤਾ। ਤੁਹਾਡਾ ਦਫ਼ਤਰ, ਹੋਰ ਕਮਰੇ, ਡਰਾਇੰਗ ਰੂਮ ਤੇ ਆਹ ਲਾਅਨ ਵੇਖ ਕੇ ਲੱਗਦਾ ਹੀ ਨਹੀਂ ਇਹ ਪੁਲਿਸ-ਥਾਣਾ ਹੈ।...'

ਯੂਨਸ ਭੱਟੀ ਖ਼ੁਸ਼ ਹੈ, ' ਇਹ ਸਾਰਾ ਕਰੈਡਿਟ ਸਾਡੇ ਆਈ ਜੀ ਸਾਹਿਬ ਨੂੰ ਜਾਂਦਾ। ਉਨ੍ਹਾਂ ਦਾ ਵਿਜ਼ਨ ਸੀ ਕਿ ਲੋਕਾਂ ਵਾਸਤੇ, ਜਿਹੜੇ ਵਿਜ਼ਟਰ ਨੇ, ਥਾਣਿਆਂ ਦੇ ਵਿਚ ਉਨ੍ਹਾਂ ਵਾਸਤੇ ਇੱਕ ਅੱਛਾ ਮਾਹੌਲ ਦਿੱਤਾ ਜਾਏ, ਤਾਂ ਕਿ, ਪੁਲਿਸ ਕਲਚਰ ਦਾ ਜੋ ਰਵਾਇਤੀ ਕਨਸੈਪਟ ਬਣਿਆ ਹੋਇਆ ਹੈ, ਉਹ ਖਤਮ ਹੋਵੇ। ਲੋਕਾਂ ਨੂੰ ਆਸਾਨੀਆਂ ਪੈਦਾ ਹੋਣ। ਜਦੋਂ ਇੱਕ ਅੱਛਾ ਮਾਹੌਲ ਹੋਏਗਾ ਔਰ ਉਹਦੇ ਅੱਛੇ ਨਤੀਜੇ ਵੀ ਨਿਕਲਣਗੇ।...ਤੁਹਾਡਾ ਬਹੁਤ ਬਹੁਤ ਸ਼ੁਕਰੀਆ! ਤੁਹਾਡੇ ਵਾਸਤੇ ਸਾਡੇ ਦਰਵਾਜ਼ੇ ਸਦਾ ਖੁੱਲ੍ਹੇ ਨੇ। ਤੁਹਾਡੇ ਪਰਿਵਾਰ ਵਿਚੋਂ, ਤੁਹਾਡੇ ਬੱਚਿਆਂ ਵਿਚੋਂ ਜਿਹੜੇ ਵੀ ਆਣਾ ਚਾਹਣ, ਆਪਣੀਆਂ ਯਾਦਾਂ ਲੈ ਕੇ, ਤੁਹਾਡੀਆਂ ਯਾਦਾਂ ਲੈ ਕੇ, ਅਸੀਂ ਉਨ੍ਹਾਂ ਨੂੰ ਵੈਲਕਮ ਕਰਾਂਗੇ। ਪੰਜਾਬ ਪੁਲਿਸ ਇਸੇ ਤਰ੍ਹਾਂ ਹੀ ਨਿਭਾਅ ਕਰਦੀ ਰਹੇਗੀ।'

ਹੁਣ ਸੌ ਹੱਥ ਰੱਸੇ 'ਤੇ ਗੰਢ ਦੇਣ ਦੀ ਜ਼ਿੰਮੇਵਾਰੀ ਅੱਜ ਦੀ ਮੁੱਖ-ਮਹਿਮਾਨ ਦੀ ਸੀ।

'ਮੈਂ ਰਜਵੰਤ ਕੌਰ ਸੰਧੂ, ਜੋ ਵਿਆਹ ਤੋਂ ਪਹਿਲਾਂ ਰਜਵੰਤ ਕੌਰ ਢਿਲੋਂ ਹੁੰਦੀ ਸੀ, ਅੱਜ ਆਪਣੇ ਪਿਤਾ ਸ. ਬੰਤਾ ਸਿੰਘ ਢਿਲੋਂ ਦੇ ਘਰ ਆਈ ਹਾਂ। ਆਪਣੇ ਪੇਕੇ ਘਰ ਆਈ ਹਾਂ। ਅੱਜ ਮੈਂ ਰਜਵੰਤ ਕੌਰ ਢਿਲੋਂ ਬੋਲ ਰਹੀ ਹਾਂ। ਤੇ ਬਹੁਤ ਹੀ ਖ਼ੁਸ਼ ਹਾਂ ਕਿ ਮੇਰੇ ਪੇਕਿਆਂ ਦੇ ਘਰ ਵਿਚ ਮੇਰੇ ਪਿਤਾ ਦੇ ਲਾਏ ਬੂਟੇ ਵਧ ਫੁੱਲ ਰਹੇ ਨੇ। ਖ਼ੁਸ਼ਬੂ ਬਿਖ਼ੇਰ ਰਹੇ ਨੇ।' ਉਹ ਹਰੇ-ਭਰੇ ਬੂਟੇ ਯੂਨਸ ਭੱਟੀ ਦੇ ਮੋਢੇ ਨੂੰ ਛੂੰਹਦੀ ਹੈ।

'ਇਸ ਥਾਣੇ ਦਾ ਮਾਲਕ, ਮੇਰਾ ਛੋਟਾ ਵੀਰ, ਮੇਰਾ ਬੱਚਾ ਏਨਾ ਚੰਗਾ, ਏਨਾ ਨਿਮਰ ਤੇ ਨਿਰਮਾਣ ਹੈ ਕਿ ਇਸਨੇ ਆਪਣੇ ਸੋਹਣੇ ਇਨਸਾਨੀ ਵਿਹਾਰ ਤੇ ਆਪਣੀ ਮਹਿਮਾਨ-ਨਿਵਾਜ਼ੀ ਨਾਲ ਸਾਡਾ ਮਨ ਮੋਹ ਲਿਆ ਹੈ। ਉਨ੍ਹਾਂ ਦੇ ਦੂਜੇ ਸਾਥੀਆਂ ਦੇ ਵਿਹਾਰ ਵੀ ਇਹਦੀ ਸੂਰਤ ਤੇ ਸੀਰਤ ਦਾ ਝਲਕਾਰਾ ਦਿਸਦਾ ਹੈ। ਮੈਂ ਏਥੋਂ ਬਹੁਤ ਹੀ ਸੰਤੁਸ਼ਟ ਅਤੇ ਰੱਜੀ ਹੋਈ ਰੂਹ ਨਾਲ ਜਾ ਰਹੀ ਹਾਂ। ਇੱਕ ਵਾਰ ਫੇਰ ਸਭਨਾਂ ਦਾ ਬੇਹੱਦ ਸ਼ੁਕਰੀਆ!...'

ਅਸੀਂ ਪਾਰਕ ਵਿਚੋਂ ਹਾਲ ਵੱਲ ਜਾਂਦੀਆਂ ਪੌੜੀਆਂ ਚੜ੍ਹ ਕੇ ਮੁੜ ਵੱਡੇ ਹਾਲ ਵਿਚ ਪਹੁੰਚ ਕੇ ਜਾਣ ਦੀ ਆਗਿਆ ਲੈਂਦੇ ਹਾਂ।

ਜਾਣ ਲੱਗਿਆਂ ਮੈਂ ਦੋਵਾਂ ਮੁਲਕਾਂ ਦੇ ਹਾਕਮਾ ਵੱਲੋਂ ਪੈਦਾ ਕੀਤੀ ਆਪਸੀ-ਦੁਸ਼ਮਣੀ ਅਤੇ ਹੋਈਆਂ ਜੰਗਾਂ ਦੇ ਅਣਕਹੇ ਹਵਾਲੇ ਨਾਲ ਧੰਨਵਾਦੀ-ਭਾਵਨਾਵਾਂ ਨਾਲ ਗੜੁੱਚ ਹੋ ਕੇ ਕਹਿੰਦਾ ਹਾਂ।

'ਜੰਗ ਨਹੀਂ, ਸਭ ਤੋਂ ਵੱਡੀ ਗੱਲ ਦਿਲ ਜਿੱਤਣਾ ਹੁੰਦੀ ਹੈ। ਤੁਸੀਂ ਵੱਡੀ ਗੱਲ ਕੀਤੀ ਹੈ। ਸਾਡੇ ਦਿਲ ਜਿੱਤ ਲਏ ਹਨ। ਜੰਗਾਂ ਵਿਚ ਲੋਕ ਅੱਜ ਤੱਕ ਕਿਲੇ ਜਿੱਤਦੇ ਆਏ ਨੇ, ਪਰ, ਅੱਜ ਇਸ 'ਕਿਲੇ' ਨੇ ਸਾਨੂੰ ਜਿੱਤ ਲਿਆ ਹੈ।'

ਕੁਝ ਬਾਅਦ ਵਿਚ-

ਜਿਵੇਂ ਦੱਸਿਆ ਗਿਆ ਹੈ, ਅਹਿਮਦ ਰਜ਼ਾ ਪੰਜਾਬੀ, ਅੰਜੁਮ ਗਿੱਲ ਤੇ ਫ਼ੈਸਲ ਅਲੀ ਦੀ ਟੀਮ ਨਾਲ ਦੇ ਨਾਲ ਲਾਈਵ ਵੀਡੀਓ ਬਣਾ ਰਹੀ ਸੀ। ਇਹ ਵੀਡੀਓ ਅਹਿਮਦ ਰਜ਼ਾ ਨੇ ਐਡਿਟ ਕਰ ਕੇ ਆਪਣੇ ਚੈਨਲ ਪੀ ਪੀ ਟੀ ਵੀ 'ਤੇ ਪਾਈ ਤਾਂ ਇਸ ਵਿਚਲੇ ਬਿਰਤਾਂਤ ਨੂੰ ਵੇਖ/ਸੁਣ ਕੇ ਇਹ ਚੱਲ ਨਿਕਲੀ (ਵਾਇਰਲ ਹੋ ਗਈ) ਤੇ ਲਗ ਭਗ ਚਾਰ ਲੱਖ ਲੋਕਾਂ ਨੇ ਇਸਨੂੰ ਵੇਖਿਆ। ਸੱਤ ਸੌ ਦੇ ਲਗਭਗ ਲੋਕਾਂ ਨੇ ਬੜੀਆਂ ਭਾਵਪੂਰਤ ਟਿੱਪਣੀਆਂ ਕੀਤੀਆਂ। ਉਨ੍ਹਾਂ ਵਿਚ, ਜ਼ਾਹਿਰ ਹੈ, ਯੂਨਸ ਭੱਟੀ ਦੇ ਪੁਰ-ਖ਼ਲੂਸ ਰਵੱਈਏ ਦੀ ਸ਼ਲਾਘਾ ਕੀਤੀ ਗਈ। ਦੋਵਾਂ ਮੁਲਕਾਂ ਵਿਚ ਅਮਨ ਅਤੇ ਭਾਈਚਾਰੇ ਦੀ ਤਾਂਘ ਦੀ ਗੱਲ ਕੀਤੀ ਗਈ। ਕੁਝ ਇੱਕ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਵਿਚ ਜਿਵੇਂ ਆਏ ਮਹਿਮਾਨਾਂ ਦਾ ਸਤਿਕਾਰ ਕੀਤਾ ਜਾਂਦਾ ਹੈ, ਭਾਰਤ ਵਿਚ ਅਜਿਹਾ ਨਹੀਂ ਹੁੰਦਾ। ਬਹੁਤਿਆਂ ਨੇ ਇਹ ਵੀ ਕਿਹਾ ਕਿ ਜਿਵੇਂ ਇਸ ਮਾਂ ਜੀ ਦਾ ਮਾਣ ਕੀਤਾ ਜੇ, ਇੰਝ ਹੀ ਆਪਣੀਆਂ ਮਾਵਾਂ-ਭੈਣਾਂ ਦਾ ਵੀ ਮਾਣ ਕਰਿਆ ਕਰੋ।

***(ਸਮਾਪਤ)***

# ਲੰਡਨ ਦੇ ਅਦਬੀ ਮੇਲੇ ਵਿਚ ਡਾ. ਆਤਮਜੀਤ



ਪਿਛਲੇ ਦਿਨੀਂ ਲੰਡਨ ਵਿਚ ਹੋਏ ਕੌਮਾਂਤਰੀ ਅਦਬੀ ਮੇਲੇ ਦਾ ਸੱਦਾ ਪੱਤਰ ਮਿਲਿਆ ਤਾਂ ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੋਈ ਕਿ ਇਸ ਵਿਸ਼ਵ ਪੱਧਰੀ ਸਾਹਿਤਕ ਮੇਲੇ ਦਾ ਉਦਘਾਟਨ ਸ਼੍ਰੋਮਣੀ ਨਾਟਕਕਾਰ ਡਾ. ਆਤਮਜੀਤ ਸਿੰਘ ਕਰ ਰਹੇ ਹਨ। ਖੁਸ਼ ਹੋਣ ਦੇ ਦੋ ਕਾਰਨ ਸਨ, ਪਹਿਲਾ ਇਹ ਕਿ ਮੁੱਖ ਮਹਿਮਾਨ ਦੇ ਤੌਰ 'ਤੇ ਡਾ. ਆਤਮਜੀਤ ਦੀ ਚੋਣ ਨਾਲ ਪ੍ਰਬੰਧਕਾਂ ਦੀ



**ਨਿਰਮਲ ਜੌੜਾ**
**ਫੋਨ: 98140-78799**

ਪੰਜਾਬੀ ਸਾਹਿਤ ਅਤੇ ਭਾਸ਼ਾ ਨਾਲ ਪ੍ਰਤੀਬੱਧਤਾ ਦਾ ਉਚਾ-ਸੁੱਚਾ ਮਿਆਰ ਦਿਸਿਆ, ਸਮਾਗਮ ਪ੍ਰਤੀ ਉਨ੍ਹਾਂ ਦੀ ਸੰਜੀਦਗੀ ਨਜ਼ਰ ਆਈ। ਦੂਸਰਾ ਜੇ ਡਾ. ਆਤਮਜੀਤ ਨੇ ਇਸ ਮੇਲੇ 'ਤੇ ਆਉਣ ਦਾ ਅੰਦਾਜ਼ ਰੰਗਮੰਚੀ ਹੋਣ ਕਰਕੇ ਦਿਲਚਸਪ ਸੀ, ਸੰਚਾਰ ਸਮਰੱਥਾ ਤਕੜੀ ਹੋਣ ਕਰਕੇ ਹਰ ਗੱਲ ਫੱਟੀ ਦੇ ਕਿੱਲ ਵਾਂਗੂੰ ਦਿਮਾਗਾਂ ਵਿਚ ਠੁਕ ਰਹੀ ਸੀ। ਖ਼ੂਬਸੂਰਤੀ ਵਾਲੀ ਗੱਲ ਇਹ ਸੀ ਕਿ ਡਾ. ਆਤਮਜੀਤ ਨੇ ਵੱਖ-ਵੱਖ ਮੁਲਕਾਂ ਤੋਂ ਆਏ ਸਾਹਮਣੇ ਬੈਠੇ ਪੰਜਾਬੀ ਸ਼ਾਇਰਾਂ ਦੀਆਂ ਕਾਵਿ ਟੁਕੜੀਆਂ ਨੂੰ ਆਪਣੇ ਪੇਪਰ ਦਾ ਹਿੱਸਾ ਬਣਾਇਆ, ਨਵੀਆਂ ਕਵਿਤਾਵਾਂ ਨੂੰ ਤਕਨਾਲੌਜੀ ਨਾਲ ਜੋੜ ਕੇ ਆਪਣੀ ਗੱਲ ਰੱਖੀ।

ਏਸ਼ੀਅਨ ਲਿਟਰੇਰੀ ਐਂਡ ਕਲਚਰਲ ਫੋਰਮ ਯੂ.ਕੇ. ਵੱਲੋਂ ਕਰਵਾਏ ਇਸ ਅਦਬੀ ਮੇਲੇ ਦੀ ਮਹੱਤਵਪੂਰਨ ਅਤੇ ਕਮਾਲ ਦੀ ਗੱਲ ਇਹ ਰਹੀ ਕਿ ਡਾ. ਆਤਮਜੀਤ ਹਰ ਪਲ-ਹਰ ਘੜੀ ਇਸ ਮੇਲੇ ਵਿਚ ਹਾਜ਼ਰ ਰਹੇ। ਸਿਰਫ ਹਾਜ਼ਰ ਨਹੀਂ ਸਗੋਂ ਪਰਿਵਾਰ ਦੇ ਵਡੇਰਿਆਂ ਵਾਂਗ ਹਰ ਇੱਕ ਦੇ ਸਿਰ 'ਤੇ ਹੱਥ ਰੱਖਿਆ ਉਨ੍ਹਾਂ ਨੇ। ਮੰਚ ਤੋਂ ਕੋਈ ਵੀ ਕੁਝ ਪੇਸ਼ ਕਰਦਾ, ਕਵਿਤਾ, ਗੀਤ, ਵਿਚਾਰ, ਸ਼ੇਅਰ ਜਾਂ ਕੋਈ ਗੱਲ ਬਾਤ ਤਾਂ ਡਾਕਟਰ ਸਾਹਿਬ ਉਸਨੂੰ ਉਸਰ-ਉਸਰ ਕੇ ਦਾਦ ਦਿੰਦੇ, ਕਈਆਂ ਤੋਂ ਦੁਬਾਰਾ ਸ਼ੇਅਰ ਸੁਣੇ, ਕਈਆਂ ਨੂੰ ਹੱਲਾ-ਤਾਕਤ ਦਿੰਦੇ। ਡਾ. ਆਤਮਜੀਤ ਨੇ ਇਸ ਮੇਲੇ ਦੀ ਧੜਕਣ ਨੂੰ ਮੱਠੀ ਨਹੀਂ ਪੈਣ ਦਿੱਤਾ।

ਮੇਲੇ ਦੇ ਤੀਸਰੇ ਦਿਨ ਸ਼ਾਮ ਨੂੰ ਨਾਵਲਕਾਰ ਮਹਿੰਦਰਪਾਲ ਧਾਲੀਵਾਲ ਦੇ ਘਰ ਡਾ. ਆਤਮਜੀਤ ਨੇ ਆਪਣੇ ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਦਾ ਪਾਠ ਕੀਤਾ। ਘਰ ਦੇ ਜਿਸ ਹਾਲ ਵਿਚ ਇਹ ਪਾਠ ਹੋਇਆ ਡਾ. ਆਤਮਜੀਤ ਨੇ ਖੁਦ ਓਸ ਹਾਲ ਨੂੰ ਰੰਗਮੰਚੀ ਮਾਹੌਲ ਦਿੱਤਾ। ਕੁਰਸੀਆਂ, ਟੇਬਲ, ਸੋਫੇ, ਲਾਈਟਾਂ ਦੀ ਸੈਟਿੰਗ ਇਸ ਢੰਗ ਨਾਲ ਆਪ ਕੀਤੀ ਕਿ ਉਸ ਹਾਲ ਵਿਚ ਵੜਦਿਆਂ ਕਿਸੇ ਸਹਿਜ ਕਾਰਜ ਹੋਣ ਦਾ ਅਹਿਸਾਸ ਹੁੰਦਾ ਸੀ। ਡਾ. ਦੀਵਾਨ ਸਿੰਘ ਦੀ ਜ਼ਿੰਦਗੀ ਨਾਲ ਜੁੜੇ ਪਾਤਰ ਆਤਮਜੀਤ ਰਾਹੀਂ ਮੁਖ਼ਾਤਬ ਹੋਣੇ ਸ਼ੁਰੂ ਹੋਏ ਤਾਂ ਇਹ ਉਸਦੀ ਪਾਠ-ਅਦਾਕਾਰੀ ਦਾ ਕਮਾਲ ਸੀ ਕਿ ਇੰਦਰ ਕੌਰ ਦੇ ਬੋਲਾਂ ਨੇ ਆਪਣੇ ਪਤੀ ਦੀਵਾਨ ਸਿੰਘ ਨੂੰ ਜੰਜ਼ੀਰਿਆਂ ਦੇ ਸਿਰਤਾਜ, ਅੰਬਰ ਦੀ ਪਰਵਾਜ਼, ਇਨਸਾਨੀਅਤ ਦੀ ਅਵਾਜ਼ ਤੇ ਕਿਸ਼ਤੀਆਂ ਵਿਚਲੇ ਜਹਾਜ਼ ਵਜੋਂ ਮੂਹਰੇ ਲਿਆ ਖੜ੍ਹਾ ਕੀਤਾ। ਡਾ. ਦੀਵਾਨ ਸਿੰਘ ਦੀ ਜ਼ਿੰਦਗੀ ਦੇ ਕਈ ਰਹੱਸ ਅੱਗੇ ਆ ਰਹੇ ਸਨ, ਉਸਦੀ ਮਹਾਨ ਕੁਰਬਾਨੀ ਨਾਲ ਕਿ ਜ਼ਿੰਦਗੀ ਆਜ਼ਾਦ ਸੀ/ ਕਿ ਜ਼ਿੰਦਗੀ ਆਬਾਦ ਸੀ/ ਕਿ ਜ਼ਿੰਦਗੀ ਸਵਾਦ ਸੀ। ਮੈਂ ਜਾਗਿਆ ਤੇ ਵੇਖਿਆ/ ਕਿ ਜ਼ਿੰਦਗੀ ਇੱਕ ਫਰਜ਼ ਸੀ/ ਕਿ ਜ਼ਿੰਦਗੀ ਇੱਕ ਕਰਜ਼ ਸੀ/ ਕਿ ਜ਼ਿੰਦਗੀ ਇੱਕ ਮਰਜ਼ ਸੀ'।

ਅਖੀਰ ਇੰਦਰ ਕੌਰ ਦੇ ਬੋਲ ਸਰਕਾਰਾਂ ਦੇ ਮਨਾਂ ਦੀ ਮੈਲ ਨੂੰ ਧਰਤੀ 'ਤੇ ਖਿਲਾਰ ਦਿੰਦੇ ਹਨ 'ਮੇਰੇ ਬਹੁਤ ਪਿਆਰੇ ਦੀਵਾਨ ਸਿੰਘ! ਮੈਂ ਜਦੋਂ ਟਾਪੂਆਂ ਵੱਲ ਨਜ਼ਰ ਮਾਰਦੀ ਆਂ ਤਾਂ ਖੁਸ਼ ਹੁੰਦੀ ਆਂ ਪਈ ਓਥੇ ਹੁਣ ਅਜ਼ਾਦੀ ਏ। ਨਹਿਰੂ ਤੇ ਗਾਂਧੀ ਓਥੇ ਕਦੇ ਨਹੀਂ ਗਏ ਪਰ ਉਨ੍ਹਾਂ ਦੇ ਬੁੱਤ ਲਾ ਕੇ ਇੱਕ ਸਰਕਾਰ ਨੇ ਉਨ੍ਹਾਂ ਦਾ ਸਨਮਾਨ ਕੀਤੈ। ਵੀਰ ਸਾਵਰਕਰ ਓਥੇ ਗਿਆ ਸੀ ਪਰ ਭੱਜ ਆਇਆ ਸੀ; ਉਹਦੇ ਨਾਂ ਤੇ ਹਵਾਈ ਅੱਡਾ ਬਣਾ ਕੇ ਦੂਜੀ ਸਰਕਾਰ ਨੇ ਉਹਨੂੰ ਯਾਦ ਕੀਤਾ। ...ਪਰ ਮੈਂ ਲੋਕਾਂ ਦੀ ਕਰਜ਼ਦਾਰ ਆਂ, ਉਨ੍ਹਾਂ ਤੇਰੇ ਬਣਾਏ ਗੁਰਦਵਾਰੇ ਨੂੰ ਤੇਰਾ ਨਾਂ ਦੇ ਦਿੱਤੈ। ਤੂੰ ਇਸ ਗੁਰਦਵਾਰੇ ਨਾਲ ਦੁਨੀਆਂ ਦੇ ਚੇਤਿਆਂ ਵਿਚ ਵੱਸੇਂਗਾ। ਦੀਵਾਨ ਸਿੰਘ! ਤੂੰ ਨਾਟਕਾਂ ਵਿਚ ਜੀਵੇਂਗਾ! ਤੇਰੇ 'ਤੇ ਕਿੱਸੇ ਜ਼ਰੂਰ ਲਿਖੇ ਜਾਣਗੇ! ਤੇਰੇ ਨਾਲ ਮੈਂ ਵੀ ਜ਼ਿੰਦਾ ਰਹਾਂਗੀ!'

ਵੀ ਕਰ/ ਤੂੰ ਆਪਣੇ ਨਾਟਕ ਵਿਚ ਵੱਡਾ ਸੱਚ ਕਿਹਾ ਸੋਮਪਾਲ/ ਤੂੰ ਬੋਲਦੀ ਬਹੁਤ ਵਧੀਆ, ਨਾਟਕਾਂ ਵਿਚ ਤਾਂ ਤੂੰ ਕਮਾਲ ਕਰ ਸਕਦੀ ਆਂ/ ਹਾਂ, ਤੂੰ ਆਪਣਾ ਓਹ ਸ਼ੇਅਰ ਲਿਖ ਕੇ ਦੇ ਮੈਨੂੰ ਯਾਰ ਉਹ ਕਿਸੇ ਨਾਟਕ ਵਿਚ ਕੰਮ ਆਊਗਾ/ ਔਰਤ ਦੀ ਸੰਵੇਦਨਸ਼ੀਲਤਾ ਬਾਰੇ ਬਹੁਤ ਅਧਿਐਨ ਆ ਚਰਨਜੀਤ ਤੁਹਾਡਾ, ਕੰਠ ਤੇ ਸੁਰ ਵੀ ਆ ਤੁਹਾਡੇ ਕੋਲ/ ਤੁਸੀਂ ਐਂਕਰਿੰਗ ਬਹੁਤ ਵਧੀਆ ਕੀਤੀ ਬੱਲਿਓ/ ਤੁਹਾਡਾ ਪੇਪਰ ਅੱਖਾਂ ਖੋਲ੍ਹਦਾ ਸੀ ਜਨਾਬ ਕਾਫੀ ਅਧਿਐਨ ਕੀਤਾ ਤੁਸੀਂ/ ਵਿਦੇਸ਼ਾਂ ਵਿਚ ਰਹਿ ਕੇ ਵੀ ਪੰਜਾਬੀ ਜ਼ੁਬਾਨ ਸੰਭਾਲੀ ਆ ਤੁਸੀਂ।' ਇਨ੍ਹਾਂ ਨਿੱਕੇ-ਨਿੱਕੇ ਪਰ ਵੱਡੇ ਅਰਥਾਂ ਵਾਲੇ ਫਿਕਰਿਆਂ ਨਾਲ ਉਹ ਸਭ ਨੂੰ ਸ਼ਾਬਾਸ਼ ਦਿੰਦੇ-ਦਿੰਦੇ ਪ੍ਰਬੰਧਕਾਂ ਨੂੰ ਅਵਾਜ਼ ਮਾਰਦੇ ਨੇ,







ਦੀ ਹਾਮੀ ਭਰੀ ਹੈ ਤਾਂ ਇਸ ਮੇਲੇ ਨੇ ਅਦਬ ਦੀ ਦੁਨੀਆਂ ਵਿਚ ਆਪਣੀ ਥਾਂ ਬਣਾ ਲਈ ਹੈ। ਪੂਰੇ ਮੇਲੇ ਵਿਚ ਡਾ. ਆਤਮਜੀਤ ਦਾ ਬਣਿਆ ਸਾਹਿਤਕ ਔਰਾ ਮੇਰੀ ਇਸ ਖੁਸ਼ੀ ਦਾ ਪ੍ਰਮਾਣ ਸੀ।

ਉਦਘਾਟਨ ਮੌਕੇ ਡਾ. ਆਤਮਜੀਤ ਨੇ 'ਮਾਨਵ, ਮਸ਼ੀਨ, ਕੁਦਰਤ ਅਤੇ ਅਦਬ' ਵਿਸ਼ੇ 'ਤੇ ਗੱਲ ਕਰਦਿਆਂ ਕਈ ਨੁਕਤੇ ਉਠਾਏ, 'ਇੱਕ ਕੁਦਰਤ ਬੰਦੇ ਦੇ ਅੰਦਰ ਹੈ ਅਤੇ ਇੱਕ ਕੁਦਰਤ ਬੰਦੇ ਦੇ ਬਾਹਰ ਹੈ। ਬਾਹਰੀ ਕੁਦਰਤ ਨੂੰ ਲੋੜੋਂ ਵੱਧ ਕਾਬੂ ਕਰਨ ਅਤੇ ਅੰਦਰ ਵਾਲੀ ਕੁਦਰਤ ਨੂੰ ਲੋੜੋਂ ਵੱਧ ਖੁੱਲ੍ਹੀ ਛੱਡਣ ਦੇ ਨਤੀਜੇ ਖਤਰਨਾਕ ਹੋ ਰਹੇ ਨੇ। ਆਰਟੀਫੀਸ਼ਲ ਇੰਟੈਲੀਜੈਂਸ ਤੋਂ ਫਾਇਦਾ ਉਠਾਉਣ ਦੀ ਲੋੜ ਹੈ ਨਾ ਕਿ ਡਰਨ ਦੀ, ਇਹ ਮਾਨਵੀ ਵਿਕਾਸ ਲਈ ਵਧੀਆ ਵੀ ਹੋ ਸਕਦੀ ਹੈ, ਇਸ ਤੋਂ ਸੰਵੇਦਨਸ਼ੀਲਤਾ ਅਤੇ ਰਚਨਾਤਮਿਕਤਾ ਨੂੰ ਕੋਈ ਖ਼ਤਰਾ ਨਹੀਂ। ਘਰਾਂ ਵਿਚ ਅੰਬੀ ਦੇ ਬੂਟੇ ਦੀ ਜਗ੍ਹਾ ਏਅਰ ਕੰਡੀਸ਼ਨਰ ਦਾ ਆਉਣਾ ਸਾਡੇ ਬਦਲ ਰਹੇ ਜੀਵਨ ਢੰਗ ਦਾ ਪ੍ਰਤੀਕ ਹੈ ਪਰ ਮਸ਼ੀਨ ਦਾ ਅੰਨਾ ਵਿਰੋਧ ਨਹੀਂ ਕੀਤਾ ਜਾ ਸਕਦਾ। ਅਦਬ ਆਕਸੀਜਨ ਪੈਦਾ ਕਰਦਾ ਹੈ, ਸਾਹਿਤ ਮਨੁੱਖ ਨੂੰ ਜਗਾਉਂਦਾ ਹੈ, ਸੁਚੇਤ ਕਰਦਾ ਹੈ, ਚਾਨਣ ਦਿੰਦਾ ਹੈ'।

ਉਨ੍ਹਾਂ ਦੀ ਗੱਲਬਾਤ ਮਾਨਵੀ ਸਰੋਕਾਰਾਂ ਅਤੇ ਨਵੀਆਂ ਕੰਪਿਊਟਰੀ ਜੁਗਤਾਂ ਬਾਰੇ ਸੀ ਪਰ ਉਨ੍ਹਾਂ ਸ਼ੇਰੀ ਦਿੱਤੀ, ਕਈਆਂ ਨੂੰ ਭੱਜ ਕੇ ਸਟੇਜ 'ਤੇ ਜਾ ਕੇ ਕਲਾਵੇ 'ਚ ਲਿਆ, ਕਿਸੇ ਨਾਲ ਸਟੇਜ ਤੋਂ ਉਤਰਦਿਆਂ ਹੱਥ ਮਿਲਾਏ, ਮੁਹੱਬਤ ਨਾਲ ਜੱਫੀ ਪਾਈ, ਮੱਥਾ ਚੁੰਮਿਆ। ਯਾਨੀ ਅਦਬੀ ਮੇਲੇ ਵਿਚ ਡਾ. ਆਤਮਜੀਤ ਐਸੇ ਪ੍ਰੇਰਣਾਦਾਇਕ ਤਰਲ ਵਾਂਗ ਫੈਲ ਗਏ ਕਿ ਮੇਲੇ ਦੇ ਹਰ ਸਾਹ ਵਿਚੋਂ ਉਨ੍ਹਾਂ ਦੀ ਮੌਜੂਦਗੀ ਝਲਕ ਰਹੀ ਸੀ। ਮੇਲੇ ਦੇ ਪ੍ਰਬੰਧਕਾਂ ਅਤੇ ਭਾਗੀਦਾਰਾਂ ਲਈ ਉਹ ਵੱਡੀ ਧਿਰ ਬਣੇ ਰਹੇ। ਜਿਵੇਂ ਬਜ਼ੁਰਗ ਹੌਸਲੇ ਬੁਲੰਦ ਕਰਦਾ ਹੋਇਆ ਔਕੜਾਂ ਵਿਚ ਵੀ ਟੱਬਰ ਨੂੰ ਡੋਲਣ ਨੀ ਦਿੰਦਾ, 'ਕੱਲੇ 'ਕੱਲੇ ਜੀਅ ਨੂੰ ਪ੍ਰੇਰਦਾ, ਇਸ ਤਰ੍ਹਾਂ ਦੀ ਹਾਜ਼ਰੀ ਸੀ ਉਨ੍ਹਾਂ ਦੀ। ਸਿਰਫ ਪ੍ਰੋਗਰਾਮ ਵਾਲੇ ਹਾਲ ਵਿਚ ਹੀ ਨਹੀਂ ਬਲਕਿ ਚਾਹ ਪਾਣੀ ਪੀਂਦਿਆਂ, ਰੋਟੀ ਖਾਂਦਿਆਂ, ਡਾ. ਆਤਮਜੀਤ ਦੇ ਦੁਆਲੇ ਮਹਿਫਲ ਜੁੜ ਜਾਂਦੀ, ਹੋਈਆਂ ਪੇਸ਼ਕਾਰੀਆਂ 'ਤੇ ਡਾ. ਸਾਹਿਬ ਤਬਸਰਾ ਕਰਦੇ। ਨਾਟਕ, ਰੰਗਮੰਚ, ਕਵਿਤਾ, ਗੀਤ-ਸੰਗੀਤ, ਕਹਾਣੀ, ਨਾਵਲ, ਲੋਕ ਧਾਰਾ, ਫਿਲਮਾਂ ਤੋਂ ਇਲਾਵਾ ਇਤਿਹਾਸ ਮਥਿਹਾਸ ਤੋਂ ਲੈ ਕੇ ਆਰਟੀਫੀਸ਼ੀਅਲ ਇੰਟੈਲੀਜੈਂਸ ਤੱਕ ਦਾ ਗਿਆਨ ਭੰਡਾਰ ਹੈ ਉਨ੍ਹਾਂ ਕੋਲ। ਚਾਹ-ਕੌਫੀ ਦੀਆਂ ਚੁਸਕੀਆਂ ਲੈਂਦਿਆਂ ਉਹ ਕਿਸੇ ਕੋਲ ਵੀ ਜਾ ਬੈਠਦੇ, ਭਵਿੱਖ ਵਿਚ ਲਿਖਣ ਪੜ੍ਹਨ ਬਾਰੇ ਪੁੱਛਦੇ, ਹੋਰ ਵਧੇਰੇ ਕਮਰਸ਼ੀਅਲ ਹੋਣ ਲਈ ਨਾਲ ਤੁਰ ਰਹੀ ਸੀ। ਉਸ ਨਾਲ ਉਲਝ ਰਹੇ ਕਿਰਦਾਰਾਂ ਵਿਚੋਂ ਉਸਦਾ ਸੰਘਰਸ਼, ਲੋਕ ਪਿਆਰ ਡਾ. ਆਤਮਜੀਤ ਨੇ ਕਮਾਲ ਦੀ ਸ਼ਬਦਾਬਲੀ ਅਤੇ ਅਦਾਕਾਰੀ ਨਾਲ ਉਭਾਰਿਆ, ਪਾਲੀ ਖਾਦਿਮ ਦਾ ਸੰਗੀਤ ਸਹਾਈ ਹੋ ਰਿਹਾ ਸੀ। ਡਾ. ਦੀਵਾਨ ਸਿੰਘ ਦੇ ਅੰਦਰ ਜਗਦੀ ਮੁਹੱਬਤ ਦੀ ਜੋਤ ਰੌਸ਼ਨ ਹੋਈ, 'ਕੋਸ਼ਿਸ਼ ਤਾਂ ਕਰਨੀ ਚਾਹੀਦੀ ਹੈ। ਤਬਦੀਲੀ ਵਾਸਤੇ ਰਤਾ ਪਿਆਰ ਮੰਗਦੇ ਨੇ। ਕਿੰਨੇ ਲੋਕ ਕਾਤਲ ਬਣ ਕੇ ਆਏ ਸਨ, ਸੇਵਕ ਬਣ ਕੇ ਪੰਜਾਬ ਗਏ ਨੇ। ਆਪਾਂ ਪਿਆਰ ਈ ਦਿੱਤਾ ਉਨ੍ਹਾਂ ਨੂੰ। ਪਿਆਰ ਕਦੇ ਵੀ ਜਾਇਆ ਨਹੀਂ ਜਾਂਦਾ; ਵੰਡਿਆਂ ਵਧਦਾ ਏ ਪਿਆਰ!'

ਇੰਦਰ ਕੌਰ ਦੇ ਬੋਲਾਂ ਵਿਚ ਵੈਰਾਗ ਅਤੇ ਦਰਦ ਹੈ, 'ਡਾਕਟਰ ਜੀ ਦਾ ਜਿਸਮ ਛਲਣੀ ਹੋ ਗਿਐ। ਪਰ ਉਨ੍ਹਾਂ ਦੇ ਅੰਦਰੋਂ ਆਵਾਜ਼ ਵਾਹਿਗੁਰੂ ਦੀ ਆ ਰਹੀ ਸੀ।... ਪਰ ਨੇਤਾ ਜੀ! ਮੈਨੂੰ ਸਮਝਾਓ, ਤੁਸੀਂ ਕਿਉਂ ਨਹੀਂ ਗਏ? ਵਾਰਡ ਨੰਬਰ ਛੇ ਵਿਚ ਤੁਸੀਂ ਕਿਉਂ ਨਹੀਂ ਗਏ? ਕੀ ਮਜਬੂਰੀ ਸੀ ਤੁਹਾਡੀ? ਨੇਤਾ ਜੀ ਮੇਰਾ ਸਵਾਲ ਏ ਤੁਹਨੂੰ, ਤੁਸੀਂ ਚੁੱਪ ਕਿਉਂ ਓ?'

ਜਰਵਾਣਵੀ ਜ਼ੁਲਮ ਤੇ ਹੰਕਾਰ ਦੇ ਪ੍ਰਤੀਕਰਮ ਵਜੋਂ ਡਾ. ਦੀਵਾਨ ਸਿੰਘ ਦੀ ਕਵਿਤਾ ਹਾਲ ਵਿਚ ਗੂੰਜੀ, 'ਮੈਂ ਸੌਂ ਗਿਆ ਤੇ ਸੁਫਨਾ ਅਇਆ/

ਨਾਟਕ ਪਾਠ ਸਿਖਰ 'ਤੇ ਪਹੁੰਚਦਿਆਂ ਜਦੋਂ ਇੰਦਰ ਕੌਰ ਨੇ ਕਿਹਾ ਕਿ 'ਮੈਨੂੰ ਮਾਣ ਏ ਮੇਰਾ ਬੰਦਾ ਕਿਸ਼ਤੀ ਨਹੀਂ ਸੀ, ਕਿਸ਼ਤੀਆਂ ਵਿਚ ਜਹਾਜ਼ ਸੀ।' ਤਾਂ ਸਾਰਾ ਹਾਲ ਗੂੰਜ ਰਿਹਾ ਸੀ... 'ਕਿਸ਼ਤੀਆਂ ਵਿਚ ਜਹਾਜ਼ ਸੀ - ਦੀਵਾਨ ਸਿੰਘ'। ਸਮਾਪਤੀ 'ਤੇ ਆਤਮਜੀਤ ਡਾਇਸ 'ਤੇ ਖੜ੍ਹੇ ਸਨ, ਚੁੱਪ ਏਨੀ ਕਿ ਜਿਵੇਂ ਹਾਲ ਵਿਚ ਕੋਈ ਵੀ ਨਾ ਹੋਵੇ। ਪੱਤਾ ਡਿੱਗਣ 'ਤੇ ਵੀ ਖੜਾਕ ਹੋਣ ਵਾਲੀ ਸ਼ਾਂਤੀ ਸੀ। ਇਸ ਚੁੱਪ ਨੂੰ ਡਾ. ਕੁਲਦੀਪ ਸਿੰਘ ਦੀਪ ਨੇ ਇਹ ਐਲਾਨ ਕਰਕੇ ਤੋੜਿਆ ਕਿ ਅੱਜ ਇਸ ਕੌਮਾਂਤਰੀ ਅਦਬੀ ਮੇਲੇ ਵਿਚ ਅਸੀਂ ਇਹ ਮਤਾ ਪਾਸ ਕਰਦੇ ਹਾਂ ਕਿ ਅੰਡੇਮਾਨ ਨਿੱਕੋਬਾਰ ਦੇ ਟਾਪੂਆਂ ਦਾ ਨਾਮ ਡਾ. ਦੀਵਾਨ ਸਿੰਘ ਦੇ ਨਾਮ 'ਤੇ ਹੋਵੇ। ਭਰਵੀਂ ਪਰਵਾਨਗੀ ਮਿਲੀ।

ਰਾਤ ਦਾ ਖਾਣਾ ਖਾਂਦਿਆਂ ਡਾ. ਆਤਮਜੀਤ ਸਭ ਨਾਲ ਹੱਸ ਖੇਡ ਰਹੇ ਸਨ, ਉੱਚੀ-ਉੱਚੀ ਠਹਾਕੇ ਮਾਰ ਮਾਰ ਕੇ। ਉਨ੍ਹਾਂ ਦੇ ਮੂੰਹੋਂ ਹੱਲਾ ਸ਼ੇਰੀ ਦੇ ਬੋਲ ਆਪ ਮੁਹਾਰੇ ਕਿਰ ਰਹੇ ਸਨ। 'ਕੱਲੇ 'ਕੱਲੇ ਕੋਲ ਜਾ ਰਹੇ ਸਨ 'ਤੇਰੀ ਕਵਿਤਾ ਕਮਾਲ ਦੀ ਸੀ/ ਗਜ਼ਬ ਦੇ ਸ਼ੇਅਰ ਕਹੇ ਤੂੰ/ ਇਸ ਬਾਰ ਅਦਬੀ ਮੇਲਾ ਤੇਰੇ ਨਾਮ ਰਿਹਾ ਪੁੱਤਰ/ ਮੈਂ ਤੈਨੂੰ ਪਹਿਲੀ ਬਾਰ ਸੁਣਿਆਂ ਤੇਰੇ ਕੋਲ ਤਾਂ ਖਜ਼ਾਨਾ ਬੇਟਾ ਖਜ਼ਾਨਾ/ ਲਿਖਣਾ ਜਾਰੀ ਰੱਖੀਂ ਤੇ ਪੜ੍ਹਿਆ 'ਅਜ਼ੀਮ, ਰਜਿੰਦਰਜੀਤ, ਅਬੀਰ...ਸੁਣੋ, ਕਾਕਾ ਜੋ ਪ੍ਰਬੰਧ ਤੁਸੀਂ ਕਰਤੇ ਵੱਡੇ ਵੱਡੇ ਨਾਢੂ ਖਾਂ ਨੀ ਕਰ ਸਕਦੇ, ਜ਼ਿੰਦਾਬਾਦ! ਪਿੱਛੇ ਮੁੜ ਕੇ ਨਾ ਦੇਖਿਓ ਮੈਂ ਤੁਹਾਡੇ ਨਾਲ ਆਂ'। ਫਿਰ ਉਹ ਰਸੋਈ ਵਿਚ ਖਾਣਾ ਪਰੋਸਦੀ ਸਰਦਾਰਨੀ ਭਜਨ ਕੌਰ, ਰਾਜੂ ਸ਼ੇਖਰ, ਕੁਲਵੰਤ ਢਿਲੋਂ, ਪਰਮਿੰਦਰ ਹੋਰਾਂ ਕੋਲ ਜਾ ਕੇ ਧੰਨਵਾਦ ਦੀ ਸੁਰ ਵਿਚ ਕਹਿੰਦੇ ਨੇ, 'ਬੀਬੀਓ ਤੁਹਾਡੀ ਸੇਵਾ ਦੇ ਅਰਥ ਵੀ ਡੂੰਘੇ ਆ, ਢਿੱਡ ਭਰੇ ਬਿਨਾਂ ਤਾਂ ਪੜ੍ਹਨ ਸੁਣਨ ਨੂੰ ਵੀ ਮਨ ਨੀ ਕਰਦਾ'।

ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਦੇ ਸੰਵਾਦ ਅਜੇ ਵੀ ਮੇਰੇ ਖਿਆਲਾਂ ਵਿਚ ਘੁੰਮ ਰਹੇ ਸੀ। ਸੁਲਤਾਨ ਵੱਲੋਂ ਮਿਸਤੂਬਾਸੀ ਕੋਲ ਡਾ. ਦੀਵਾਨ ਸਿੰਘ ਬਾਰੇ ਕੀਤੀ ਚੁਗਲੀ ਯਾਦ ਆਉਂਦੀ ਹੈ, '...ਰਾਤ ਨੂੰ ਬਾਗੀਆਂ ਦੇ ਛੋਟੇ ਛੋਟੇ ਜਹਾਜ਼ ਆਉਂਦੇ ਨੇ ਤੇ ਇੱਕ ਪਗੜੀਧਾਰੀ ਉਨ੍ਹਾਂ ਨੂੰ ਟਾਰਚ ਨਾਲ ਟਿਕਾਣਾ ਦਿਖਾਉਂਦੈ'। ਸਾਹਮਣੇ ਡਾ. ਆਤਮਜੀਤ ਅਦੀਬਾਂ ਨੂੰ ਹੱਲਾਸ਼ੇਰੀ ਦੇ ਰਹੇ ਨੇ, ਆਪਣੇ ਅੰਦਾਜ਼ ਅਤੇ ਸ਼ਬਦਾਂ ਦੀ ਟਾਰਚ ਨਾਲ ਸਭ ਦੇ ਜ਼ਿਹਨ ਵਿਚ ਚਾਨਣ ਭਰ ਰਹੇ ਨੇ। ਅਦਬ ਦੀ ਫੌਜ ਤਿਆਰ ਕਰ ਰਹੇ ਨੇ ਤਾਂ ਕਿ ਦੁਨੀਆਂ ਨੂੰ ਆਕਸੀਜਨ ਮਿਲਦੀ ਰਹੇ, ਚਾਨਣ ਹੁੰਦਾ ਰਹੇ, ਮੋਮਬੱਤੀਆਂ ਜਗਾਉਣ ਵਾਲੇ ਜਿਉਂਦੇ ਰਹਿਣ।

# ਸੀਰਤਾਂ ਪਛਾਣਨ ਵਾਲੇ ਸੋਹਣੀਆਂ ਸੂਰਤਾਂ ਨਹੀਂ ਦੇਖਿਆ ਕਰਦੇ....

**ਜ਼ਿੰਦਗੀ ਨਾਮਾ**



**ਹਰਪ੍ਰੀਤ ਸਿੰਘ ਜਵੰਦਾ**

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਪ੍ਰਾਹੁਣਿਆਂ ਦੁਪਹਿਰੇ ਆਉਣਾ ਸੀ ਪਰ ਤਿਆਰੀ ਸੁਵੇਰ ਤੋਂ ਹੀ ਸ਼ੁਰੂ ਹੋ ਗਈ...

ਆਂਢ-ਗਵਾਂਢ, ਗਲੀ, ਵਿਹੜਾ, ਸਬਾਤ, ਚੌਂਕਾ, ਗੁਸਲਖਾਨਾ, ਬੈਠਕ, ਡਿਓਢੀ ਅਤੇ ਕੁਰਸੀਆਂ ਮੇਜ ਸ਼ੀਸ਼ੇ ਵਾਂਙ ਚਮਕ ਰਹੀਆਂ ਸਨ...!

ਹਰੇਕ ਨੂੰ ਹਿਦਾਇਤਾਂ ਸਨ...ਕਿਹੜਾ ਸੂਟ...ਕਿਹੜੀ ਚੁੰਨੀ ਅਤੇ ਕਿਹੜੀ ਪੱਗ ਅਤੇ ਕਿਹੜੀ ਜੁੱਤੀ ਪਾਉਣੀ ਏ...ਕਿਸਨੇ ਪ੍ਰਾਹੁਣਿਆਂ ਕੋਲ ਬੈਠ ਗੱਲਾਂ ਕਰਨੀਆਂ ਤੇ ਕਿਸਨੇ ਸਿਰਫ ਫਤਹਿ ਬੁਲਾ ਕੇ ਹੀ ਅੰਦਰ ਵੜ ਜਾਣਾ...!

ਅਚਾਨਕ ਕਿਸੇ ਨੇ ਉੱਚੀ ਸਾਰੀ ਹਾਕ ਮਾਰੀ...ਰਾਣੀ ਕਿਥੇ ਏ...ਸੁਵੇਰ ਦੀ ਦਿੱਸੀ ਨਹੀਂ...!

ਮਾਂ ਓਸੇ ਵੇਲੇ ਨੱਸੀ ਗਈ...ਅੰਦਰ



ਗੋਡਿਆਂ ਵਿਚ ਸਿਰ ਦੇ ਕੇ ਬੈਠੀ ਨੂੰ ਝਿੜਕਾਂ ਦੇਣੀਆਂ ਸ਼ੁਰੂ ਕਰ ਦਿੱਤਾ...ਤੂੰ ਅੱਜ ਫੇਰ ਲੇਟ ਕਰਵਾ ਦੇਣਾ...ਵੇਲੇ ਸਿਰ ਠੀਕ ਤਰ੍ਹਾਂ ਬਣ ਫੱਬ ਕੇ ਹੀ ਬਾਹਰ ਆਵੀਂ...!

ਉਹ ਸਾਰੇ ਸੂਟ ਆਪਣੇ ਸਾਮਣੇ ਖਿਲਾਰੀ ਬੈਠੀ ਚੁੱਪ-ਚਾਪ ਸੁਣੀ ਗਈ...ਫੇਰ ਆਖਣ ਲੱਗੀ ਹੁਣ ਤੇ ਸਿਰਫ ਉਹ ਫਿਰੋਜ਼ੀ ਸੂਟ ਹੀ ਬਚਿਆ ਏ...ਬਾਕੀ ਸਾਰੇ ਤਾਂ ਪਹਿਲੋਂ ਵੇਖਣ ਆਇਆਂ ਵੇਲੇ ਪਾ ਕੇ ਵੇਖ ਲਏ...ਜੇ ਇਹ ਵੀ ਨਾ...!

ਮਾਂ ਨੇ ਛੇਤੀ ਨਾਲ ਮੂੰਹ ਅੱਗੇ ਹੱਥ ਦੇ ਦਿੱਤਾ...ਇੰਝ ਨੀ ਆਖੀਦਾ...ਬਦਸ਼ਗਨੀ ਹੁੰਦੀ...ਤੂੰ ਬੱਸ ਡੇਰੇ ਵਾਲੇ ਪ੍ਰਸ਼ਾਦ ਦਾ ਫੱਕਾ ਮਾਰ ਬਾਹਰ ਆ ਜਾਣਾ...ਮੱਥੇ 'ਤੇ ਨਿੱਕਲੇ ਕਿੱਲ-ਸਿਆਹੀਆਂ 'ਤੇ ਸ਼ਹਿਰੋਂ ਲਿਆਂਦੀ ਕਰੀਮ ਲਾਉਣਾ ਨਾ ਭੁੱਲੀਂ...!

ਫੇਰ ਪ੍ਰਾਹੁਣੇ ਆਏ...ਖਾਣੀ-ਪੀਣੀ ਮਗਰੋਂ ਆਖਣ ਲੱਗੇ ਰਾਣੀ ਨੂੰ ਬੁਲਾਓ...!

ਰਾਣੀ ਓਸੇ ਗਲ ਪਾਏ ਪੁਰਾਣੇ ਸੂਟ ਵਿਚ ਹੀ ਬਾਹਰ ਆ ਗਈ...ਨਾ ਪ੍ਰਸ਼ਾਦ ਖਾਧਾ ਤੇ ਨਾ ਹੀ ਮੂੰਹ 'ਤੇ ਕਰੀਮ ਹੀ ਲਾਈ...!

ਅਗਲੇ ਦਿਨ ਪਿੰਡ ਵਿਚ ਰੌਲਾ ਪੈ ਗਿਆ...ਰਾਣੀ ਮੰਗੀ ਗਈ...ਰਿਸ਼ਤਾ ਪੱਕਾ ਹੋ ਗਿਆ...ਉਹ ਵੀ ਬਿਨਾ ਦਾਜ ਵਰੀ ਦੇ ਚੱਕਰਾਂ ਤੋਂ...ਬਰਾਤ ਵਿਚ ਵੀ ਸਿਰਫ ਪੰਜ ਜਾਂਞੀ...!

ਸਭ ਖੁਸ਼ ਸਨ ਪਰ ਨੁੱਕਰ ਵਿਚ ਪਈ ਕਰੀਮ ਅਤੇ ਲਫਾਫੇ ਵਿਚ ਬੰਦ ਪ੍ਰਸ਼ਾਦ ਰੋ ਰਹੇ ਸਨ!




**DRIVERS NEEDED**

**CDL A with HAZMAT AND TANKER ENDORSEMENT**

***Weekly Pay FROM $2500 to $3000 *Paid Training *Home Daily!**

**Contact at: Arsh Bhogal 463-888-0007; Email:** A.bhogal@quickfueltrans.com

**ਡਰਾਈਵਰਾਂ ਦੀ ਲੋੜ**


ਮਿੱਡਵੈਸਟ ਵਿਚ ਡਰਾਈਵਰਾਂ ਦੀ ਲੋੜ ਹੈ। *ਹਫ਼ਤਾਵਰੀ ਤਨਖਾਹ $2500 ਤੋਂ $3000
*ਪੇਡ ਟਰੇਨਿੰਗ *ਲੋਕਲ ਲੋਡ *ਰੋਜ਼ਾਨਾ ਘਰ ਆਉਣ ਦੀ ਸਹੂਲਤ

**ਸੰਪਰਕ ਕਰੋ: ਅਰਸ਼ ਭੋਗਲ, ਫੋਨ: 463-888-0007**
**Email:** A.bhogal@quickfueltrans.com

**ਸ਼ੰਕਰ ਭਗਵਾਨ ਦੇ ਸਮੂਹ ਸ਼ਰਧਾਲੂਆਂ ਨੂੰ ਨਵਰਾਤਰੀ ਦੀਆਂ ਲੱਖ-ਲੱਖ ਵਧਾਈਆਂ!**

ਨਿਊ ਜਰਸੀ ਦੇ ਐਡੀਸਨ ਸ਼ਹਿਰ ਦੇ 25 ਲਵੈਂਡਰ ਡਰਾਈਵ ‘ਤੇ ਰਹਿਣ ਵਾਲੇ ਅਭਿਸ਼ੇਕ ਮਿਸ਼ਰਾ, ਉਨ੍ਹਾਂ ਦੀ ਪਤਨੀ ਨਮਿਤਾ, ਪੁੱਤਰ ਅਵੀ ਅਤੇ ਧੀ ਅਨਿਕਾ ਧਾਰਮਿਕ ਸੁਭਾਅ ਦੇ ਮਾਲਕ ਅਤੇ ਭਗਵਾਨ ਸ਼ਿਵ ਦੇ ਅਨਿੰਨ ਭਗਤ ਹਨ। ਮਿਸ਼ਰਾ ਪਰਿਵਾਰ ਨੂੰ ਸ਼ੰਕਰ ਭਗਵਾਨ ਦਾ ਆਸ਼ੀਰਵਾਦ ਪ੍ਰਾਪਤ ਹੈ। ਅਭਿਸ਼ੇਕ ਮਿਸ਼ਰਾ ਲੋਕਾਂ ਨੂੰ ਸਮਝਾਉਣਾ ਚਾਹੁੰਦੇ ਹਨ ਕਿ ਦੁਨੀਆ ਨੂੰ ਇਕ ਬ੍ਰਹਮ ਸ਼ਕਤੀ ਚਲਾ ਰਹੀ ਹੈ, ਜਿਸ ਨੂੰ ਵੱਖ ਵੱਖ ਧਰਮਾਂ ਵਿਚ ਵੱਖ ਵੱਖ ਨਾਵਾਂ ਨਾਲ ਜਾਣਿਆ ਅਤੇ ਵੱਖ ਵੱਖ ਰੂਪਾਂ ਵਿਚ ਪੂਜਿਆ ਜਾਂਦਾ ਹੈ। ਉਹ ਕਹਿੰਦੇ ਹਨ ਕਿ ਸਾਨੂੰ ਉਸ ਬ੍ਰਹਮ ਸ਼ਕਤੀ ਨਾਲ ਜੁੜਨਾ ਚਾਹੀਦਾ ਹੈ, ਤਾਂ ਜੋ ਸਾਡਾ ਧਰਤੀ ਦਾ ਜੀਵਨ ਸ਼ਾਂਤੀਪੂਰਨ ਅਤੇ ਖੁਸ਼ਹਾਲ ਹੋ ਜਾਵੇ। ਅਭਿਸ਼ੇਕ ਮਿਸ਼ਰਾ ਉਨ੍ਹਾਂ ਸੈਲਾਨੀਆਂ ਦਾ ਸਵਾਗਤ ਕਰਦੇ ਹਨ, ਜੋ ਉਨ੍ਹਾਂ ਦੇ ਘਰ ਵਿਚ ਭਗਵਾਨ ਸ਼ਿਵ ਦੀਆਂ ਮੂਰਤੀਆਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਅਭਿਸ਼ੇਕ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਸ਼ੰਕਰ ਭਗਵਾਨ ਦੇ ਸਮੂਹ ਸ਼ਰਧਾਲੂਆਂ ਨੂੰ ਨਵਰਾਤਰੀ ਦੀਆਂ ਵਧਾਈਆਂ ਅਤੇ ਸ਼ੁਭ ਕਾਮਨਾਵਾਂ।

**ਅਭਿਸ਼ੇਕ ਨਾਲ ਫੋਨ ਨੰਬਰ 732-690-0404 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।**



# ਅਖਾੜਿਆਂ ਦੀ ਸ਼ਾਨ ਤੇ ਮਾਣ ਗਾਇਕਾ ਬੀਬਾ ਰਣਜੀਤ ਕੌਰ



ਦਰਸ਼ਨ ਸਿੰਘ ਪ੍ਰੀਤੀਮਾਨ

ਕਈ ਅਜਿਹੇ ਕਲਾਕਾਰ ਹੁੰਦੇ ਹਨ ਜੋ ਬਹੁਤ ਥੋੜ੍ਹਾ ਸਮਾਂ ਸਮਾਜ ਵਿੱਚ ਆ ਕੇ ਗਾਇਬ ਹੋ ਜਾਂਦੇ ਹਨ। ਪਰ ਟਾਵੇਂ-ਟਾਂਵੇ ਉਹ ਗਾਇਕ-ਗਾਇਕਾਵਾਂ ਹੁੰਦੀਆਂ ਹਨ ਜੋ ਸਾਰੀ ਉਮਰ ਹੀ ਸਮਾਜ ਦੀ ਸੇਵਾ ਕਰਦੀਆਂ ਹਨ। ਇਨ੍ਹਾਂ ਵਿੱਚ ਸਿੰਗਲ ਵੀ ਹੁੰਦੇ ਹਨ ਤੇ ਜੋੜੀਆਂ ਵੀ । ਇਸ ਗਾਇਕੀ ਦੇ ਖੇਤਰ ਵਿਚ ਨਾਂ ਆਉਂਦਾ ਹੈ ਬੀਬਾ ਰਣਜੀਤ ਕੌਰ, ਜਿਸ ਨੇ 35 ਸਾਲ ਮੁਹੰਮਦ ਸਦੀਕ ਨਾਲ ਗਾਇਆ ਤੇ ਅੱਜ-ਕੱਲ ਇਕੱਲੇ ਸਟੇਜ਼ਾ ਕਰ ਰਹੇ ਹਨ । ਬੀਬਾ ਰਣਜੀਤ ਕੌਰ ਨੇ ਬਹੁਤ ਲੰਬਾ ਸਮਾਂ ਮਤਲਬ ਸਾਰੀ ਉਮਰ ਹੀ ਆਪਣੇ ਗਾਇਕੀ ਖੇਤਰ ਨੂੰ ਸਮਰਪਿਤ ਕਰ ਦਿੱਤੀ ਤੇ ਸਦਾ ਬਹਾਰ ਗੀਤ ਮਾਂ-ਬੋਲੀ ਦੀ ਝੋਲੀ ਪਾਏ।

ਪਹਿਲਾਂ ਗੀਤ ਰਣਜੀਤ ਕੌਰ ਨੇ ਅਮਰ ਸਿੰਘ ਸੇਰਪੁਰੀ ਨਾਲ ਗਾਇਆ ਜੋ ਸੱਜਣ ਸਿੰਘ ਹੂੰਝਣ ਦਾ ਲਿਖਿਆ ਹੋਇਆ ਸੀ ਇਹ ਗੀਤ ਦੇ ਬੋਲ ਸਨ 'ਮਾਹੀ ਵੇ ਮਾਹੀ ਮੈਨੂੰ ਭੰਗ ਚੜ੍ਹ ਗਈ' ਇਹ ਰਿਕਾਰਡ ਐੱਚ.ਐੱਮ.ਵੀ. ਕੰਪਨੀ ਦਿੱਲੀ ਨੇ ਕੀਤਾ ਸੀ। ਇਸ ਕੰਪਨੀ ਵਿੱਚ ਨਾਮਵਰ ਕਲਾਕਾਰਾਂ ਦੇ ਗੀਤ ਰਿਕਾਰਡ ਹੁੰਦੇ ਸਨ। ਕੁਝ ਸਮਾਂ ਰਣਜੀਤ ਕੌਰ ਨੇ ਸਾਬਰ ਹੁਸੈਨ, ਰਮੇਸ ਰੰਗੀਲਾ ਤੇ ਸੰਤ ਰਾਮ ਨਾਲ ਵੀ ਸਟੇਜੀ ਪ੍ਰੋਗਰਾਮ ਕੀਤੇ। ਉਨ੍ਹਾਂ ਦਿਨਾਂ ਵਿੱਚ ਰਣਜੀਤ ਕੌਰ ਤੇ ਕਰਨੈਲ ਗਿੱਲ ਨੇ ਦੋ ਗੀਤ ਰਿਕਾਰਡ ਕਰਵਾਏ। ਦਿਦਾਰ ਸੰਧੂ ਨਾਲ ਵੀ ਗਾਇਆ ਸਟੇਜਾਂ ਤੇ ਜਸਵੰਤ ਪੱਪੂ ਨਾਲ ਵੀ ਸਟੇਜ਼ਾਂ ਤੇ ਗਾਇਆ ਅਤੇ ਪਿੱਛੋ ਆ ਕੇ ਫਿਲਮੀ ਅਦਾਕਾਰ, ਕਲਾਕਾਰ ਹਰਭਜਨ ਮਾਨ ਨਾਲ ਵੀ ਗਾਇਆ ਹੈ। ਸੰਨ 1967 ਵਿੱਚ ਰਣਜੀਤ ਕੌਰ ਤੇ ਮਹੰਮਦ ਸਦੀਕ ਦੀ ਜੋੜੀ ਬਣ ਗਈ। ਉਨ੍ਹਾਂ ਪਹਿਲਾ ਅਖਾੜਾ 4 ਮਾਰਚ 1967 ਨੂੰ ਲਾਇਆ ਸੀ। ਇਸ ਜੋੜੀ ਦੀ ਪਹਿਲੀ ਰਿਕਾਰਡਿੰਗ ਹੋਈ ਜਿਸ ਵਿੱਚ ਇਹ ਗੀਤ ਸਨ। ਆਪੇ ਭੌਰ ਨੇ ਥੱਪੀਆਂ ਰੋਟੀਆਂ, ਤੇਰਾ ਲੈਣ ਮੁਕਲਾਵਾ,ਚਾਂਦੀ ਦੀਆਂ ਝਾਂਜਰ ਤੇ ਸ਼ਲੀਪਰ ਕਾਲੇ ਗੀਤ ਆਏ ਤਾਂ ਚਾਰੇ ਪਾਸੇ ਜੋੜੀ ਦੀ ਧੁੰਮ ਪੈ ਗਈ। ਦੋਗਾਣਾ ਜੋੜੀ ਦੇ ਪ੍ਰੋਗਰਾਮ ਬੁੱਕ ਹੋਣੇ ਸ਼ੁਰੂ ਹੋ ਗਏ।ਮੁਹੰਮਦ ਸਦੀਕ ਦੀ ਤੂੰਬੀ ਦੀ ਕਮਾਲ ਤੇ ਬੀਬਾ ਰਣਜੀਤ ਕੌਰ ਦੀ ਮਿੱਠੀ ਰਸ਼ੀਲੀ ਆਵਾਜ਼ ਦੇ ਸਰੋਤੇ ਬਲਿਹਾਰੇ ਜਾਂਦੇ।ਇਸ ਜੋੜੀ ਦਾ ਜਦ ਪਤਾ ਲੱਗ ਜਾਂਦਾ ਕਿ ਫਲਾਣੇ ਪਿੰਡ-ਸ਼ਹਿਰ ਇੰਨ੍ਹਾਂ ਦਾ ਅਖਾੜਾ ਲੱਗਣਾ ਹੈ ਤਾਂ ਲੋਕੀ ਵੇਖਣ ਲਈ ਵਹੀਰਾਂ ਖਿੱਚ ਕੇ ਦੂਰੋ-ਨੇੜਿਓ ਪਹੁੰਚਦੇ। ਅਖਾੜਾ ਐਨਾ ਭਰਦਾ ਤੇ ਜੱਚਦਾ ਕਿ ਕੋਈ ਅਖਾੜੇ ਵਿੱਚੋਂ ਉੱਠਣ ਦਾ ਨਾਂ ਹੀ ਨਾ ਲੈਂਦਾ। ਅਖਾੜੇ ਲੱਗਣ ਤੋਂ ਬਾਅਦ ਵੀ ਕਈ-ਕਈ ਦਿਨ ਹੱਟੀ-ਭੱਠੀ, ਸੱਥੀਂ ਗੱਲ੍ਹਾਂ ਚਲਦੀਆਂ ਰਹਿੰਦੀਆਂ। ਇਸ ਜੋੜੀ ਦੇ ਤਕਰੀਬਨ ਸਾਰੇ ਹੀ ਗੀਤ ਮਕਬੂਲ ਹੋਏ ਇੱਕ ਫੁੱਲ ਤੋੜ ਲੈਣ ਦੇ, ਤੇਰੀਆਂ ਉਡੀਕਾਂ ਮਾਰਾਂ, ਮਿੱਤਰਾਂ ਦੇ ਤਿੱਤਰਾਂ ਨੂੰ, ਮਿੱਤਰਾਂ ਦੀ ਖੰਘ ਵਿੱਚ ਖੰਘ,ਦੋ ਨੈਣਾਂ ਦੇ ਜੱਜ, ਸੌ ਦਾ ਨੋਟ, ਵਿਆਹ ਵਾਲੇ ਦਿਨ, ਸੁਰਮਾ ਪੰਜ ਰੱਤੀਆਂ, ਚੰਡੀਗੜ੍ਹ ਵਾਗੂੰ ਭਾਬੀ ਨੀ, ਨੀਲੇ ਨੈਣਾ ਵਿੱਚ ਕਜਲਾ, ਸੁਣ ਕੇ ਲਲਕਾਰਾ ਤੇਰਾ, ਪਹਿਲੇ ਪਹਿਰ ਨੂੰ ਚੰਨ ਚੜ੍ਹ ਜਾਂਦਾ, ਮਲਕੀ ਕੀਮਾ, ਮੁੱਕ ਗਈ ਫੀਮ ਡੱਬੀ 'ਚੋ ਯਾਰੋ, ਭਾਵੇਂ ਰੱਖ ਕੇ ਤਲੀ ਤੇ ਜਿੰਦ ਆਵਾ, ਮੈਨੂੰ ਟੈਲੀਵੀਜ਼ਨ ਲੈ ਦੇ ਵੇ ਤਸਵੀਰਾਂ ਬੋਲਦੀਆਂ, ਚੌਧਵੀਂ 'ਚ ਦਿਓਰ ਪੜ੍ਹਦਾ ਆਦਿ।

ਇਥੇ ਹੀ ਵੱਸ ਨਹੀਂ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਜੋੜੀ ਨੇ ਫਿਲਮ ਵਿੱਚ ਵੀ ਧੁੰਮਾਂ ਪਾਈਆ । ਇਨ੍ਹਾਂ ਦੀਆਂ ਫਿਲਮਾਂ 'ਚ ਭਾਵੇ ਬੀਬਾ ਰਣਜੀਤ ਕੌਰ ਪਰਦੇ ਦੇ ਪਿੱਛੇ ਵੱਧ ਰਹੀ ਪਰ ਉਨ੍ਹਾਂ ਦੀ ਮਿੱਠੜੀ ਤੇ ਰਸ਼ੀਲੀ ਆਵਾਜ਼ ਫਿਲਮ ਦੇ ਸਿਨੇਮਾਂ ਘਰਾਂ ਦੇ ਵੱਡੇ ਪਰਦਿਆਂ ਨੂੰ ਚੀਰ ਦੀ ਜਾਂਦੀ ਸੀ।ਜਿਹੜੀ ਫਿਲਮ ਸਟੋਰੀ ਨੂੰ ਚਾਰ ਚਿੰਨ੍ਹ ਲਾਉਂਦੀ ਸੀ। ਇਨ੍ਹਾਂ, ਜਿਹੜੀਆਂ ਫਿਲਮਾਂ ਵਿਚ ਭਾਗ ਲਿਆ। ਸੈਦਾ ਜੋਗਣ, ਰਾਣੋ, ਸਰਪੰਚ, ਪੁੱਤ ਜੱਟਾਂ ਦੇ, ਪੋਟਲਾ, ਕੁੱਲੀ ਯਾਰ ਦੀ, ਗੁੱਡੋ ਅਤੇ ਹੋਰ ਵੀ ਕਈ ਫਿਲਮਾਂ 'ਚ ਭਾਗ ਲਿਆ ।

ਬੀਬਾ ਰਣਜੀਤ ਕੌਰ ਨੇ ਇਕੱਲੇ ਦੋਗਾਣੇ ਹੀ ਨਹੀਂ ਗਾਏ। ਉਨ੍ਹਾਂ ਸੋਹਲੋ ਗੀਤ ਨੂੰ ਆਵਾਜ਼ ਵੀ ਦਿੱਤੀ। ਉਨ੍ਹਾਂ ਦੇ ਸੋਲੋ ਗੀਤ ਸਾਰੇ ਦੇ ਸਾਰੇ ਹੀ ਬਹੁਤ ਮਕਬੂਲ ਹੋਏ। ਜਿਨ੍ਹਾਂ ਦੀ ਚੜ੍ਹਤ ਉਸ ਜਮਾਨੇ 'ਚ ਪੂਰੀ ਸੀ ਤੇ ਅੱਜ ਵੀ ਓਨੀ ਹੀ ਹੈ,



ਬੀਬਾ ਦੇ ਸੋਲੋ ਗੀਤਾਂ ਨੂੰ 'ਅਮਰ' ਗੀਤਾਂ ਦਾ ਦਰਜਾ ਦਿੱਤਾ ਜਾਂਦਾ ਹੈ।ਉਨ੍ਹਾਂ ਦੇ ਸੋਲੋ ਗੀਤਾਂ ਦੀ ਵੀ ਲੰਬੀ ਕਤਾਰ ਹੈ। ਬੀਬਾ ਰਣਜੀਤ ਕੌਰ ਦਾ ਜਨਮ 20 ਅਕਤੂਬਰ, 1950 ਵਿੱਚ ਮਾਤਾ ਪ੍ਰਕਾਸ਼ ਕੌਰ, ਪਿਤਾ ਗਿਆਨੀ ਆਤਮਾ ਸਿੰਘ ਦੇ ਘਰ, ਪਿੰਡ ਉੱਚਾ ਖੇੜਾ ਰੋਪੜ ਵਿਖੇ ਹੋਇਆ। ਉਹ ਮਾਪਿਆਂ ਦੀ ਔਲਾਦ ਛੇ ਹਨ, ਚਾਰ ਭੈਣਾਂ ਤੇ ਦੋ ਭਰਾ, ਜਿੰਨਾਂ ਦੇ ਨਾਂ ਇਸ ਪ੍ਰਕਾਰ ਹਨ, ਆਪ ਰਣਜੀਤ ਕੌਰ, ਸਾਰੇ ਭੈਣ ਭਰਾ ਤੋਂ ਵੱਡੀ ਹੈ ਬਲਵੰਤ ਕੌਰ, ਜਸਵੀਰ ਕੌਰ ਤੇ ਕੁਲਦੀਪ ਕੌਰ ਤੇ ਭਰਾ ਪਰਮਵੀਰ ਸਿੰਘ ਤੇ ਰੁਬਨ ਸਿੰਘ। ਬੀਬਾ ਰਣਜੀਤ ਕੌਰ ਦਾ ਵਿਆਹ ਹਰਜੀਤ ਸਿੰਘ ਨਾਲ ਹੋਇਆ, ਉਨ੍ਹਾਂ ਦੇ ਘਰ ਬੇਟੇ ਗੁਰਦਾਸ ਨੇ ਜਨਮ ਲਿਆ। ਰਣਜੀਤ ਕੌਰ ਸਕੂਲ ਪੜ੍ਹਦੇ ਸਮੇਂ ਪਿੰਡ ਦੇ ਗੁਰਦੁਆਰਾ ਸਾਹਿਬ ਜਾ ਕੇ ਗੁਰਬਾਣੀ ਦੇ ਸ਼ਬਦ ਗਾਉਂਦੀ ਰਹਿੰਦੀ। ਉਨ੍ਹਾਂ ਦੇ ਪਿਤਾ ਰੁਜ਼ਗਾਰ ਦੀ ਤਲਾਸ ਵਿਚ ਘੁੰਮਦੇ-ਫਿਰਦੇ ਲੁਧਿਆਣੇ ਵਿਖੇ ਗਏ, ਉੱਥੇ ਉਨ੍ਹਾਂ ਦਾ ਕੰਮ ਚੱਲ ਪਿਆ। ਇਸ ਕਰਕੇ ਉਨ੍ਹਾਂ ਪ੍ਰੀਵਾਰ ਦੀ ਰਿਹਾਇਸ਼ ਵੀ ਲੁਧਿਆਣਾ ਹੀ ਕਰ ਲਈ। ਉਸ ਸਮੇਂ ਰਣਜੀਤ ਕੌਰ ਪੜ੍ਹਦੀ ਸੀ, ਉਨ੍ਹਾਂ ਪੜ੍ਹਾਈ ਨਹੀਂ ਛੱਡੀ, ਲੁਧਿਆਣੇ ਆ ਕੇ ਸਕੂਲ ਵਿੱਚ ਦਾਖਲਾ ਲਿਆ। ਰਣਜੀਤ ਕੌਰ ਸਕੂਲ 'ਚ ਤੇ ਗੁਰਦੁਆਰਿਆਂ 'ਚ 15,16 ਸਾਲ ਦੀ ਉਮਰ 'ਚ ਸੋਹਲੋ ਗੀਤ ਗਾਉਣ ਲੱਗ ਪਈ ਸੀ। ਰਣਜੀਤ ਕੌਰ ਦੇ ਪਿਤਾ ਗਿਆਨੀ ਆਤਮਾ ਸਿੰਘ ਨਾਲ ਲਾਲ ਚੰਦ ਯਮਲੇ ਜੱਟ ਦੀ ਗੂੜੀ ਦੋਸਤੀ ਸੀ, ਯਮਲਾ ਜਦ ਵੀ ਰੋਪੜ ਜਾਂਦਾ ਤਾਂ ਗਿਆਨੀ ਆਤਮਾ ਸਿੰਘ ਕੋਲ ਹੀ ਠਹਿਰਦਾ ਸੀ। ਯਮਲਾ ਜੱਟ ਹਮੇਸ਼ਾਂ ਰਣਜੀਤ ਕੌਰ ਨੂੰ ਗਾਉਣ ਲਈ ਹੱਲਾ-ਸ਼ੇਰੀ ਦਿੰਦਾ ਤਾਂ ਰਣਜੀਤ ਕੌਰ ਦਾ ਉਤਸ਼ਾਹ ਵੱਧਦਾ, ਉਹ ਹੋਰ ਮਿਹਨਤ ਕਰਦੀ ਗਾਉਣ ਦੀ, ਰਹਿਸਲ ਕਰਨ ਦੀ। ਬਾਕਰ ਹੁਸ਼ੈਨ ਤੋਂ ਉਸ ਨੇ ਗਾਇਕੀ ਦੀਆਂ ਬਰੀਕੀਆਂ ਸਿੱਖੀਆਂ।

ਬੀਬਾ ਰਣਜੀਤ ਕੌਰ ਨੇ ਗਾਇਕੀ ਦੇ

## ਕਲਾ ਪਰਿਕਰਮਾ

ਖੇਤਰ ਵਿਚ ਸਖ਼ਤ ਮਿਹਨਤ ਕਰਕੇ ਆਪਣਾ ਪਰਿਵਾਰ ਸੈਟ ਕੀਤਾ, ਉਨ੍ਹਾਂ ਦਾ ਭਰਾ ਪਰਮਵੀਰ ਸਿੰਘ ਫਿਲਮੀ ਦੁਨੀਆਂ 'ਚ ਇੱਕ ਜਾਣਿਆਂ ਪਹਿਚਾਣਿਆਂ ਨਾਂ ਤੇ ਦੂਜੇ ਭਰਾ ਰੁਬਨ ਸਿੰਘ ਦੀ ਮੌਤ ਹੋ ਚੁੱਕੀ ਹੈ।ਬੀਬਾ ਰਣਜੀਤ ਕੌਰ ਨੇ ਭਰਾ ਦੀ ਮੌਤ ਦਾ ਵੱਡਾ ਦੁੱਖ ਮੰਨਿਆ। ਬੀਬਾ ਰਣਜੀਤ ਕੌਰ ਬੀਤੇ ਨੂੰ ਯਾਦ ਕਰਕੇ ਅੱਖਾਂ ਭਰਦੀ ਚੁੱਪ ਵੱਟ ਲੈਂਦੀ ਹੈ ਪਰ ਛੇਤੀ ਹੀ ਉਹ ਆਪਣੇ-ਆਪ ਨੂੰ ਸੰਭਾਲ ਲੈਂਦੀ ਹੈ। ਅੱਜ ਬੀਬਾ ਨੂੰ ਕੁਝ ਆਰਥਿਕ ਔਕੜਾਂ ਨੇ ਘੇਰ ਲਿਆ ਹੈ। ਉਨ੍ਹਾਂ ਦੇ ਪ੍ਰਸੰਸ਼ਕ ਉਨਾਂ ਦੀ ਮੱਦਦ ਕਰ ਵੀ ਰਹੇ ਹਨ ਤੇ ਕਰਨੀ ਵੀ ਬਣਦੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਚਾਹੀਦਾ ਹੈ ਕਿ ਬਿਨਾਂ ਕਿਸੇ ਦੇਰੀ ਕੀਤੀਆਂ ਉਨਾਂ ਦੀ ਪੈਨਸ਼ਨ ਲਾਵੇ ਤਾਂ ਕਿ ਬੀਬਾ ਆਪਣਾ ਆਪ ਸੰਭਾਲ ਸਕੇ ਤੇ ਮਾਂ-ਬੋਲੀ ਦੀ ਸੇਵਾ ਹੋਰ ਵੀ ਉਤਸਾਹ ਨਾਲ ਆਪਣੇ ਗਾਇਕੀ ਦੇ ਖੇਤਰ ਵਿੱਚ ਕਰ ਸਕੇ । ਬੀਬਾ ਰਣਜੀਤ ਕੌਰ ਪੰਜਾਬੀ ਮਾਂ-ਬੋਲੀ ਦੀ ਮਾਣ ਤੇ ਸ਼ਾਨ ਹੈ, ਜਿਸ ਦੀ ਅਵਾਜ਼ 'ਚ ਰਿਕਾਰਡ ਹੋਏ ਦੋਗਾਣੇ, ਤੇ ਸੋਲੋ ਗੀਤ ਸਦੀਵੀ ਹੋ ਨਿਬੜੇ ਹਨ।ਬੀਬਾ ਦੇ ਗਾਏ ਗੀਤਾਂ ਵਿਚ ਮੋਹ-ਪਿਆਰ, ਰਿਸ਼ਤੇ-ਨਾਤਿਆਂ ਦੀ ਗੱਲ ਹੋਈ ਹੈ ਨਾ ਕੇ ਉਨਾਂ ਦੇ ਗੀਤਾਂ ਨੇ ਸਮਾਜ ਨੂੰ ਨਸ਼ਿਆਂ, ਬੰਬ-ਬੰਦੂਖਾਂ ਵੱਲ ਤੱਕਿਆ ਹੈ । ਉਨਾਂ, ਪੰਜਾਬ ਦੀ ਜਵਾਨੀ ਨੂੰ ਨਸ਼ਿਆਂ, ਬੰਬ-ਬੰਦੂਖਾਂ ਤੋਂ ਬਚਾਇਆ ਹੈ। ਬੀਬਾ ਰਣਜੀਤ ਕੌਰ ਨੇ ਲੰਬਾ ਸਮਾਂ ਸੱਭਿਅਤਾ ਦੇ ਘੇਰੇ ਵਿੱਚ ਰਹਿ ਕੇ ਸਮਾਜ ਦੀ ਸੇਵਾ ਕੀਤੀ ਹੈ ਤੇ ਕਰ ਰਹੀ ਹੈ। ਅਸੀਂ ਹਮੇਸ਼ਾਂ ਇਹੋ ਦੁਆ ਕਰਦੇ ਹਾਂ ਕਿ ਬੀਬਾ ਰਣਜੀਤ ਕੌਰ ਜੀ ਪੂਰੇ ਸੋ ਸਾਲ ਤੱਕ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਦੇ ਰਹਿਣ।



-ਪੰਡ ਤੇ ਡਾਕ ਘਰ ਰਾਮਪੁਰਾ, ਤਹਿਸੀਲ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ (ਪੰਜਾਬ)-151103
ਮੋ: 97792-97682

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਸਤੰਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-709



*ਉੱਤੋਂ ਪੈਂਦੀ ਬਰਸਾਤ ਅੱਗੇ ਦਿਸਦੀ ਹੈ ਰਾਤ,*
*ਬਿਚਾਰਾ ਫਲਾਈਓਵਰ ਥੱਲੇ ਮਾਰਦੈ ਝਾਤ।*
*ਦੇਖ ਸਾਡੀ ਗਰੀਬੀ ਕਿਤੋਂ ਰੱਬਾ ਦੇ ਸੌਗਾਤ,*
*ਠੰਢੇ ਪਏ ਨੇ ਚੁੱਲ੍ਹੇ ਬਾਝੋਂ ਦੇਹ ਸਵਾਰੀ ਦਾਤ।*

## ਕੈਪਸ਼ਨ ਮੁਕਾਬਲਾ-707



ਜੀਅ ਜੰਤ ਪ੍ਰੇਸ਼ਾਨ ਹਨ,
ਚੜ੍ਹ ਆਉਂਦਾ ਨਿੱਤ ਤੂਫ਼ਾਨ,
ਕੀਤਾ ਖ਼ੁਦ ਹੈ ਭੁਗਤਦਾ,
ਕਿ ਮੁੱਠ ਵਿਚ ਆਈ ਜਾਨ।
ਧਰਮ ਸਿਖਾਵੇ ਜਿਊਣਾ,
ਕਿੰਝ ਚੰਗਾ ਬਣੇ ਇਨਸਾਨ,
ਲੋੜਵੰਦ ਨੂੰ ਦੇਣਾ ਦਾਨ,
ਹੈ ਜੀਅ ਦਇਆ ਪਰਵਾਨ।
***-ਸੇਵਾ ਸਿੰਘ 'ਨੂਰਪੁਰੀ'***

---

ਜੀਵ-ਜੰਤ ਸਭ ਬੇਵੱਸ ਹੋਵਣ
ਜਦ ਕੁਦਰਤ ਕਹਿਰ ਕਮਾਵੇ।
ਆਦਮ ਖਤਰੇ ਮੁੱਲ ਲੈ ਲੈਂਦਾ
ਡੁਬਦੇ ਜੀਆਂ ਤਾਈਂ ਬਚਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: +1 403 439 20008***

---

ਨਹੀਂ ਪੰਜਾਬ ਹੜ੍ਹਾਂ 'ਚ ਹੜ੍ਹਿਆ ਏ।
ਪੰਜਾਬ ਪੰਜਾਬ ਲਈ ਖੜ੍ਹਿਆ ਏ।
ਆਈ ਬਿਪਤਾ ਨਾਲ ਲੜਿਆ ਏ।
ਡਿੱਗਦਾ ਖੜ੍ਹਿਆ ਫੇਰ ਚੜ੍ਹਿਆ ਏ।
ਨਾ ਹਾਰੀਂ ਡੋਲੀਂ ਦਿਲ ਰੱਖ ਵੀਰਾ।
ਅਪਦਾ ਮੁੜ ਜਾਊ ਮਾਰ ਝੱਖ ਵੀਰਾ।
ਉਹਦਾ ਰਹਿਣਾ ਨਾ ਕੁਝ ਕੱਖ ਵੀਰਾ।
ਤੂੰ ਪਛਾੜ ਵੀ ਦਏਂ ਸਵਾ ਲੱਖ ਵੀਰਾ।
ਨਾ ਟੇਕ ਕੋਈ ਰੱਖੀਂ ਤੂੰ ਗੈਰਾਂ 'ਤੇ।
ਬਿਨ ਨੀਰੋਂ ਵਗਦੀਆਂ ਨਹਿਰਾਂ 'ਤੇ।
ਮਾਖਿਓਂ ਲਿਪਟੀਆਂ ਜ਼ਹਿਰਾਂ 'ਤੇ।
ਰਹੀਂ ਖੜ੍ਹਾ ਬਸ ਆਪਣੇ ਪੈਰਾਂ 'ਤੇ।
ਹਨੇਰ ਨਹੀਂ ਭਾਵੇਂ ਦੇਰ ਸਹੀ।
ਰਾਤ ਲੰਮੀ ਪਿੱਛੋਂ ਸਵੇਰ ਸਹੀ।
ਅੱਜ ਜੇ ਨਾਹੀ ਤਾਂ ਫੇਰ ਸਹੀ।
ਜਿੱਤ ਤੇਰੀ ਤਲੀ 'ਤੇ ਢੇਰ ਪਈ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਹੜ੍ਹ ਵਿਚ ਕਿਧਰੇ, ਹੜ੍ਹ ਨਾ ਜਾਵੀਂ
ਤੂੰ ਵਫਾਦਾਰ ਨੇ ਹੀ ਜਾਨ ਬਚਾਈ
ਧੰਨ ਤੂੰ, ਸਕੂਲ ਵੀ ਤੇਰਾ
ਜਿੱਥੇ ਕੀਤੀ ਤੂੰ ਪੜ੍ਹਾਈ
ਭਲਾ ਕਰੋ ਜਿੰਨਾ ਵੀ ਹੁੰਦਾ
ਇਹੀ ਹੈ ਅਸਲ ਕਮਾਈ।
ਨਾ ਮੈਂ ਰਹਿਣਾ, ਨਾ ਤੂੰ ਰਹਿਣਾ
ਫਿਰ ਕਿਉਂ ਕਰੀਏ ਲੜਾਈ।
***-ਲੋਕ ਨਾਥ ਸ਼ਰਮਾ***

---

ਕੁੱਤੇ ਨੂੰ ਬਚਾਉਣ ਦੀ ਖਾਤਰ
ਆਪਣੀ ਜਾਨ ਜ਼ੋਖਮ ਵਿਚ ਪਾਈ
ਕੁਦਰਤ ਦੀ ਹਰ ਸ਼ੈਅ ਨੂੰ
ਬਿਪਤਾ ਵਿਚੋਂ ਕੱਢਣਾ
ਇਹ ਮਿਲੀ ਸਿਖਲਾਈ।
ਮਾਨਵਤਾ ਦਾ ਧਰਮ ਹੈ ਕਹਿੰਦਾ
ਦੁਖਿਆਰਿਆਂ ਦੇ ਦੁੱਖ ਜਾਹ ਮਿਟਾਈ।
ਨਾਲ ਕੁਝ ਨ੍ਹੀਂ ਲੈ ਕੇ ਜਾਣਾ
ਫਿਰ ਲੁੱਟ ਦੇ ਅੰਬਾਰ ਕਿਉਂ ਜਾਂਦਾ ਲਗਾਈ?
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਮਹਾਂ ਕਰੋਪੀ ਇਕ ਕੁਦਰਤੀ ਆਫ਼ਤ
ਮੂਹਰੇ ਹੋ ਹੱਥ ਵਟਾਉਣਾ ਹੈ ਮਾਨਵਤਾ
ਹਰ ਜਿਊਂਦੀ ਸ਼ੈਅ ਨੂੰ ਮਰਨੋਂ ਬਚਾਉਣਾ।
ਇਹੀ ਹੈ ਇਨਸਾਨੀਅਤ
ਲੋਕ ਸੇਵਾ ਮਤਲਬ ਰਹਿਤ
ਪੂਜਦੀ ਹੈ ਖ਼ਲਕਤ ਉਸੇ ਨੂੰ ਹਮੇਸ਼ਾ
ਨਾਮ ਤਖਤੀ 'ਤੇ ਲਿਖਿਆ
ਜਾਂਦਾ ਉਸੇ ਦਾ
ਲੈ ਜ਼ੋਖਮ ਜੋ ਕੁੱਦਿਆ
ਵਗਦੇ ਪਾਣੀ ਵਿਚ।
***-ਦਰਸ਼ਨ ਪਾਲ ਦੋਸਾਂਝ***

# ਅਜੋਕੇ ਭਾਰਤ ਵਿਚ ਪੋਠੋਹਾਰੀਏ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਭਾਰਤ ਵਿਚ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਰਹੇ ਤਰਲੋਚਨ ਸਿੰਘ ਨੂੰ ਬਰਤਾਨੀਆ ਦੀ ਪੋਠੋਹਾਰ ਐਸੋਸੀਏਸ਼ਨ ਵਲੋਂ ਸਨਮਾਨੇ ਜਾਣ ਦੀ ਖਬਰ ਨੇ ਓਧਰੋਂ ਆਏ ਉਨ੍ਹਾਂ ਮਹਾਰਥੀਆਂ ਦੀ ਯਾਦ ਦਿਲਵਾ ਦਿੱਤੀ ਹੈ ਜਿਨ੍ਹਾਂ ਨੇ ਭਾਰਤ ਆ ਕੇ ਵੱਡੀਆਂ ਮੱਲਾਂ ਮਾਰੀਆਂ। ਇਨ੍ਹਾਂ ਵਿਚੋਂ ਇੰਦਰ ਕੁਮਾਰ ਗੁਜ਼ਰਾਲ ਤੇ ਮਨਮੋਹਨ ਸਿੰਘ ਏਥੋਂ ਦੇ ਪ੍ਰਧਾਨ ਮੰਤਰੀ ਰਹੇ ਤੇ ਹਰਦਿੱਤ ਸਿੰਘ ਮਲਿਕ ਰਾਜਦੂਤ। ਇਨ੍ਹਾਂ ਤੋਂ ਬਿਨਾਂ ਗੁਰਮੁਖ ਸਿੰਘ ਮੁਸਾਫਰ, ਜਨਰਲ ਜਗਜੀਤ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਸੇਨਾ ਤੇ ਸਿਆਸਤ ਵਿਚ ਨਾਮਣਾ ਖੱਟਿਆ ਅਤੇ ਭਾਈ ਜੋਧ ਸਿੰਘ, ਕਵੀ ਮੋਹਨ ਸਿੰਘ ਤੇ ਉਪਨਿਆਸਕਾਰ ਕਰਤਾਰ ਸਿੰਘ ਦੁੱਗਲ ਨੇ ਵਿਦਿਆ ਤੇ ਸਾਹਿਤ ਦੇ ਖੇਤਰ ਵਿਚ।

ਇਹ ਲੰਡਨ ਸਥਿਤ ਪੋਠੋਹਾਰ ਐਸੋਸੀਏਸ਼ਨ ਸਮੇਂ-ਸਮੇਂ ਅਜਿਹੇ ਮਹਾ ਪੁਰਸ਼ਾਂ ਨੂੰ ਨਿਵਾਜਦੀ ਰਹੀ ਹੈ ਜਿਹੜੇ ਦੇਸ਼ ਵੰਡ ਸਮੇਂ ਰਾਵਲਪਿੰਡੀ, ਜਿਹਲਮ, ਤੇ ਕੈਬਲਪੁਰ ਵਿਚ ਆਪਣਾ ਘਰ ਬਾਰ ਤਿਆਗ ਕੇ ਸ਼ਰਨਾਰਥੀ ਹੋ ਗਏ ਤੇ ਏਧਰ ਆ ਕੇ ਆਪਣੀ ਹਿੰਮਤ ਤੇ ਉੱਦਮ ਸਦਕਾ ਵੱਡੀਆਂ ਮੱਲਾਂ ਮਾਰਨ ਦੇ ਯੋਗ ਹੋਏ। ਜ਼ਿੰਦਾਬਾਦ!

### ਹਰਕ੍ਰਿਸ਼ਨ ਸਿੰਘ ਸੁਰਜੀਤ ਦਾ 'ਦੇਸ਼ ਸੇਵਕ' ਤੇ ਮੈਂ

ਤੀਹ ਸਾਲ ਪਹਿਲਾਂ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਨੇ ਚੰਡੀਗੜ੍ਹ ਤੋਂ ਰੋਜ਼ਾਨਾ ਅਖ਼ਬਾਰ ਜਾਰੀ ਕਰਨ ਦਾ ਸੁਪਨਾ ਲਿਆ ਤਾਂ ਮੈਨੂੰ ਇਸਦੇ ਸੰਪਾਦਕ ਦੀ ਜ਼ਿੰਮੇਵਾਰੀ ਸੌਂਪੀ ਗਈ। ਚੰਡੀਗੜ੍ਹ ਦੇ 29 ਸੈਕਟਰ ਵਿਚ ਟ੍ਰਿਬਿਊਨ ਦੇ ਨੇੜੇ ਇਮਾਰਤ ਵੀ ਤਿਆਰ ਸੀ ਤੇ ਛਾਪਾਖਾਨਾ ਵੀ। ਮੇਰਾ ਕੰਮ ਪਰਚਾ ਜਾਰੀ ਕਰਵਾਉਣ ਤੱਕ ਸੀਮਤ ਸੀ। ਦੋ ਤਿੰਨ ਸਾਲ ਲਾ ਕੇ ਮੈਂ ਉਨ੍ਹਾਂ ਤੋਂ ਛੁੱਟੀ ਲੈ ਲੈਣੀ ਸੀ। ਪਰਚੇ ਵਿਚ ਛਪੀ ਹੋਈ ਸਮੱਗਰੀ ਵੇਖਣ ਦੀ ਜ਼ਿੰਮੇਵਾਰੀ ਕਾਮਰੇਡ ਹਰਕੰਵਲ ਸਿੰਘ ਨੂੰ ਸੌਂਪੀ ਗਈ ਸੀ ਤੇ ਮਸ਼ੀਨਾਂ ਦੀ ਦੇਖ-ਰੇਖ ਮਿਲਦੇ ਜੁਲਦੇ ਵਿਚਾਰਾਂ ਵਾਲੇ ਗੁਰਦਰਸ਼ਨ ਬੀਕਾ ਨੂੰ। ਕਦੀ ਕਦਾਈਂ ਮੰਗਤ ਰਾਮ ਪਾਸਲਾ ਵੀ ਸਵੇਰ ਵਾਲੀ ਮੀਟਿੰਗ ਵਿਚ ਹਾਜ਼ਰ ਹੁੰਦਾ ਸੀ। ਏਸ ਲਈ ਕਿ ਖੱਬੇ ਪੱਖੀ ਧਾਰਨਾ ਨੂੰ ਕਿਸੇ ਕਿਸਮ ਦੀ ਠੇਸ ਨਾ ਆਵੇ। ਮੈਂ ਕੇਵਲ ਪੰਜ ਹਜ਼ਾਰ ਰੁਪਏ ਮਹੀਨਾ ਲੈ ਕੇ ਕੰਮ ਕਰਨਾ ਸੀ।

ਚੰਗੇ ਭਾਗਾਂ ਨੂੰ ਮੇਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਨੌਕਰੀ ਬੜੀ ਕੰਮ ਆਈ। ਮੈਂ ਉੱਥੋਂ ਦੇ ਪੱਤਰਕਾਰੀ ਤੇ ਜਨਸੰਚਾਰ ਵਿਭਾਗ ਦਾ ਮੁਖੀ ਰਹਿ ਚੁੱਕਿਆ ਸਾਂ ਤੇ ਮੇਰੇ ਵਿਦਿਆਰਥੀ ਦੋ ਹਜ਼ਾਰ ਰੁਪਏ ਮਹੀਨਾ 'ਤੇ ਮੇਰਾ ਸਾਥ ਦੇਣਾ ਮੰਨ ਗਏ। ਉਨ੍ਹਾਂ ਵਿਚੋਂ ਤਿੰਨ ਬੀਬੀਆਂ ਮੇਰੇ ਘਰ ਹੀ ਰਹਿੰਦੀਆਂ ਤੇ ਮੇਰੀ ਗੱਡੀ ਵਿਚ ਮੇਰੇ ਨਾਲ ਦਫਤਰ ਜਾਂਦੀਆਂ ਤੇ ਨਾਲ ਹੀ ਵਾਪਸ ਆ ਜਾਂਦੀਆਂ ਸਨ।

ਮੈਂ ਆਪਣੇ ਜੀਵਨ ਵਿਚ ਕਈ ਤਰ੍ਹਾਂ ਦੀਆਂ ਸਰਕਾਰੀ ਤੇ ਗੈਰ-ਸਰਕਾਰੀ ਨੌਕਰੀਆਂ 'ਤੇ ਕੰਮ ਕੀਤਾ, ਪਰ ਜੋ ਮਜ਼ਾ ਦੇਸ਼ ਸੇਵਕ ਦੀ ਨੌਕਰੀ ਸਮੇਂ ਆਇਆ ਹੋਰ ਕਿਧਰੇ ਨਹੀਂ। ਏਥੇ ਮੈਂ ਆਪਣੀ ਮਰਜ਼ੀ ਦਾ ਮਾਲਕ ਸਾਂ ਤੇ ਮੇਰੇ ਨਿਗਰਾਨ ਮੇਰੀ ਮਰਜ਼ੀ ਖਿੜੇ ਮੱਥੇ ਪਰਵਾਨ ਕਰਦੇ ਸਨ। ਮੈਂ ਪਰਚੇ ਦੀ ਰੂਪ-ਰੇਖਾ ਨਿਰਧਾਰਤ ਕਰਦੇ ਸਮੇਂ ਅੰਗਰੇਜ਼ੀ ਅਖ਼ਬਾਰ ਪਾਇਓਨੀਰ ਨੂੰ ਮੁਖ ਰੱਖਿਆ ਤੇ 'ਦਾ ਹਿੰਦੂ' ਤੇ 'ਟਾਈਮਜ਼ ਆਫ ਇੰਡੀਆ' ਦੀ ਸਹਿਮਤੀ ਨਾਲ ਉਨ੍ਹਾਂ ਵਿਚਲੀ ਸਮੱਗਰੀ ਦਾ ਅਨੁਵਾਦ ਆਪਣੇ ਪਰਚੇ ਲਈ ਵਰਤਿਆ, ਜਿਹੜਾ ਖ਼ੂਬ ਪਸੰਦ ਕੀਤਾ ਗਿਆ। ਸੰਪਾਦਕੀ ਪੰਨੇ ਉੱਤੇ ਮਿਡਲ ਲਿਖਣ ਦੀ ਪਿਰਤ ਪਾਉਣ ਵਾਲਾ ਵੀ ਮੈਂ ਹੀ ਸਾਂ। ਮੇਰੇ ਮਿੱਤਰਾਂ ਵਿਚ ਸੁਰਜੀਤ ਹਾਂਸ ਨੇ 'ਇਤਲਾਹ ਹੈ' ਨਾਂ ਦਾ ਕਾਲਮ ਲਿਖਿਆ। ਕਿਸੇ ਨੇ ਕੋਈ ਪੈਸਾ ਨਹੀਂ ਮੰਗਿਆ ਤੇ ਨਾ ਹੀ ਅਸੀਂ ਦਿੱਤਾ।

ਚੇਤੇ ਰਹੇ ਕਿ ਜਦੋਂ ਕਾਮਰੇਡ ਸੁਰਜੀਤ ਨੇ ਮੈਨੂੰ ਦਿੱਲੀ ਸੱਦਿਆ ਸੀ ਤਾਂ ਮੈਂ ਆਪਣੇ ਉੱਤਰ ਵਿਚ ਕੇਵਲ ਇੱਕ ਹੀ ਗੱਲ ਉੱਤੇ ਜ਼ੋਰ ਦਿਵਾਇਆ ਸੀ ਕਿ ਜੇ ਨਵਾਂ ਅਖ਼ਬਾਰ ਪਾਰਟੀ ਦਾ ਹੈ ਤਾਂ ਮੈਂ ਆਪਣੇ ਆਪ ਨੂੰ ਇਸਦੇ ਯੋਗ



ਨਹੀਂ ਸਮਝਦਾ। ''ਪਾਰਟੀ ਵੱਲੋਂ ਲੋਕ ਲਹਿਰ ਕਢਿਆ ਜਾ ਰਿਹਾ ਹੈ'' ਕਹਿ ਕੇ ਉਸਨੇ ਮੈਨੂੰ ਚਿੰਤਾ ਨਵਿਰਤ ਕਰ ਦਿੱਤਾ।

ਇਸ ਸੰਸਥਾ ਦੀ ਵਡਿਆਈ ਇਹ ਹੈ ਕਿ ਪਿਛਲੇ ਤੀਹ ਸਾਲਾਂ ਤੋਂ ਇਹ ਪਰਚਾ ਬਿਨਾ ਨਾਗਾ ਮੈਨੂੰ ਮਿਲ ਰਿਹਾ ਹੈ। ਇਨ੍ਹਾਂ ਦਿਨਾਂ ਵਿਚ ਇਕ ਕਮਿਊਨਿਸਟ ਨੇਤਾ ਦੀ 23 ਕਿਸ਼ਤਾਂ ਵਿਚ ਛਪੀ ਉਸ ਸਮੱਗਰੀ ਸਮੇਤ ਜਿਸ ਬਾਰੇ ਮੇਰੇ ਮਿੱਤਰ ਮੇਰਾ ਪ੍ਰਤੀਕਰਮ ਜਾਣਨ ਦੇ ਇਛੁਕ ਹਨ। ਮੈਂ ਅੰਤਲੀ ਕਿਸ਼ਤ ਤੱਕ ਟਾਲ-ਮਟੋਲ ਕਰਦਾ ਰਿਹਾ। ਮੇਰਾ ਖਿਆਲ ਸੀ ਕਿ ਅੰਤ ਵਿਚ ਇਸ ਸਮੱਗਰੀ ਦਾ ਲੇਖਕ ਥੋੜ੍ਹਾ ਬਹੁਤ ਠੰਢਾ ਪੈ ਜਾਵੇਗਾ ਕਿਉਂਕਿ ਜਿਸ ਮੰਗਤ ਰਾਮ ਪਾਸਲਾ ਨੂੰ ਉਸਨੇ ਨਿਸ਼ਾਨਾ ਬਣਾ ਰੱਖਿਆ ਸੀ ਉਹਦੇ ਨਾਲ ਰਲ ਕੇ ਉਹ ਵੀ ਹਰਕ੍ਰਿਸ਼ਨ ਸਿੰਘ ਸੁਰਜੀਤ ਦਾ ਵਿਸ਼ਵਾਸ ਪਾਤਰ ਰਹਿ ਚੁੱਕਿਆ ਸੀ।

ਅੰਤਲੀ ਕਿਸ਼ਤ ਵਿਚ ਮੇਰੀ ਆਸ ਨੂੰ ਕੇਵਲ ਏਨਾ ਹੀ ਬੂਰ ਪਿਆ ਕਿ ਮੰਗਤ ਰਾਮ ਨੂੰ ਘਟੀਆ ਮਨੁੱਖ ਤੇ ਬੇਸ਼ਰਮ ਕਹਿਣ ਵਾਲਾ ਲੇਖਕ ਏਥੇ ਇੱਕ ਥਾਂ 'ਪਾਸਲਾ ਜੀ' ਲਿਖਦਾ ਹੈ ਤੇ ਇੱਕ ਹੋਰ ਥਾਂ 'ਮੰਗਤ ਰਾਮ ਪਾਸਲਾ ਜੀ'। ਇਸ ਭਾਣੇ ਦਾ ਕਾਰਨ ਤਾਂ ਪਤਾ ਨਹੀਂ ਵਰਨਾ ਇਸ ਤੋਂ ਪਹਿਲਾਂ ਤਾਂ ਲੇਖਕ ਨੂੰ ਪਾਸਲਾ ਦਾ ਆਪਣੀਆਂ ਪਰਿਵਾਰਕ ਲੋੜਾਂ ਤੋਂ ਬੇਮੁਖ ਹੋ ਕੇ ਪਾਰਟੀ ਦੇ ਦਫ਼ਤਰ ਆਉਣਾ ਵੀ ਚੁਭਦਾ ਸੀ।

ਏਸੇ ਕਿਸ਼ਤ ਵਿਚ ਲੇਖਕ ਨੇ ਵੱਡਾ ਤੱਤ ਇਹ ਕਢਿਆ ਹੈ ਕਿ ਮੰਗਤ ਰਾਮ ਪਾਸਲਾ 28-29 ਸਾਲ ਕਮਿਊਨਿਸਟ ਪਾਰਟੀ ਅਰਥਾਤ ਸੀ.ਪੀ.ਆਈ. (ਐਮ) ਵਿਚ ਰਿਹਾ ਤੇ 8-9 ਸਾਲ ਸੂਬਾ ਸਕੱਤਰ ਤੇ 16 ਸਾਲ ਕੇਂਦਰੀ ਕਮੇਟੀ ਦਾ ਮੈਂਬਰ 'ਏਨੇ ਸਾਲਾਂ ਵਿਚ ਇਸ ਝੁਡੂ ਨੂੰ ਇਹ ਪਤਾ ਨਹੀਂ ਲੱਗਾ ਕਿ ਕਮਿਊਨਿਸਟ ਪਾਰਟੀ ਕੀ ਹੁੰਦੀ ਹੈ।' ਜੇ ਉਹ ਏਨਾ ਹੀ ਝੁਡੂ ਹੈ ਜਾਂ ਰਿਹਾ ਹੈ ਤਾਂ ਉਹ ਆਪਣੇ ਪਰਿਵਾਰਕ ਮੈਂਬਰਾਂ ਨੂੰ ਹੋਰਨਾਂ ਦੇ ਆਸਰੇ ਛਡ ਆਪ ਝੋਲਾ ਚੁੱਕ ਕੇ ਪਾਰਟੀ ਦੇ ਕੰਮ ਕਿਉਂ ਕਰਦਾ ਰਿਹਾ ਹੈ? ਕੀ ਇਹ ਸੱਚ ਨਹੀਂ ਕਿ ਸੱਚੀ ਤੇ ਸੁੱਚੀ ਲਗਨ ਵਾਲੇ ਸਾਰੇ ਸਿਆਸਤਦਾਨ, ਧਾਰਮਿਕ ਬੰਦੇ ਤੇ ਕਲਾਕਾਰ ਆਪੋ ਆਪਣੇ ਪਰਿਵਾਰਾਂ ਤੋਂ ਬੇਮੁਖ ਹੋ ਕੇ ਆਪਣੀ ਲਗਨ ਉੱਤੇ ਪਹਿਰਾ ਦਿੰਦੇ ਆਏ ਹਨ ਤੇ ਦੇ ਰਹੇ ਹਨ।

ਲੇਖਕ ਨੇ ਜਿਸ ਬੰਦੇ ਲਈ ਝੁਡੂ ਸ਼ਬਦ ਵਰਤਿਆ ਹੈ ਉਸਨੂੰ 28-29 ਸਾਲ ਸਰਦਾਰੀ ਬਖਸ਼ਣ ਵਾਲਿਆਂ ਵਿਚ ਹਰਕ੍ਰਿਸ਼ਨ ਸਿੰਘ ਸੁਰਜੀਤ ਸਭ ਤੋਂ ਉੱਤਮ ਹੈ ਜਿਸ ਲਈ ਲੇਖਕ ਮਹਾਨ ਤੇ ਉਤਮ ਸ਼ਬਦ ਵਰਤਦਾ ਹੈ। ਕੀ ਉਸਦੀ ਸੂਝ ਤੇ ਸਿਆਣਪ ਨੂੰ ਏਨੇ ਸਾਲ ਮੰਗਤ ਰਾਮ ਦੇ ਝੁਡੂਪੁਣੇ ਦਾ ਗਿਆਨ ਨਹੀਂ ਹੋਇਆ? ਜੇ ਨਹੀਂ ਤਾਂ ਇਨ੍ਹਾਂ ਕਿਸ਼ਤਾਂ ਦਾ ਲੇਖਕ ਕਾਮਰੇਡ ਸੁਰਜੀਤ ਲਈ ਕਿਹੜਾ ਸ਼ਬਦ ਵਰਤਦਾ ਹੈ?

ਜਿੰਨਾ ਕੁ ਮੈਂ ਲੇਖਕ ਨੂੰ ਜਾਣਦਾ ਹਾਂ ਇਨ੍ਹਾਂ ਕਿਸ਼ਤਾਂ ਦੀ ਸ਼ਬਦਾਵਲੀ ਤੇ ਦਲੀਲਾਂ ਉਸ ਦੀਆਂ ਆਪਣੀਆਂ ਨਹੀਂ ਹੋ ਸਕਦੀਆਂ ਕਿਸੇ ਹੋਰ ਦੀਆਂ ਸੁਝਾਈਆਂ ਜਾਪਦੀਆਂ ਹਨ। ਕਾਮਰੇਡ ਸੁਰਜੀਤ ਨੇ ਤਾਂ ਇਨ੍ਹਾਂ ਨੂੰ ਦੇਸ਼ ਸੇਵਕ ਵਿਚ ਛਪਣ ਵੀ ਨਹੀਂ ਸੀ ਦੇਣਾ। ਇਸ ਨਾਲ ਪਰਚੇ ਦੀ ਪੈਠ ਨੂੰ ਧੱਕਾ ਲਗਦਾ ਹੈ ਨਿੰਦੇ ਗਏ ਵਿਅਕਤੀ ਦੇ ਵੱਕਾਰ ਨੂੰ ਨਹੀਂ। ਚੰਗਾ ਹੁੰਦਾ ਜੇ ਅਦਾਰਾ ਦੇਸ਼ ਸੇਵਕ ਲੇਖਕ ਤੋਂ ਮੁਆਫੀ ਮੰਗ ਕੇ ਇਸਨੂੰ ਵਾਪਸ ਪਰਤਾ ਦਿੰਦਾ। ਕਾਮਰੇਡ ਸੁਰਜੀਤ ਨੇ ਇਹ ਪਰਚਾ ਨਿੱਜੀ ਕਿੜ ਕੱਢਣ ਹਿੱਤ ਨਹੀਂ ਸੀ ਕੱਢਿਆ, ਪਾਰਟੀ ਦੀ ਵਿਚਾਰਧਾਰਾ ਨੂੰ ਜਨ ਸਮੂਹ ਤੱਕ ਪਹੁੰਚਾਉਣ ਲਈ ਕਢਿਆ ਸੀ।

**ਅੰਤਿਕਾ**


ਮਿਰਜ਼ਾ ਗਾਲਿਬ॥

ਕਭੀ ਨੇਕੀ ਭੀ ਉਸਨੇ ਜੀਅ ਮੈਂ ਗਰ ਆ ਜਾਏ ਹੈ ਮੁਝ ਸੇ

ਜਫਾਏਂ ਕਰਕੇ ਅਪਣੀ ਯਾਦ, ਸ਼ਰਮਾ/ਜਾਏ ਹੈ ਮੁੱਲ ਸੇ।

# ਐਨ.ਆਰ.ਸੀ.: ਭਾਰਤ ਦੇ ਲੋਕਤੰਤਰ ਦਾ ਇਕ ਇਮਤਿਹਾਨ

ਭਾਰਤ ਦੇ ਉੱਤਰੀ-ਪੂਰਬੀ ਰਾਜ ਅਸਾਮ ਵਿਚ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐਨ.ਆਰ.ਸੀ.) ਨੂੰ ਨਵਿਆਉਣ ਦੀ ਪ੍ਰਕਿਰਿਆ ਨੇ ਆਧੁਨਿਕ ਭਾਰਤ ਦੀਆਂ ਸਭ ਤੋਂ ਵਿਵਾਦਗ੍ਰਸਤ ਬਹਿਸਾਂ ਵਿਚੋਂ ਇੱਕ ਨੂੰ ਜਨਮ ਦਿੱਤਾ ਹੈ। ਸ਼ੁਰੂ ਵਿਚ ਇਸਦਾ ਮੰਤਵ ਗੈਰ-ਦਸਤਾਵੇਜ਼ੀ ਪਰਵਾਸੀਆਂ ਦੀ ਪਹਿਚਾਣ ਕਰਨਾ ਸੀ, ਪਰ ਇਹ ਕਦਮ ਹੁਣ ਪਛਾਣ, ਨਾਗਰਿਕਤਾ ਅਤੇ ਮਨੁੱਖੀ ਅਧਿਕਾਰਾਂ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਰਿਹਾ ਹੈ। ਅਸਾਮ ਦਾ ਇਹ ਅਨੁਭਵ ਭਾਵੇਂ ਵਿਲੱਖਣ



ਗੁਰਬਖ਼ਸ਼ ਸਿੰਘ 'ਨਾਕਾਮ'
ਫੋਨ: +1 864 318 5500

ਹੈ, ਪਰ ਇਸਦੇ ਅਸਰ ਪੂਰੇ ਭਾਰਤ ਵਿਚ ਫੈਲਦੇ ਹਨ ਅਤੇ ਵਿਸ਼ਵ-ਭਰ ਵਿਚ ਭਾਰਤੀ ਡਾਇਸਪੋਰਾ ਨਾਲ ਵੀ ਕਿਤੇ-ਨਾ-ਕਿਤੇ ਡੂੰਘੀ ਤਰ੍ਹਾਂ ਜੁੜੇ ਹਨ। ਇਹ ਵਾਦ-ਵਿਵਾਦ ਸਿਰਫ਼ ਇਕ ਪ੍ਰਸ਼ਾਸਕੀ ਮਾਮਲਾ ਨਹੀਂ ਹੈ ਇਹ ਇੱਕ ਡੂੰਘਾ ਰਾਜਨੀਤਕ ਅਤੇ ਮਨੁੱਖਤਾ-ਸਬੰਧੀ ਸਰੋਕਾਰਾਂ ਨੂੰ ਚੁਣੌਤੀ ਹੈ।

ਐਨ.ਆਰ.ਸੀ. ਦੀਆਂ ਜੜ੍ਹਾਂ ਅਸਾਮ ਦੇ ਪਰਵਾਸ ਸੰਬੰਧੀ ਤਣਾਅਪੂਰਨ ਇਤਿਹਾਸ ਵਿਚ ਹਨ। ਬੰਗਲਾਦੇਸ਼ ਨਾਲ ਖੁੱਲ੍ਹੇ ਸਰਹੱਦੀ ਇਲਾਕੇ ਵਾਲੇ ਇਸ ਰਾਜ ਨੇ ਪਿਛਲੇ ਸੌ ਸਾਲਾਂ ਦੌਰਾਨ ਕਈ ਦੌਰਾਂ ਵਾਲੀ ਆਬਾਦੀ ਦੇ ਆਉਣ-ਜਾਣ ਨੂੰ ਵੇਖਿਆ ਹੈ। 1947 ਦੀ ਵੰਡ ਤੇ 1971 ਦੀ ਬੰਗਲਾਦੇਸ਼-ਮੁਕਤੀ ਲੜਾਈ ਦੌਰਾਨ ਇਹ ਹਿਜ਼ਰਤ ਹੋਰ ਤੇਜ਼ ਹੋ ਗਈ। ਅਸਾਮੀ ਲੋਕਾਂ ਵਿਚ ਇਹ ਡਰ ਵੱਧਦਾ ਗਿਆ ਕਿ ਬੇਕਾਬੂ ਪਰਵਾਸ ਕਾਰਨ ਉਨ੍ਹਾਂ ਦੀ ਜਨਸੰਖਿਆ ਸੰਰਚਨਾ, ਭਾਸ਼ਾ ਤੇ ਸੱਭਿਆਚਾਰ ਖ਼ਤਰੇ ਵਿਚ ਪੈ ਸਕਦੇ ਹਨ, ਅਤੇ ਸੀਮਿਤ ਸਰੋਤਾਂ ਉੱਤੇ ਵਾਧੂ ਬੋਝ ਪੈ ਸਕਦਾ ਹੈ। 1985 ਦਾ ਅਸਾਮ ਸਮਝੌਤਾ, ਜੋ ਸਾਲਾਂ ਦੀ ਵਿਦਿਆਰਥੀ-ਅਗਵਾਈ ਵਾਲੇ ਸੰਘਰਸ਼ ਤੋਂ ਬਾਅਦ ਹੋਇਆ, ਨੇ 24 ਮਾਰਚ 1971 ਦੀ ਤਾਰੀਖ਼ ਤੱਕ ਦੇ ਪਰਵਾਸੀਆਂ ਨੂੰ ਕਾਨੂੰਨੀ ਮੰਨਿਆ ਅਤੇ ਇਸ ਤੋਂ ਬਾਅਦ ਆਏ ਲੋਕਾਂ ਨੂੰ ਗੈਰ-ਕਾਨੂੰਨੀ ਪਰਵਾਸੀ ਮੰਨਣ ਦੀ ਸ਼ਰਤ ਰੱਖੀ।

ਇਸ ਸਮਝੌਤੇ ਨੇ ਹੀ ਐਨ.ਆਰ.ਸੀ. ਨੂੰ ਨਵਿਆਉਣ ਦੀ ਨੀਂਹ ਰੱਖੀ, ਜਿਸਦਾ ਮੰਤਵ ਸੀ ਕਿ ਅਸਾਮ ਵਿਚ ਕੌਣ ਭਾਰਤੀ ਨਾਗਰਿਕ ਹੈ ਅਤੇ ਕੌਣ ਨਹੀਂ। ਪਰ ਇਸ ਪ੍ਰਕਿਰਿਆ ਨੇ ਭਰੋਸਾ ਦੇਣ ਦੀ ਬਜਾਏ ਹੋਰ ਉਲਝਣ ਅਤੇ ਡਰ ਪੈਦਾ ਕਰ ਦਿੱਤਾ।

ਜਦੋਂ 2019 ਵਿਚ ਐਨ.ਆਰ.ਸੀ. ਦਾ ਖ਼ਾਕਾ ਜਾਰੀ ਕੀਤਾ ਗਿਆ, ਤਾਂ ਲਗਭਗ 19 ਲੱਖ ਲੋਕਾਂ ਦੇ ਨਾਂ ਉਸ ਵਿਚੋਂ ਗਾਇਬ ਸਨ। ਇਨ੍ਹਾਂ ਵਿਚੋਂ ਬਹੁਤ ਸਾਰੇ ਗਰੀਬ ਕਿਸਾਨ, ਮਜ਼ਦੂਰ ਜਾਂ ਅਜਿਹੀਆਂ ਔਰਤਾਂ ਸਨ, ਜਿਨ੍ਹਾਂ ਕੋਲ ਸਰਕਾਰੀ ਦਸਤਾਵੇਜ਼ ਨਹੀਂ ਸਨ, ਨਾ ਕਿ ਉਹ ਵਿਦੇਸ਼ੀ ਘੁਸਪੈਠੀਏ ਸਨ। ਜਿਹੜੇ ਪਰਿਵਾਰ ਪੀੜ੍ਹੀਆਂ ਤੋਂ ਅਸਾਮ ਵਿਚ ਰਹਿ ਰਹੇ ਸਨ, ਉਹ ਅਚਾਨਕ ਇਸ ਰਾਜ ਦੇ ਵਾਸੀ ਨਾ ਹੋਣ ਦੇ ਖ਼ਤਰੇ ਵਿਚ ਪੈ ਗਏ। ਸਰਕਾਰ ਨੇ ਭਾਵੇਂ ਅਪੀਲ ਦਾ ਮੌਕਾ ਦੇਣ ਦਾ ਭਰੋਸਾ ਦਿੱਤਾ, ਪਰ ਸਬੂਤ ਦਾ ਬੋਝ ਹੁਣ ਆਮ ਲੋਕਾਂ ਉੱਤੇ ਆ ਗਿਆ, ਜਿਹੜੇ ਕਈ ਵਾਰ ਕਾਨੂੰਨੀ ਲੜਾਈ ਲੜਨ ਲਈ ਸੰਸਾਧਨਾਂ ਤੋਂ ਵਾਂਝੇ ਹਨ।

ਨਤੀਜੇ ਬਹੁਤ ਹੀ ਗੰਭੀਰ ਸਨ। 'ਗੈਰ-ਕਾਨੂੰਨੀ ਪਰਵਾਸੀਆਂ' ਲਈ ਡਿਟੈਨਸ਼ਨ ਸੈਂਟਰ ਬਣਾਏ ਗਏ, ਜਿਨ੍ਹਾਂ ਨੂੰ ਮਨੁੱਖੀ-ਅਧਿਕਾਰ ਗਰੁੱਪਾਂ ਵੱਲੋਂ ਸਖ਼ਤ ਨਿੰਦਾ ਦਾ ਸਾਹਮਣਾ ਕਰਨਾ ਪਿਆ। ਲਿਸਟ ਵਿਚੋਂ ਬਾਹਰ ਰਹਿ ਜਾਣ ਦਾ ਡਰ ਲੋਕਾਂ ਵਿਚ ਹੋਰ ਵੰਡ ਪੈਦਾ ਕਰਨ ਲੱਗਾ ਅਤੇ ਕੌਮੀ ਤਣਾਅ ਵਧੇ। ਪਰਵਾਸੀ ਸਮੱਸਿਆ ਦਾ ਹੱਲ ਕਰਨ ਦੀ ਬਜਾਏ, ਐਨ.ਆਰ.ਸੀ. ਨੇ ਲੋਕਾਂ ਦੀਆਂ ਅਸੁਰੱਖਿਆਵਾਂ ਨੂੰ ਹੋਰ ਡੂੰਘਾ ਕਰ ਦਿੱਤਾ।

ਐਨ.ਆਰ.ਸੀ. ਦਾ ਵਿਵਾਦ ਸਿਰਫ਼ ਅਸਾਮ ਤੱਕ ਸੀਮਤ ਨਹੀਂ; ਇਹ ਸਵਾਲ ਖੜ੍ਹਾ ਕਰਦਾ ਹੈ ਕਿ 'ਭਾਰਤੀ' ਹੋਣ ਦਾ ਅਸਲੀ ਮਤਲਬ ਕੀ ਹੈ? ਕੀ ਨਾਗਰਿਕਤਾ ਸਿਰਫ਼ ਕਾਗਜ਼ਾਂ ਨਾਲ ਜੁੜੀ ਹੋਣੀ ਚਾਹੀਦੀ ਹੈ ਜਾਂ ਫਿਰ ਸਮਾਜਿਕ ਸਵੀਕਾਰਤਾ ਤੇ ਜੀਵਨ ਅਨੁਭਵ ਵੀ ਮਹੱਤਵ ਰੱਖਦੇ ਹਨ? ਭਾਰਤ ਦੀ ਤਾਕਤ ਹਮੇਸ਼ਾਂ ਇਸਦੀ ਵਿਭਿੰਨਤਾ ਰਹੀ ਹੈ, ਪਰ ਜੇ ਪਛਾਣ ਨੂੰ ਕਠੋਰ ਪਰਿਭਾਸ਼ਾਵਾਂ ਵਿਚ ਬੰਨ੍ਹਿਆ ਗਿਆ ਤਾਂ ਇਹ ਵੰਨ-ਸੁਵੰਨਤਾ ਖ਼ਤਰੇ ਵਿਚ ਪੈ ਸਕਦੀ ਹੈ।

ਇਹ ਬਹਿਸ ਇਹ ਵੀ ਦੱਸਦੀ ਹੈ ਕਿ ਜਟਿਲ ਸਮਾਜਕ ਮੁੱਦਿਆਂ ਦਾ ਹੱਲ ਸਿਰਫ਼ ਦਫ਼ਤਰੀ ਕਾਗਜ਼ੀ ਕਾਰਵਾਈ ਨਾਲ ਨਹੀਂ ਲੱਭਿਆ ਜਾ ਸਕਦਾ। ਨਾਗਰਿਕਤਾ ਸਿਰਫ਼ ਇਕ ਕਾਨੂੰਨੀ ਦਰਜਾ ਨਹੀਂ ਹੈ ਬਲਕਿ ਇਹ ਸਨਮਾਨ, ਸਬੰਧਤਾ ਅਤੇ ਇਕ ਭਾਈਚਾਰੇ ਵਿਚ ਹਿੱਸੇਦਾਰੀ ਦਾ ਹੱਕ ਹੈ। ਜਦੋਂ ਸਿਰਫ਼ ਦਸਤਾਵੇਜ਼ ਹੀ ਪਛਾਣ ਦਾ ਮਾਪਦੰਡ ਬਣ ਜਾਂਦੇ ਹਨ, ਤਾਂ ਕਰੋੜਾਂ ਲੋਕ ਅਸੁਰੱਖਿਆ ਵਿਚ ਧੱਕੇ ਜਾਂਦੇ ਹਨ।

ਐਨ.ਆਰ.ਸੀ. ਦੀ ਪ੍ਰਕਿਰਿਆ ਭਾਰਤ ਦੀ ਵੱਡੀ ਰਾਜਨੀਤਕ ਧਾਰਾਵਾਂ ਨਾਲ ਵੀ ਜੁੜੀ ਹੋਈ ਹੈ। ਭਾਜਪਾ ਨੇ ਅਸਾਮ ਵਿਚ ਐਨ.ਆਰ.ਸੀ. ਦਾ




ਸਮਰਥਨ ਕੀਤਾ, ਪਰ ਨਾਲ ਹੀ 2019 ਦਾ ਨਾਗਰਿਕਤਾ ਸੰਸ਼ੋਧਨ ਕਾਨੂੰਨ (ਸੀ.ਏ.ਏ.) ਲਿਆਂਦਾ, ਜਿਸ ਰਾਹੀਂ ਨੇੜਲੇ ਦੇਸ਼ਾਂ ਤੋਂ ਆਏ ਗੈਰ-ਮੁਸਲਿਮ ਪਰਵਾਸੀਆਂ ਨੂੰ ਨਾਗਰਿਕਤਾ ਦੀ ਰਾਹਤ ਦਿੱਤੀ ਗਈ। ਆਲੋਚਕਾਂ ਦਾ ਕਹਿਣਾ ਹੈ ਕਿ ਇਹ ਚੋਣਵਾਂ ਨਜ਼ਰੀਆ ਭਾਰਤ ਦੇ ਧਰਮ-ਨਿਰਪੇਖ ਸੰਵਿਧਾਨੀ ਆਦਰਸ਼ਾਂ ਨੂੰ ਖ਼ਤਰੇ ਵਿਚ ਪਾ ਦਿੰਦਾ ਹੈ।

ਅਸਾਮ ਦੇ ਸਥਾਨਕ ਗਰੁੱਪਾਂ ਲਈ ਮੁੱਦਾ ਧਰਮ ਦਾ ਘੱਟ ਅਤੇ ਆਪਣੀ ਸਥਾਨਕ ਪਛਾਣ ਦੀ ਰੱਖਿਆ ਦਾ ਵੱਧ ਸੀ। ਵਿਡੰਬਨਾ ਇਹ ਹੈ ਕਿ ਜਿੱਥੇ ਅਸਾਮੀ ਸੰਘਰਸ਼ ਨੇ ਸੀ.ਏ.ਏ. ਦਾ ਵਿਰੋਧ ਕੀਤਾ, ਉਥੇ ਭਾਜਪਾ ਨੇ ਇਸਨੂੰ ਇਕ ਮਨੁੱਖਤਾ-ਪ੍ਰੇਰਿਤ ਕਦਮ ਵਜੋਂ ਪੇਸ਼ ਕੀਤਾ। ਇਹ ਵਿਰੋਧਾਭਾਸ ਅਸਾਮ ਅਤੇ ਭਾਰਤ ਵਿਚ ਪਰਵਾਸੀ ਰਾਜਨੀਤੀ ਦੀਆਂ ਜੱਟਿਲ ਪਰਤਾਂ ਨੂੰ ਸਾਹਮਣੇ ਲਿਆਉਂਦਾ ਹੈ।

ਰਾਜਨੀਤੀ ਤੋਂ ਇਲਾਵਾ, ਐਨ.ਆਰ.ਸੀ. ਨੇ ਗੰਭੀਰ ਮਨੁੱਖੀ ਸਵਾਲ ਖੜ੍ਹੇ ਕੀਤੇ ਹਨ। ਉਹ ਲੱਖਾਂ ਲੋਕਾਂ ਦਾ ਕੀ ਹੋਵੇਗਾ ਜਿਨ੍ਹਾਂ ਨੂੰ ਨਾਗਰਿਕਤਾ-ਸੂਚੀ ਤੋਂ ਬਾਹਰ ਛੱਡ ਦਿੱਤਾ ਗਿਆ? ਅੰਤਰਰਾਸ਼ਟਰੀ ਕਾਨੂੰਨ ਮਨਮਾਨੀ ਤੌਰ 'ਤੇ ਨਾਗਰਿਕਤਾ ਖੋਹਣ 'ਤੇ ਰੋਕ ਲਾਉਂਦਾ ਹੈ, ਪਰ ਭਾਰਤ ਕੋਲ਼ ਇਸ ਸੰਬੰਧੀ ਕੋਈ ਸਪਸ਼ਟ ਯੋਜਨਾ ਨਹੀਂ। ਡਿਟੈਨਸ਼ਨ, ਵੋਟ-ਹੱਕ ਤੋਂ ਵੰਚਿਤ ਕਰਨਾ ਜਾਂ ਦੇਸ਼-ਨਿਕਾਲਾ—ਸਭ ਚੁਣੌਤੀ-ਭਰਪੂਰ ਵਿਸ਼ੇ ਹਨ। ਬੰਗਲਾਦੇਸ਼ ਨੇ ਸਾਫ਼ ਕਿਹਾ ਹੈ ਕਿ ਉਹ ਕਿਸੇ ਨੂੰ ਵਾਪਸ ਨਹੀਂ ਲਏਗਾ, ਜਿਸ ਨਾਲ ਲੋਕ ਇਕ ਕਾਨੂੰਨੀ ਅਨਿਸ਼ਚਿਤਤਾ ਵਿਚ ਫਸੇ ਰਹਿੰਦੇ ਹਨ।

ਮਨੁੱਖੀ ਅਧਿਕਾਰ ਕਾਰਕੁੰਨ ਚੇਤਾਵਨੀ ਦਿੰਦੇ ਹਨ ਕਿ ਐਨ.ਆਰ.ਸੀ. ਦਾ ਨਤੀਜਾ ਮਿਆਂਮਾਰ ਦੇ ਰੋਹਿੰਗੀਆਂ ਤੇ ਮੁਸਲਮਾਨਾਂ ਵਰਗਾ ਹਾਸ਼ੀਆ-ਕਰਨ ਵਾਲਾ ਹੋ ਸਕਦਾ ਹੈ। ਭਾਵੇਂ ਭਾਰਤ ਦੀਆਂ ਲੋਕਤੰਤਰਕ ਸੰਸਥਾਵਾਂ ਵੱਧ ਮਜ਼ਬੂਤ ਹਨ, ਪਰ ਇਹ ਤੁਲਨਾ ਚਿੰਤਾ-ਜਨਕ ਹੈ।

ਭਾਰਤੀ ਪਰਵਾਸੀਆਂ ਲਈ ਐਨ.ਆਰ.ਸੀ. ਦੀ ਬਹਿਸ ਬਹੁਤ ਸੰਵੇਦਨਸ਼ੀਲ ਹੈ। ਕਈ ਪਰਵਾਸੀ ਭਾਰਤੀ ਖੁਦ ਚੰਗੇ ਮੌਕੇ ਦੀ ਖਾਤਰ ਹੋਰ ਦੇਸ਼ਾਂ ਵਿਚ ਗਏ ਹਨ, ਜਿਥੇ ਕਈ ਵਾਰ ਉਨ੍ਹਾਂ ਨੂੰ ਆਪਣੀ ਪਛਾਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਇਸ ਕਾਰਨ ਭਾਰਤ ਦੇ ਅੰਦਰ ਕਰੋੜਾਂ ਲੋਕਾਂ ਨੂੰ 'ਬਾਹਰੀ' ਕਰਾਰ ਦੇਣ ਦੀ ਸੋਚ ਉਨ੍ਹਾਂ ਨੂੰ ਝੰਝੋੜਦੀ ਹੈ। ਨਾਲ ਹੀ, ਡਾਇਸਪੋਰਾ ਭਾਰਤ ਦੀ ਵਿਦੇਸ਼ੀ ਛਵੀ ਨਾਲ ਡੂੰਘੀ ਤਰ੍ਹਾਂ ਜੁੜਿਆ ਹੈ। ਡਿਟੈਨਸ਼ਨ ਸੈਂਟਰਾਂ, ਬਿਨਾਂ ਨਾਗਰਿਕਤਾ ਵਾਲੇ ਲੋਕਾਂ ਅਤੇ ਨਾਗਰਿਕਤਾ ਪੜਤਾਲਾਂ ਬਾਰੇ ਅੰਤਰਰਾਸ਼ਟਰੀ ਖ਼ਬਰਾਂ ਭਾਰਤ ਦੀ ਛਵੀ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ ਅਤੇ ਵਿਦੇਸ਼ੀ ਸਰਕਾਰਾਂ ਨੂੰ ਭਾਰਤੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਕਰਨ ਦਾ ਇਕ ਬਹਾਨਾ ਮੁਹੱਈਆ ਕਰਵਾ ਸਕਦੀਆਂ ਹਨ

ਪਰਵਾਸ ਨੂੰ ਲੈ ਕੇ ਚਿੰਤਾ ਸਿਰਫ਼ ਅਸਾਮ ਤੱਕ ਸੀਮਤ ਨਹੀਂ। ਪੰਜਾਬ ਵਿਚ ਵੀ ਕਦੇ-ਕਦੇ ਇਹ ਅਵਾਜ਼ ਉਠਦੀ ਹੈ ਕਿ ਯੂ.ਪੀ. ਅਤੇ ਬਿਹਾਰ ਤੋਂ ਰੋਜ਼ਗਾਰ ਲਈ ਆਏ ਮਜ਼ਦੂਰ ਵੱਡੇ ਪੱਧਰ 'ਤੇ ਵੱਸ ਰਹੇ ਹਨ, ਜਿਸ ਨਾਲ ਸੂਬੇ ਦੀ ਸਿੱਖ-ਬਹੁਗਿਣਤੀ ਦੀ ਪਛਾਣ, ਭਾਸ਼ਾ ਅਤੇ ਸੱਭਿਆਚਾਰਕ ਹੋਂਦ ਖ਼ਤਰੇ ਵਿਚ ਪੈ ਸਕਦੇ ਹਨ। ਭਾਵੇਂ ਅਜੇ ਤੱਕ ਅਸਾਮ ਵਰਗੀਆਂ ਵੱਡੀਆਂ ਹਲਚਲਾਂ ਨਹੀਂ ਹੋਈਆਂ, ਪਰ ਕਈ ਵਾਰ ਵਸਨੀਕੀ ਤੇ ਵੋਟਿੰਗ ਹੱਕਾਂ 'ਤੇ ਰੋਕ ਲਾਉਣ ਦੀਆਂ ਮੰਗਾਂ ਉਠਦੀਆਂ ਹਨ। ਇਹ ਦਰਸਾਉਂਦਾ ਹੈ ਕਿ ਅਸਾਮ ਦੀ ਕਹਾਣੀ ਇਕ ਵਿਲੱਖਣ ਕੇਸ ਹੋਣ ਦੇ ਬਾਵਜੂਦ, ਵਿਆਪਕ ਭਾਰਤੀ ਦੁਚਿੱਤੀ ਦੀ ਪ੍ਰਤੀਬਿੰਬ ਹੈ: ਇਕ ਪਾਸੇ ਮਜ਼ਦੂਰੀ ਦੀ ਲੋੜ ਹੈ, ਦੂਜੇ ਪਾਸੇ ਸਥਾਨਕ ਪਛਾਣ ਬਚਾਉਣ ਦੀ ਚਿੰਤਾ। ਅਜਿਹੀਆਂ ਹਾਲਤਾਂ ਹੋਰ ਸੂਬਿਆਂ—ਮਹਾਰਾਸ਼ਟਰ, ਮੇਘਾਲਿਆ ਆਦਿ ਵਿਚ ਵੀ ਵੇਖੀਆਂ ਗਈਆਂ ਹਨ।

ਵਿਸ਼ਵ ਪੱਧਰ 'ਤੇ ਵੀ, ਐਨ.ਆਰ.ਸੀ. ਵਾਲੀ ਬਹਿਸ ਇਕ ਵੱਡੇ ਰੁਝਾਨ ਨਾਲ ਜੁੜੀ ਹੋਈ ਹੈ। ਬ੍ਰੈਕਜ਼ਿਟ ਤੋਂ ਲੈ ਕੇ ਅਮਰੀਕਾ ਤੇ ਯੂਰਪ ਵਿਚ ਇੰਮੀਗ੍ਰੇਸ਼ਨ ਬਾਰੇ ਚਰਚਾਵਾਂ ਤੱਕ—ਹਰ ਜਗ੍ਹਾ ਸਮਾਜ ਆਪਣੀ ਪਛਾਣ ਤੇ 'ਕੌਣ ਅੰਦਰ-ਕੌਣ ਬਾਹਰ' ਦੇ ਸਵਾਲਾਂ ਨਾਲ ਜੂਝ ਰਹੇ ਹਨ। ਭਾਰਤ ਇਕੱਲਾ ਨਹੀਂ, ਪਰ ਇਸ ਦੇ ਲੋਕਤੰਤਰਕ ਮੁੱਲ ਮੰਗ ਕਰਦੇ ਹਨ ਕਿ ਹੱਲ ਸੰਮਲਿਤ, ਮਨੁੱਖੀ ਤੇ ਸੰਵਿਧਾਨਿਕ ਹੋਵੇ।

ਅਸਾਮ ਅਤੇ ਭਾਰਤ ਲਈ ਅੱਗੇ ਦਾ ਰਾਹ ਇਹ ਹੈ ਕਿ ਗੈਰ-ਕਾਨੂੰਨੀ ਪਰਵਾਸੀ ਬਾਰੇ ਵਾਜਬ ਚਿੰਤਾਵਾਂ ਅਤੇ ਆਮ ਲੋਕਾਂ ਦੇ ਹੱਕਾਂ ਵਿਚਕਾਰ ਸੰਤੁਲਨ ਬਣਾਇਆ ਜਾਵੇ। ਪਾਰਦਰਸ਼ੀ ਪ੍ਰਕਿਰਿਆ, ਗਰੀਬਾਂ ਲਈ ਕਾਨੂੰਨੀ ਸਹਾਇਤਾ, ਅਤੇ ਭੇਦਭਾਵ-ਰੋਕੂ ਪ੍ਰਬੰਧ ਬਹੁਤ ਜ਼ਰੂਰੀ ਹਨ। ਸਭ ਤੋਂ ਮਹੱਤਵਪੂਰਨ, ਭਾਰਤ ਨੂੰ ਆਪਣੇ ਸੰਵਿਧਾਨੀ ਆਦਰਸ਼ਾਂ ਨੂੰ ਪੁਨਰ-ਪੁਸ਼ਟਾਉਣ ਦੀ ਲੋੜ ਹੈ ਤਾਂ ਕਿ ਨਾਗਰਿਕਤਾ ਕਿਸੇ ਨੂੰ ਬਾਹਰ ਕੱਢਣ ਦਾ ਸਾਧਨ ਨਾ ਬਣੇ।

ਨੀਤੀਗਤ ਵਿਕਲਪਾਂ ਵਿਚ ਸਰਹੱਦ ਸੁਰੱਖਿਆ ਮਜ਼ਬੂਤ ਕਰਨਾ, ਅਸਾਮ ਦੇ ਵਿਕਾਸ ਵਿਚ ਨਿਵੇਸ਼ ਕਰਨਾ, ਅਤੇ ਸੰਮਲਿਤ ਰਾਜਨੀਤੀ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੋ ਸਕਦਾ ਹੈ। ਇਹ ਲੰਬੇ ਸਮੇਂ ਵਾਲੇ ਹੱਲ ਵੱਡੇ ਪ੍ਰਸ਼ਾਸਨਿਕ ਕਦਮਾਂ ਨਾਲੋਂ ਵੱਧ ਪ੍ਰਭਾਵਸ਼ਾਲੀ ਹੋ ਸਕਦੇ ਹਨ।

ਐਨ.ਆਰ.ਸੀ. ਦੀ ਬਹਿਸ ਭਾਰਤ ਦੇ ਲੋਕਤੰਤਰ ਲਈ ਇਕ ਲਿਟਮਸ-ਟੈਸਟ ਹੈ। ਇਸਦੇ ਕੇਂਦਰ ਵਿਚ ਇਕ ਸਵਾਲ ਹੈ: 'ਕੌਣ ਭਾਰਤ ਨਾਲ ਸਬੰਧਤ ਹੈ?' ਇਸਦਾ ਜਵਾਬ ਭਾਰਤ ਦੀ ਬਹੁਗੁਣਤਾ, ਸੰਵਿਧਾਨਿਕ ਬਰਾਬਰੀ ਅਤੇ ਮਨੁੱਖਤਾ ਪ੍ਰਤੀ ਪ੍ਰਤੀਬੱਧਤਾ ਨੂੰ ਦਰਸਾਉਣਾ ਹੋਣਾ ਚਾਹੀਦਾ ਹੈ। ਦੁਨੀਆਂ ਵੀ ਦੇਖ ਰਹੀ ਹੈ ਅਤੇ ਡਾਇਸਪੋਰਾ ਵੀ। ਭਾਰਤ ਇਸ ਚੁਣੌਤੀ ਦਾ ਕਿਵੇਂ ਸਾਹਮਣਾ ਕਰਦਾ ਹੈ ਕਿਉਂਕਿ ਇਹ ਸਿਰਫ਼ ਅਸਾਮ ਦਾ ਹੀ ਨਹੀਂ, ਸਗੋਂ ਪੂਰੇ ਦੇਸ਼ ਦੇ ਲੋਕਤੰਤਰਕ ਭਵਿੱਖ ਦਾ ਮਾਪਦੰਡ ਹੋਵੇਗਾ। ਇਸਨੂੰ ਸੌੜੇ ਰਾਜਨੀਤਿਕ ਹਿੱਤਾਂ ਤੋਂ ਉੱਪਰ ਉੱਠ ਕੇ ਹੱਲ ਕਰਨਾ ਲੋੜੀਂਦਾ ਹੈ।

# ਕਿਤਾਬਾਂ ਪੜ੍ਹ ਕੇ ਬਣਿਆ ਅਦਾਕਾਰੀ ਦਾ ਸਰਦਾਰ - ਗੁਰਪ੍ਰੀਤ ਘੁੱਗੀ

ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਖੋਖਰ ਫੌਜੀਆਂ ਵਿਖੇ ਜਨਮੇ ਤੇ ਆਪਣੀ ਅਦਾਕਾਰੀ ਸਦਕਾ ਪੰਜਾਬੀਆਂ ਦੀ ਹਰਮਨ-ਪਿਆਰੀ ਸ਼ਖ਼ਸੀਅਤ ਬਣੇ ਗੁਰਪ੍ਰੀਤ ਘੁੱਗੀ ਨਾਲ ਜ਼ਿਆਦਾਤਰ ਲੋਕ ਫਿਲਮਾਂ ਬਾਰੇ ਹੀ ਗੱਲਾਂ ਕਰਦੇ ਹਨ, ਪਰ ਉਨ੍ਹਾਂ ਦੀ ਇੱਕ ਅਦਾਕਾਰ ਦੇ ਨਾਲ-ਨਾਲ ਇੱਕ ਆਦਰਸ਼ ਇਨਸਾਨ ਵਜੋਂ ਉਭਰੀ ਸ਼ਖ਼ਸੀਅਤ ਦੇ ਸਫ਼ਰ ਬਾਰੇ ਕਦੇ ਕੋਈ ਗੱਲ ਨਹੀਂ ਕਰਦਾ। ਪਿਛਲੇ ਦਿਨੀਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਰਚਾਏ ਗਏ ਇੱਕ ਸਮਾਗਮ 'ਕਿਤਾਬਾਂ ਨਾਲ ਮੇਰਾ ਰਿਸ਼ਤਾ' ਦੌਰਾਨ ਗੁਰਪ੍ਰੀਤ ਘੁੱਗੀ ਦੀਆਂ ਵਿਲੱਖਣ ਤੇ ਸੇਧਗਾਰ ਗੱਲਾਂ ਸੁਣਨ ਦਾ ਸਬੱਬ ਬਣਿਆ। ਜਿਸ ਦੌਰਾਨ ਉਨ੍ਹਾਂ ਆਪਣੇ ਅਦਾਕਾਰ ਬਣਨ ਦਾ ਸਮੁੱਚਾ ਸਿਹਰਾ ਹੀ ਕਿਤਾਬਾਂ ਦੇ ਸਿਰ ਬੰਨ੍ਹ ਦਿੱਤਾ।

ਗੁਰਪ੍ਰੀਤ ਸਿੰਘ ਵੜੈਚ ਉਰਫ਼ ਗੁਰਪ੍ਰੀਤ ਘੁੱਗੀ ਨੇ ਸੰਵਾਦ ਦੀ ਸ਼ੁਰੂਆਤ ਸਕੂਲ 'ਚ ਪਹਿਲਾ

ਡਾ. ਸੁਖਦਰਸ਼ਨ ਸਿੰਘ ਚਹਿਲ

ਕਦਮ ਰੱਖਣ ਤੋਂ ਕਰਦਿਆ ਦੱਸਿਆ ਕਿ ਅੱਖਰ ਗਿਆਨ ਤੋਂ ਬਾਅਦ ਜਦੋਂ ਉਹ ਸ਼ਬਦ ਪੜ੍ਹਨ ਲੱਗਿਆ ਤਾਂ ਉਸ ਨੇ ਸਭ ਤੋਂ ਪਹਿਲਾਂ ਕਿਤਾਬਾਂ-ਕਾਪੀਆਂ 'ਤੇ ਛਪੇ ਇੱਕ ਲੋਗੋ 'ਚੋਂ 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦੇ ਅਰਥ ਆਪਣੇ ਪਿਤਾ ਜੀ ਤੋਂ ਪੁੱਛੇ ਤਾਂ ਉਨ੍ਹਾਂ ਸਮਝਾਇਆ ਕਿ ਜੋ ਵਿਅਕਤੀ ਗਿਆਨ ਹਾਸਿਲ ਕਰ ਲੈਂਦਾ ਹੈ ਉਹ ਆਪਣੀ ਭਲਾਈ ਦੇ ਨਾਲ-ਨਾਲ ਹੋਰਨਾਂ ਦੀ ਭਲਾਈ ਕਰਨ ਦੇ ਵੀ ਸਮਰੱਥ ਹੋ ਜਾਂਦਾ ਹੈ। ਇਸ ਸਤਰ ਨੂੰ ਪੱਲੇ ਬੰਨ੍ਹ ਕੇ ਘੁੱਗੀ ਨੇ ਨਿਸ਼ਠਾ ਨਾਲ ਪੜ੍ਹਾਈ ਕਰਨ ਦਾ ਪ੍ਰਣ ਕਰ ਲਿਆ ਅਤੇ ਗਿਆਨ ਦੀ ਤਾਕਤ ਸਮਝਣ ਲੱਗਿਆ।

ਘੁੱਗੀ ਨੇ ਆਪਣੇ ਬਚਪਨ ਦੇ ਗੁਰਬਤ ਭਰੇ ਦਿਨਾਂ ਬਾਰੇ ਦੱਸਿਆ ਕਿ ਉਸ ਦੇ ਪਿਤਾ ਜੀ ਨੇ ਇੱਕ ਸੈਨਿਕ ਵਜੋਂ ਦੇਸ਼ ਲਈ 1962, 65 ਤੇ 71 ਦੀਆਂ ਲੜਾਈਆਂ ਲੜੀਆਂ ਤੇ ਬਾਅਦ 'ਚ ਵੀ ਉਨ੍ਹਾਂ ਪਰਿਵਾਰ ਪਾਲਣ ਲਈ ਸੰਘਰਸ਼ ਕੀਤਾ। ਅਜਿਹੇ ਦਿਨਾਂ ਦੌਰਾਨ ਵੀ ਉਨ੍ਹਾਂ ਦੇ ਘਰ ਭਾਵੇਂ ਇੱਕ ਡੰਗ ਸਬਜ਼ੀ ਨਾ ਬਣਦੀ, ਪਰ 'ਨਾਗਮਣੀ' ਰਸਾਲਾ ਜ਼ਰੂਰ ਆਉਂਦਾ ਸੀ ਕਿਉਂਕਿ ਉਸ ਦਾ ਭਰਾ ਛੋਟੀ ਉਮਰ ਤੋਂ ਹੀ ਸਾਹਿਤ ਪੜ੍ਹਨ ਲੱਗ ਗਿਆ ਸੀ। ਦੇਖਾ-ਦੇਖੀ ਘੁੱਗੀ ਵੀ ਬਚਪਨ ਤੋਂ ਹੀ 'ਨਾਗਮਣੀ' ਪੜ੍ਹਨ ਲੱਗ ਗਿਆ ਭਾਵੇਂ ਉਸ ਨੂੰ ਬਹੁਤੀ ਸਮਝ ਨਾ ਪੈਂਦੀ। ਪਰ ਇੰਨੀ ਕੁ ਸਮਝ ਜ਼ਰੂਰ ਸੀ ਕਿ ਉਸ ਦੇ ਪੱਲੇ ਕੁਝ ਨਹੀਂ ਪੈ ਰਿਹਾ। ਘੁੱਗੀ ਨੇ ਦੱਸਿਆ ਕਿ ਉਸ ਦੇ ਪਿਤਾ ਜੀ ਧੂਫ਼ ਬਣਾ ਕੇ ਵੇਚਣ ਦਾ ਕੰਮ ਕਰਦੇ ਸਨ। ਘੁੱਗੀ ਦੇ ਨਾਮ ਦੇ ਪਿਛਲੇ ਦੋ ਅੱਖਰਾਂ ਦੇ ਨਾਮ 'ਤੇ ਉਨ੍ਹਾਂ ਆਪਣੇ ਬਰਾਂਡ ਦੀ ਅਗਰਬੱਤੀ ਦਾ ਨਾਮ 'ਪ੍ਰੀਤ ਬਹਾਰ' ਰੱਖਿਆ ਹੋਇਆ ਸੀ ਅਤੇ ਡੱਬੀ 'ਤੇ ਉਸ ਦੇ ਵੱਡੇ ਭਰਾ ਦੀ ਤਸਵੀਰ ਲੱਗੀ ਹੁੰਦੀ ਸੀ। ਉਹ ਹਰ ਰੋਜ਼ ਸਵੇਰੇ ਧੂਫ਼ ਡੱਬੀਆਂ 'ਚ ਬੰਦ (ਪੈਕ) ਕਰ ਕੇ ਸਕੂਲ ਜਾਂਦੇ ਅਤੇ ਉਨ੍ਹਾਂ ਦੇ ਪਿਤਾ ਜੀ ਨਿੱਤ ਧੂਫ਼ ਵੇਚਣ ਜਾਂਦੇ ਸਨ। ਉਨ੍ਹਾਂ ਦੇ ਪਿਤਾ ਜੀ ਧੂਫ਼ ਨੂੰ ਸਾਂਭਣ ਲਈ ਰੱਦੀ ਲੈ ਕੇ ਆਉਂਦੇ ਸਨ। ਕਾਗਜ਼ ਵਧੀਆ ਹੋਣ ਕਰਕੇ ਉਹ ਉਸ ਸਮੇਂ ਦੇ ਚਰਚਿਤ ਰਸਾਲੇ 'ਸੋਵੀਅਤ ਸੰਘ' ਨੂੰ ਰੱਦੀ ਵਾਲੇ ਤੋਂ ਖਰੀਦ ਕੇ ਲਿਆਉਂਦੇ, ਜੋ ਇੱਕ ਰੁਪਏ ਦੇ ਦਸ ਕਿਲੋ ਆ ਜਾਂਦੇ ਸਨ। ਉਹ ਦੋਨੋਂ ਭਰਾ ਪਹਿਲਾ ਇਹ ਰਸਾਲੇ ਪੜ੍ਹਦੇ ਤੇ ਫਿਰ ਉਸ ਦੀ ਰੱਦੀ ਵਜੋਂ ਵਰਤੋਂ ਕਰਦੇ। ਘੁੱਗੀ ਨੇ ਦੱਸਿਆ





ਕਿ ਉਨ੍ਹਾਂ ਦੇ ਪਿਤਾ ਜੀ ਵਿਹਲੇ ਸਮੇਂ 'ਚ ਸਾਰੇ ਪਰਿਵਾਰ ਨੂੰ ਬਿਠਾ ਕੇ ਗੁਰੂ ਸਾਹਿਬਾਨ ਦੀਆਂ ਸਾਖੀਆਂ ਪੜ੍ਹ ਕੇ ਸੁਣਾਉਂਦੇ। ਹੌਲੀ-ਹੌਲੀ ਘੁੱਗੀ ਦੀ ਰੁਚੀ ਇੰਨੀ ਵਧ ਗਈ ਕਿ ਉਹ ਪਿਤਾ ਜੀ ਦੇ ਸੁਣਾਉਣ ਤੋਂ ਪਹਿਲਾਂ ਹੀ ਸਾਖੀ ਪੜ੍ਹ ਲੈਂਦਾ।

ਉਹ ਦੱਸਦਾ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਦੇ ਜੋ ਕੁਝ ਅਸੂਲ ਬਣਾਏ ਹੋਏ ਹਨ ਉਹ ਕਿਤਾਬਾਂ ਤੋਂ ਹੀ ਸਿੱਖੇ ਹਨ। ਇੱਕ ਵਾਰ 'ਨਾਗਮਣੀ' ਦੇ ਸਰਵਰਕ 'ਤੇ ਛਪਿਆ ਸੀ, 'ਪੈਰਾਂ ਦੀ ਅਸਾਂ ਨਿਆਜ਼ ਚੜਾਈ ਰਾਹਾਂ ਦੀ ਦਰਗਾਹ', ਇਨ੍ਹਾਂ ਸ਼ਬਦਾਂ ਨੇ ਘੁੱਗੀ ਨੂੰ ਡਟ ਕੇ ਮਿਹਨਤ ਕਰਨ ਲਈ ਪ੍ਰੇਰਿਆ। ਫਿਰ ਉਸ ਨੇ ਬਾਬਾ ਬੁੱਲੇ ਸ਼ਾਹ ਦੇ ਸ਼ਬਦ 'ਬੁੱਲਿਆ ਤੈਨੂੰ ਕਾਫ਼ਰ ਕਾਫ਼ਰ ਆਖਦੇ ਤੂੰ ਆਹੋ ਆਹੋ ਆਖ' ਪੜ੍ਹੇ, ਜਿਨ੍ਹਾਂ ਨੂੰ ਉਸ ਨੇ ਆਪਣੀ ਜ਼ਿੰਦਗੀ ਦਾ ਮੂਲ ਮੰਤਰ ਹੀ ਬਣਾ ਲਿਆ ਕਿ ਚੁਗਲੀ-ਨਿੰਦਿਆ ਕਰਨ ਵਾਲੇ ਨਾਲ ਬਹਿਸ ਨਾ ਕਰੋ। ਫਿਰ ਗੀਤਾ 'ਚੋਂ ਪੜ੍ਹੇ 'ਕਰਮ ਕਰ ਫਲ ਦੀ ਇੱਛਾ ਨਾ ਰੱਖ' ਸ਼ਬਦਾਂ ਤੋਂ ਸਿੱਖਿਆ ਕਿ ਜੇਕਰ ਅਸੀਂ ਕੋਈ ਕੰਮ ਫਲ ਦੀ ਇੱਛਾ ਰੱਖ ਕੇ ਕਰਦੇ ਹਾਂ ਤਾਂ ਉਹ ਸੌਦਾ (ਡੀਲ) ਹੁੰਦਾ ਹੈ ਨਾ ਕਿ ਕਰਤਬ। ਚੌਥੇ ਸਭ ਤੋਂ ਵੱਡੇ ਉਪਦੇਸ਼ 'ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ' ਨੇ ਤਾਂ ਉਸ ਦੀ ਜੀਵਨ-ਜਾਚ ਦਾ ਨਜ਼ਰੀਆ ਹੀ ਬਦਲ ਦਿੱਤਾ ਕਿ ਹਮੇਸ਼ਾ ਸੱਚ ਦੀ ਜਿੱਤ ਹੁੰਦੀ ਹੈ ਤੇ ਇਸੇ ਰਾਹ ਤੁਰਿਆ ਚੱਲ। ਘੁੱਗੀ ਦਾ ਮੰਨਣਾ ਹੈ ਕਿ ਕਦੇ ਵੀ ਕਿਸੇ ਵਿਅਕਤੀ ਦੇ ਲਗਨ ਠੰਢੇ ਨਹੀਂ ਹੁੰਦੇ ਸਗੋਂ ਉਸ ਦੀ ਲਗਨ ਠੰਢੀ ਹੁੰਦੀ ਹੈ ਜਿਸ ਕਾਰਨ ਉਹ ਹੋਰਨਾਂ ਤੋਂ ਪਛੜ ਜਾਂਦਾ ਹੈ। ਕਿਤਾਬਾਂ/ਗ੍ਰੰਥਾਂ 'ਚੋਂ ਮਿਲੇ ਇਸ ਗਿਆਨ ਸਦਕਾ ਹੀ ਉਹ ਵਕਤ ਵੱਲੋਂ ਮਾਰੇ ਜਾਂਦੇ ਥਪੇੜਿਆਂ ਦਾ ਜੁਆਬ ਸਮੇਂ ਨੂੰ ਲੱਤਾਂ ਮਾਰ-ਮਾਰ ਕੇ ਦਿੰਦਾ ਗਿਆ।

ਪੂਰੀ ਸੂਝ ਨਾਲ ਪੜ੍ਹੀ ਆਪਣੀ ਪਹਿਲੀ ਕਿਤਾਬ ਬਾਰੇ ਗੁਰਪ੍ਰੀਤ ਘੁੱਗੀ ਦੱਸਦਾ ਹੈ ਕਿ ਇਹ ਪੁਸਤਕ ਸੀ, ਸ਼ਹੀਦ ਭਗਤ ਸਿੰਘ ਦੀ ਰਚਨਾ 'ਮੈਂ ਨਾਸਤਿਕ ਕਿਉਂ ਹਾਂ'। ਜਿਸ ਦੇ ਆਖ਼ਰੀ ਪੰਨਿਆਂ 'ਤੇ ਦਰਜ ਸਤਰਾਂ 'ਇਹ ਮੇਰੀ ਵਿਚਾਰਧਾਰਾ ਹੈ। ਮੈਂ ਆਪਣੀ ਵਿਚਾਰਧਾਰਾ ਆਪ ਬਣਾਈ ਹੈ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਮੇਰੇ ਅਨੁਯਾਈ ਬਣੋ। ਮੈਂ ਚਾਹੁੰਦਾ ਹਾਂ ਕਿ ਤੁਸੀਂ ਆਪਣੀ ਵਿਚਾਰਧਾਰਾ ਖ਼ੁਦ ਸਿਰਜੋ।' ਨੇ ਉਸ ਨੂੰ ਆਪਣੀ ਵਿਲੱਖਣ ਪਛਾਣ ਬਣਾਉਣ ਲਈ ਉਤਸ਼ਾਹਿਤ ਕੀਤਾ। ਘੁੱਗੀ ਦਾ ਕਹਿਣਾ ਹੈ ਕਿ ਅਸੀਂ ਭਾਵੇਂ ਗਿਆਨ ਕਿਤਾਬਾਂ 'ਚੋਂ ਹਾਸਿਲ ਕਰਦੇ ਹਾਂ ਪਰ ਕਿਤਾਬਾਂ ਦੁਨੀਆ ਭਰ ਦੇ ਦਾਰਸ਼ਨਿਕਾਂ ਵੱਲੋਂ ਆਪਣੇ ਤਜਰਬਿਆਂ ਰਾਹੀਂ ਹਾਸਿਲ ਕੀਤੇ ਗਿਆਨ ਨੂੰ ਸੰਭਾਲਦੀਆਂ ਹਨ। ਇਸੇ ਕਰਕੇ ਮਨੁੱਖ ਦੀ ਕਲਮ ਤੇ ਕਾਗਜ਼ ਨਾਲ ਸਦੀਆਂ ਤੋਂ ਸਾਂਝ ਚੱਲੀ ਆ ਰਹੀ ਹੈ। ਘੁੱਗੀ ਦਾ ਵਿਚਾਰ ਹੈ ਕਿ ਪੁਸਤਕਾਂ ਸਾਨੂੰ ਭਵਿੱਖ ਦਾ ਰਾਹ ਦਿਖਾਉਣ ਤੋਂ ਪਹਿਲਾ ਆਪਣੇ ਇਤਿਹਾਸ ਬਾਰੇ ਜਾਣੂ ਕਰਵਾਉਂਦੀਆਂ ਹਨ, ਜੋ ਸਾਡੇ ਅੰਦਰ ਨਵੀਂ ਰੌਸ਼ਨੀ ਪੈਦਾ ਕਰਦਾ ਹੈ। ਭਾਵ ਰਚਨਾ ਹੀ ਰਸਨਾ ਬਣਦੀ ਹੈ ਅਤੇ ਗਿਆਨ ਦੇ ਸਰੋਤ (ਰਸਨਾ) ਹੀ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦੇ ਰਹਿੰਦੇ ਹਨ।

ਪੁਸਤਕ ਪੜ੍ਹਨ ਲਈ ਨਵੀਂ ਪੀੜ੍ਹੀ ਨੂੰ ਪ੍ਰੇਰਿਤ ਕਰਨ ਬਾਰੇ ਘੁੱਗੀ ਨੇ ਬੜੀ ਦਿਲਚਸਪ ਗੱਲ ਸੁਣਾਈ ਕਿ ਬਚਪਨ ਤੋਂ ਹੀ ਕਿਤਾਬਾਂ ਪੜ੍ਹਦਾ ਆ ਰਿਹਾ ਹੈ। ਜਦੋਂ ਉਹ ਘਰ ਬੈਠਾ ਕੋਈ ਕਿਤਾਬ ਪੜ੍ਹ ਰਿਹਾ ਹੁੰਦਾ ਤਾਂ ਉਸ ਦਾ ਪੁੱਤਰ ਆਪਣੇ ਬਚਪਨ 'ਚ ਹੀ ਕਿਤਾਬਾਂ ਬਾਰੇ ਪੁੱਛਣ ਲੱਗ ਗਿਆ ਤੇ ਉਹ ਉਸ ਦੀ ਉਮਰ ਮੁਤਾਬਕ ਕਿਤਾਬ ਦੇ ਵਿਸ਼ੇ ਬਾਰੇ ਕੁਝ ਗੱਲਾਂ ਦੱਸ ਦਿੰਦਾ ਸੀ। ਹੌਲੀ-ਹੌਲੀ ਉਹ ਵੀ ਕਿਤਾਬਾਂ ਫਰੋਲਣ ਲੱਗ ਗਿਆ ਤੇ ਉਸ ਲਈ ਘੁੱਗੀ ਨੇ ਛੋਟੀਆਂ-ਛੋਟੀਆਂ ਕਿਤਾਬਾਂ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਉਹ ਸਕੂਲੀ ਜੀਵਨ ਦੌਰਾਨ ਹੀ ਵਧੀਆ ਪਾਠਕ ਬਣ ਗਿਆ। ਕੁਝ ਸਮਾਂ ਪਹਿਲਾਂ ਦੀ ਗੱਲ ਕਰਦਿਆਂ ਗੁਰਪ੍ਰੀਤ ਨੇ ਦੱਸਿਆ ਕਿ ਇੱਕ ਦਿਨ ਉਹ 'ਪੰਜਵਾਂ ਸਾਹਿਬਜ਼ਾਦਾ' ਕਿਤਾਬ ਪੜ੍ਹ ਰਿਹਾ ਸੀ ਤਾਂ ਉਸ ਦੇ ਪੁੱਤਰ ਨੇ ਪੁੱਛਿਆ ਕਿ ਕਿੰਨੀ ਕੁ ਪੜ੍ਹਨੀ ਬਾਕੀ ਰਹਿ ਗਈ ਤਾਂ ਉਸ ਨੇ ਦੱਸਿਆ ਕਿ ਵੀਹ ਕੁ ਸਫ਼ੇ ਬਾਕੀ ਰਹਿ ਗਏ। ਉਸ ਦੇ ਪੁੱਤਰ ਨੇ ਕਿਹਾ ਕਿ ਉਹ 'ਪਿਉਂਦ' ਸਿਰਲੇਖ ਵਾਲੀ ਕਿਤਾਬ ਪੜ੍ਹ ਰਿਹਾ ਹੈ ਜੋ ਉਸ ਦੇ ਦਾਦਾ ਜੀ ਨੇ ਦਿੱਤੀ ਹੈ। ਪੁੱਤਰ ਨੇ ਘੁੱਗੀ ਨੂੰ ਕਿਹਾ ਕਿ ਉਹ 'ਪੰਜਵਾਂ ਸਾਹਿਬਜ਼ਾਦਾ' ਪੜ੍ਹ ਕੇ ਉਸ ਨੂੰ ਦੇ ਦੇਣ ਤੇ ਉਹ 'ਪਿਉਂਦ' ਮੁਕਾ ਕੇ ਦੇ ਦੇਵੇਗਾ। ਘੁੱਗੀ ਇਹ ਗੱਲ ਸੁਣਾਉਂਦਿਆਂ ਭਾਵੁਕ ਹੋ ਗਿਆ ਕਿ ਜਦੋਂ ਪੋਤਰੇ ਤੇ ਦਾਦੇ ਵਿਚਕਾਰ ਕਿਤਾਬਾਂ ਦੀ ਸਾਂਝ ਹੋ ਜਾਵੇ ਤੇ ਪੁੱਤ, ਪਿਉ ਨੂੰ ਕੋਈ ਪੁਸਤਕ ਪੜ੍ਹਨ ਲਈ ਪ੍ਰੇਰਿਤ ਕਰੇ ਤਾਂ ਪਿਉ ਲਈ ਇਸ ਤੋਂ ਵੱਡੀ ਦੌਲਤ ਤੇ ਖ਼ੂਬਸੂਰਤ ਰਿਸ਼ਤਾ ਕੋਈ ਹੋਰ ਨਹੀਂ ਹੋ ਸਕਦਾ। ਘੁੱਗੀ ਦਾ ਮੰਨਣਾ ਹੈ ਕਿ ਬੱਚੇ ਪਾਲਣਾ ਇੱਕ ਕਲਾ ਨਹੀਂ ਸਗੋਂ ਸਾਧਨਾ ਹੈ। ਬੱਚਿਆਂ ਨੂੰ ਕਿਤਾਬਾਂ ਨਾਲ ਜੋੜਨਾ ਇਸੇ ਸਾਧਨਾ ਦੀ ਵੱਡੀ ਤੇ ਸੌਖੀ ਕੜੀ ਹੈ। ਇਸ ਕਾਰਜ ਲਈ ਮਾਪਿਆਂ ਨੂੰ ਬੱਚਿਆਂ ਲਈ ਖ਼ੁਦ ਇੱਕ ਵਧੀਆ ਪਾਠਕ ਵਜੋਂ ਆਦਰਸ਼ ਬਣਨਾ ਚਾਹੀਦਾ ਹੈ। ਹੋ ਸਕੇ ਤਾਂ ਹਰੇਕ ਘਰ 'ਚ ਇੱਕ ਲਾਇਬਰੇਰੀ ਜ਼ਰੂਰ ਹੋਣੀ ਚਾਹੀਦੀ ਹੈ ਭਾਵੇਂ ਵੱਡੀ ਹੋਵੇ ਜਾਂ ਛੋਟੀ। ਜਿਸ 'ਚ ਸ਼ਾਮਲ ਪੁਸਤਕਾਂ ਨੂੰ ਇੱਕ ਪੀੜ੍ਹੀ ਨਹੀਂ ਪੜ੍ਹੇਗੀ ਤਾਂ ਦੂਸਰੀ ਜ਼ਰੂਰ ਪੜ੍ਹੇਗੀ। ਕਿਤਾਬਾਂ ਦਾ ਬਜ਼ੁਰਗਾਂ ਵਾਂਗ ਸਤਿਕਾਰ ਕਰੋ ਉਹ ਸਾਨੂੰ ਅਸੀਸਾਂ ਦਿੰਦੀਆਂ ਹਨ ਤੇ ਅਸੀਸਾਂ ਨਾਲ ਸਾਡਾ ਜੀਵਨ ਸੰਵਰਦਾ ਹੈ। ਉਸ ਨੇ ਆਪਣੇ ਘਰ 'ਚ ਬਣੀ ਲਾਇਬਰੇਰੀ ਬਾਰੇ ਵੀ ਦੱਸਿਆ।

ਅਦਾਕਾਰ ਬਣਨ ਸਬੰਧੀ ਵੀ ਘੁੱਗੀ ਨੇ ਕਿਤਾਬਾਂ ਨਾਲ ਜੁੜਿਆ ਰੌਚਕ ਕਿੱਸਾ ਸੁਣਾਇਆ। ਉਹ ਅਕਸਰ ਹੀ ਆਪਣੇ ਪਾਠਕ੍ਰਮ ਦੀਆਂ ਪੁਸਤਕਾਂ ਦੇ ਨਾਲ-ਨਾਲ ਆਪਣੇ ਤੋਂ ਚਾਰ ਜਮਾਤਾਂ ਅੱਗੇ ਵੱਡੇ ਭਰਾ ਦੀਆਂ ਕਿਤਾਬਾਂ ਵੀ ਪੜ੍ਹ ਲੈਂਦਾ ਸੀ। ਜਦੋਂ ਉਹ ਪੰਜਵੀਂ ਜਮਾਤ 'ਚ ਸੀ ਤਾਂ ਸਕੂਲ ਅਧਿਆਪਕਾ ਨੇ ਉਨ੍ਹਾਂ ਨੂੰ ਸਕੂਲ ਦੇ ਇੱਕ ਸਮਾਗਮ ਲਈ ਗੀਤ ਗਾਉਣ ਜਾਂ ਸਕਿੱਟ/ਨਾਟਕ ਸੰਗੀਤ ਜਾਂ ਕੋਈ ਹੋਰ ਆਈਟਮ ਤਿਆਰ ਕਰਨ ਲਈ ਕਿਹਾ। ਉਸ ਨੂੰ ਗਾਉਣਾ ਤਾਂ ਆਉਂਦਾ ਨਹੀਂ ਸੀ ਤੇ ਉਸ ਨੇ ਅਧਿਆਪਕਾ ਤੋਂ ਸਕਿੱਟ/ਨਾਟਕ ਬਾਰੇ ਪੁੱਛਿਆ ਤਾਂ ਅਧਿਆਪਕਾ ਨੇ ਇਸ ਬਾਰੇ ਜਾਣਕਾਰੀ ਦਿੱਤੀ। ਅਧਿਆਪਕਾ ਦੀ ਗੱਲ ਸੁਣ ਕੇ ਉਸ ਨੇ ਪਹਿਲਾਂ ਹੀ ਪੜ੍ਹੀ ਨੌਵੀਂ ਜਮਾਤ ਦੀ ਪੰਜਾਬੀ ਪਾਠ ਪੁਸਤਕ 'ਚ ਸ਼ਾਮਲ 'ਧੰਨਾ ਸਿੰਘ ਬੱਬਰ' ਇਕਾਂਗੀ ਖੇਡਣ ਦੀ ਆਗਿਆ ਲੈ ਲਈ ਅਤੇ ਆਪਣੇ ਸਾਥੀਆਂ ਨਾਲ ਮਿਲ ਕੇ ਇਕਾਂਗੀ ਤਿਆਰ ਕਰ ਲਿਆ। ਘੁੱਗੀ ਨੇ ਇਸ ਵਿਚ ਧੰਨਾ ਸਿੰਘ ਬੱਬਰ ਦੀ ਭੂਮਿਕਾ ਨਿਭਾਈ ਤੇ ਇਸ ਦਾ ਨਿਰਦੇਸ਼ਨ ਵੀ ਖ਼ੁਦ ਕੀਤਾ। ਇਸ ਤਰ੍ਹਾਂ ਘੁੱਗੀ ਮੰਨਦਾ ਹੈ ਕਿ ਇੱਕ ਕਿਤਾਬ ਨੇ ਉਸ ਨੂੰ ਅਦਾਕਾਰ ਬਣਨ ਦੇ ਰਾਹ ਪਾ ਦਿੱਤਾ।

ਘੁੱਗੀ ਆਪਣੀ ਅਦਾਕਾਰੀ ਦੀਆਂ ਸਾਹਿਤ ਨਾਲ ਜੁੜੀਆਂ ਪ੍ਰਾਪਤੀਆਂ ਬਾਰੇ ਦੱਸਦਾ ਹੈ ਕਿ ਉਸ ਨੂੰ ਮਾਣ ਹੈ ਕਿ ਨਾਮਵਰ ਲੇਖਕ ਓਮ ਪ੍ਰਕਾਸ਼ ਗਾਸੋ ਦੀ ਰਚਨਾ 'ਬੁਝ ਰਹੀ ਬੱਤੀ ਦਾ ਚਾਨਣ' 'ਤੇ ਅਧਾਰਤ ਲੜੀਵਾਰ 'ਪਰਛਾਵੇਂ' 'ਚ ਬੁਲਾਰੇ ਦਾ ਕਿਰਦਾਰ ਨਿਭਾਇਆ। ਜਿਸ ਦੌਰਾਨ ਉਸ ਨੂੰ ਅਹਿਸਾਸ ਹੋਇਆ ਕਿ ਉਹ ਓਮ ਪ੍ਰਕਾਸ਼ ਗਾਸੋ ਹੀ ਬਣ ਗਿਆ। ਫਿਰ ਗਾਸੋ ਜੀ ਨੇ ਇਸੇ ਲੜੀਵਾਰ 'ਤੇ ਪੁਸਤਕ 'ਪਰਛਾਵੇਂ' ਵੀ ਲਿਖੀ। ਇਸ ਤੋਂ ਇਲਾਵਾ ਘੁੱਗੀ ਨੇ ਅੰਮ੍ਰਿਤਾ ਪ੍ਰੀਤਮ, ਮੋਹਨ ਭੰਡਾਰੀ ਤੇ ਜਸਬੀਰ ਭੁੱਲਰ ਹੋਰਾਂ ਦੀਆਂ ਕਹਾਣੀਆਂ 'ਤੇ ਅਧਾਰਤ ਲੜੀਵਾਰ/ਲਘੂ ਫਿਲਮਾਂ 'ਚ ਵੀ ਕੰਮ ਕੀਤਾ। ਘੁੱਗੀ ਨੇ ਦੱਸਿਆ ਕਿ ਧੁੱਗਾ ਦੇ ਚਰਚਿਤ ਨਾਵਲ 'ਚਾਲੀ ਦਿਨ' 'ਤੇ ਇੱਕ ਫਿਲਮ ਬਣ ਰਹੀ ਹੈ, ਜਿਸ ਵਿਚ ਉਸ ਦਾ ਪੁੱਤਰ ਮੁੱਖ ਭੂਮਿਕਾ ਨਿਭਾ ਰਿਹਾ ਹੈ ਅਤੇ ਉਹ ਖ਼ੁਦ ਵੀ ਫ਼ਕੀਰ ਦਾ ਕਿਰਦਾਰ ਨਿਭਾ ਰਿਹਾ ਹੈ। ਘੁੱਗੀ ਦਾ ਮੰਨਣਾ ਹੈ ਕਿ ਉਸ ਨੇ ਕਿਤਾਬਾਂ ਤੋਂ ਇੰਨੀਆਂ ਕੁ ਗੱਲਾਂ ਸਿੱਖ ਲਈਆਂ ਹਨ ਕਿ ਉਹ ਸਿਰਫ਼ ਉਨ੍ਹਾਂ ਗੱਲਾਂ ਨਾਲ ਆਪਣਾ ਘਰ ਚਲਾ ਸਕਦਾ ਹੈ। ਘੁੱਗੀ ਨੇ ਆਪਣੀ ਗੱਲਬਾਤ ਸਮੇਟਦਿਆਂ ਕਿਹਾ ਕਿ ਜੇਕਰ ਦੁਨੀਆ 'ਚੋਂ ਨਫ਼ਰਤ ਖ਼ਤਮ ਕਰਨੀ ਹੈ ਤਾਂ ਵਿਚਾਰਵਾਨ ਬਣੋ, ਵਿਚਾਰਵਾਨ ਬਣਨ ਲਈ ਕਿਤਾਬਾਂ ਪੜ੍ਹਨੀਆਂ ਲਾਜ਼ਮੀ ਹਨ।

# ਵਿੱਦਿਅਕ ਅਦਾਰੇ ਵੀ ਪਏ ਠੱਗੀਆਂ ਦੇ ਰਾਹ!

ਬਹੁ-ਮੰਜ਼ਲੀਆਂ ਇਮਾਰਤਾਂ ਵਿਚ ਬਣੇ ਜਿਵੇਂ ਕੁਝ ਪ੍ਰਾਈਵੇਟ ਹਸਪਤਾਲਾਂ ਵੱਲੋਂ ਮਾਰੀਆਂ ਜਾਂਦੀਆਂ ਠੱਗੀਆਂ ਬਾਰੇ ਅਕਸਰ ਪੜ੍ਹਦੇ-ਸੁਣਦੇ ਹਾਂ, ਓਵੇਂ ਹੀ ਚੰਡੀਗੜ੍ਹ ਵਿਚ ਦਿਓ ਕੱਦ ਬਿਲਡਿੰਗਾਂ ਵਿਚ ਬਣੇ ਕਈ ਵਿੱਦਿਅਕ ਅਦਾਰੇ ਵੀ ਇਸੇ ਰਾਹ ਤੁਰ ਪਏ ਹਨ, ਜਿਹੜੇ ਪ੍ਰਸ਼ਾਸਨ ਤੋਂ 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦੇ ਨਾਅਰੇ ਉਹਲੇ ਸਸਤੇ ਪਲਾਟ ਲੈ ਕੇ ਅਤੇ ਲੋਕਾਂ ਨੂੰ ਭਰਮਾਉਣ ਲਈ ਦੇਵੀ-ਦੇਵਤਿਆਂ ਤੇ ਗੁਰੂਆਂ ਦੇ ਨਾਵਾਂ ਉੱਤੇ ਨਾਂ ਰੱਖ ਕੇ ਕੰਮ 'ਸੱਜਣ ਠੱਗਾਂ' ਵਾਲੇ ਕਰਦੇ ਹਨ।



ਸ੍ਰੀਮਤੀ ਦੀ ਭਤੀਜੀ 10+2 ਕਲਾਸ ਵਿਚ ਕਾਹਦੀ ਹੋਈ, ਭੂਆ ਨੂੰ ਉਹਦੀ ਅਗਲੀ ਪੜ੍ਹਾਈ ਦੀ ਚਿੰਤਾ ਵੱਢ-ਵੱਢ ਖਾਣ ਲੱਗ ਪਈ ਕਿ ਜੇ ਚੰਗੇ ਨੰਬਰ ਨਾ ਆਏ ਫੇਰ

ਕੁਲਦੀਪ ਧਨੌਲਾ
ਫੋਨ: 94642-91023

ਚੰਡੀਗੜ੍ਹ ਵਿਚ ਦਾਖ਼ਲਾ ਮਿਲਣਾ ਔਖਾ ਹੋ ਜਾਵੇਗਾ ਕਿਉਂਕਿ ਪਿੰਡਾਂ ਤੋਂ ਆਉਣ-ਜਾਣ ਸਮੇਂ ਕੁੜੀਆਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਕੁੜੀ ਨੇ ਜਦੋਂ 92 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਤਾਂ ਭੂਆ ਨੂੰ ਐਨੀ ਖ਼ੁਸ਼ੀ ਹੋਈ, ਜਿਵੇਂ ਨੌਕਰੀ ਹੀ ਮਿਲ ਗਈ ਹੋਵੇ। ਆਖ਼ਰ ਪੜ੍ਹਾਈ ਪੱਖੋਂ ਵਧੀਆ ਸੁਣੀਂਦੇ ਕਾਲਜ ਵਿਚ ਤਾਂ ਸੀਟਾਂ 'ਫੁੱਲ' ਹੋ ਗਈਆਂ ਤੇ ਨਾ ਚਾਹੁੰਦਿਆਂ ਕੁੜੀਆਂ ਦੇ ਹੋਰ ਕਾਲਜ ਵਿਚ ਦਾਖ਼ਲਾ ਲੈਣਾ ਪੈਣਾ ਸੀ, ਜਿਸ ਦੀ ਪ੍ਰਿੰਸੀਪਲ ਨੇ ਫ਼ੀਸ ਭਰਾਉਣ ਲਈ ਲੂੰਬੜੀ ਚਾਲ ਖੇਡਦਿਆਂ ਕਿਹਾ, 'ਅਗਲੇ ਸਾਲ ਭਾਵੇਂ ਤੁਸੀਂ ਦੂਜੇ ਕਾਲਜ ਵਿਚ ਦਾਖ਼ਲਾ ਲੈ ਲਿਓ, ਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।'

ਭਰੋਸੇ ਬਾਅਦ ਕੁੜੀ ਨੇ ਬੀ-ਕਾਮ ਦੀ ਫ਼ੀਸ ਭਰ ਦਿੱਤੀ। ਅਗਲੇ ਵਰ੍ਹੇ ਭਾਵ ਦੂਜੇ ਸਾਲ ਬੇਟੀ ਨੇ ਹੋਰਨਾਂ ਕੁੜੀਆਂ ਦੇ ਨਾਲ ਇੱਥੇ ਫ਼ੀਸ ਭਰਨ ਦੇ ਨਾਲ-ਨਾਲ ਸੈਕਟਰ-50 ਵਾਲੇ ਕਾਲਜ ਦੀ ਫ਼ੀਸ ਵੀ ਭਰ ਦਿੱਤੀ, ਇੱਥੇ ਫ਼ੀਸ ਤਾਂ ਭਰਨੀ ਪਈ ਕਿ ਜੇ ਅੱਗੇ ਸੀਟ ਨਾ ਮਿਲੀ ਤੇ ਇਹ ਵੀ ਨਾ ਜਾਂਦੀ ਰਹੇ। ਜਦੋਂ ਸੈਕਟਰ-50 ਵਾਲੇ ਕਾਲਜ ਵਾਲਿਆਂ ਨੇ ਐਨਓਸੀ ਲਿਆਉਣ 'ਤੇ ਸੀਟ ਓਕੇ ਕਰਨ ਦੀ ਹਾਮੀ ਭਰ ਦਿੱਤੀ ਤਾਂ ਪ੍ਰਿੰਸੀਪਲ ਮੈਡਮ ਨੇ ਫ਼ੀਸ ਵਾਪਸੀ ਦੇ ਵਾਅਦੇ ਅਤੇ ਐਨਓਸੀ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ।

ਜਦੋਂ ਅਸੀਂ ਮੀਆਂ-ਬੀਵੀ ਕਾਲਜ ਗਏ ਤਾਂ ਪ੍ਰਿੰਸੀਪਲ ਦੇ ਸਿਰ ਚੜ੍ਹ ਕੇ ਬੋਲਣ ਵਾਲੀ ਕਾਮਰਸ ਵਾਲੀ ਇਕ ਮੈਡਮ ਸਾਨੂੰ ਕਹਿਣ ਲੱਗੀ, 'ਤੁਹਾਨੂੰ ਕਿਸ ਨੇ ਬੁਲਾਇਐ?'

ਅਸੀਂ ਕਿਹਾ, 'ਪ੍ਰਿੰਸੀਪਲ ਮੈਡਮ ਨੇ, ਕਿਉਂਕਿ ਪਹਿਲਾਂ ਸਾਡੀ ਫ਼ੋਨ 'ਤੇ ਗੱਲ ਹੋ ਚੁੱਕੀ ਸੀ।'

ਐਨੀ ਗੱਲ ਸੁਣ ਕੇ ਉਹ ਕਮਰੇ ਵਿਚੋਂ ਚਲੀ ਗਈ ਪ੍ਰੰਤੂ ਪ੍ਰਿੰਸੀਪਲ ਮੈਡਮ ਨੇ ਉਹਨੂੰ ਟੋਕਿਆ ਤਕ ਨਹੀਂ। ਜਦੋਂ ਅਸੀਂ ਪ੍ਰਿੰਸੀਪਲ ਨੂੰ ਦਾਖ਼ਲੇ ਵੇਲੇ ਕੀਤੇ ਵਾਅਦੇ ਯਾਦ ਕਰਵਾਏ ਤਾਂ ਉਹਦੇ ਉੱਤੇ ਦਲੀਲ-ਅਪੀਲ ਦਾ ਕੋਈ ਅਸਰ ਹੀ ਨਾ ਹੋਇਆ 'ਪੱਥਰ ਉੱਤੇ ਬੂੰਦ ਨਾ ਕੋਈ ਅਸਰ ਪਚਾਵੇ' ਵਾਲੀ ਗੱਲ ਹੀ ਹੋਈ ਤੇ ਘਰ ਵਾਪਸ ਆ ਗਏ। ਫੇਰ ਕਰੋਨਾ ਆ ਗਿਆ। ਤਿੰਨ ਸਾਲ ਪੂਰੇ ਹੋਣ ਉੱਤੇ ਬੇਟੀ ਨੂੰ ਓਹੀ ਬੜਬੋਲੀ ਮੈਡਮ ਕਹਿਣ ਲੱਗੀ, ਪਹਿਲਾਂ ਐਮਕਾਮ. ਦੀ ਫ਼ੀਸ ਭਰੋ, ਨਹੀਂ ਮੈਂ ਤੁਹਾਡਾ ਸਮਰ ਟਰੇਨਿੰਗ ਪ੍ਰਾਜੈਕਟ ਨਹੀਂ ਲੈਂਦੀ।'

ਜਦੋਂ ਬੇਟੀ ਨੇ ਕਿਹਾ, 'ਮੈਡਮ ਇਹ ਸਮਰ ਟਰੇਨਿੰਗ ਪ੍ਰਾਜੈਕਟ ਤਾਂ ਪਿਛਲੇ ਸਾਲ ਦਾ ਹੈ, ਜਿਸ ਦੀ ਮੈਂ ਫ਼ੀਸ ਕਾਲਜ ਨੂੰ ਦੇ ਚੁੱਕੀ ਹਾਂ। ਇਹਦੇ ਨਾਲ ਅਗਲੀ ਫ਼ੀਸ ਤੇ ਪੜ੍ਹਾਈ ਦਾ ਤਾਂ ਕੋਈ ਸਬੰਧ ਹੀ ਨਹੀਂ, ਮੈਂ ਏਥੇ ਪੜ੍ਹਾਂ, ਨਾ ਪੜ੍ਹਾਂ।'

ਕੁੜੀ ਦੀ ਐਨੀ ਗੱਲ ਕਹਿਣ ਉੱਤੇ ਮੈਡਮ ਭੜਕ ਗਈ ਤੇ ਕਮਰੇ 'ਚੋਂ ਬਾਹਰ ਜਾਂਦੀ ਹੋਈ ਕਹਿ ਗਈ, 'ਹੁਣ ਤੂੰ ਮੈਨੂੰ ਦੱਸੇਗੀ? ਕੀ ਠੀਕ ਐ, ਕੀ ਗ਼ਲਤ ਐ?'

ਇਸ ਤੋਂ ਬਾਅਦ ਅਗਲੇ ਦਿਨ ਅਸੀਂ ਫੇਰ ਦੋਵੇਂ ਮੀਆਂ-ਬੀਵੀ ਕਾਲਜ ਪਹੁੰਚ ਗਏ। ਜਦੋਂ ਪ੍ਰਿੰਸੀਪਲ ਮੈਡਮ ਨੂੰ ਮਿਲਣ ਲਈ ਕਿਹਾ ਗਿਆ ਤਾਂ ਸਾਨੂੰ ਕਾਮਰਸ ਵਾਲੀ ਮੈਡਮ ਨੂੰ ਮਿਲਣ ਲਈ ਕਿਹਾ ਗਿਆ, ਉਨ੍ਹਾਂ ਦੀ ਗੱਲ ਸੁਣ ਕੇ ਅਸੀਂ ਸਾਫ਼ ਕਹਿ ਦਿੱਤਾ ਕਿ ਕਾਮਰਸ ਵਾਲੀ ਮੈਡਮ ਦਾ ਬੋਲਣ ਦਾ ਵਿਵਹਾਰ ਠੀਕ ਨਹੀਂ, ਇਸ ਕਰਕੇ ਅਸੀਂ ਤਾਂ ਸਿਰਫ਼ ਪ੍ਰਿੰਸੀਪਲ ਨੂੰ ਹੀ ਮਿਲਣਾ ਹੈ। ਜਦੋਂ ਪ੍ਰਿੰਸੀਪਲ ਨੂੰ ਸਮਰ ਟਰੇਨਿੰਗ ਪ੍ਰਾਜੈਕਟ ਲੈਣ ਤੋਂ ਨਾਂਹ ਕਰਨ ਬਾਰੇ ਕਾਮਰਸ ਵਾਲੀ ਮੈਡਮ ਬਾਰੇ ਦੱਸਿਆ ਤਾਂ ਪ੍ਰਿੰਸੀਪਲ ਕਹਿਣ ਲੱਗੀ, 'ਇਹ ਤਾਂ ਪਿਛਲੇ ਸਾਲ ਦਾ ਹੈ, ਇਸ ਤੋਂ ਅਸੀਂ ਇਨਕਾਰ ਨਹੀਂ ਕਰ ਸਕਦੇ ਤੇ ਨਾਲ ਹੀ ਕਹਿ ਦਿੱਤਾ ਕਿ ਬੱਚੀ ਐਮ ਕਾਮ. ਦੀ ਫ਼ੀਸ ਕਿਉਂ ਨਹੀਂ ਭਰ ਰਹੀ।'

ਅਸੀਂ ਕਿਹਾ, 'ਉਹ ਤਾਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੱਤਰ-ਵਿਹਾਰ ਰਾਹੀਂ ਕਰਨਾ ਚਾਹੁੰਦੀ ਹੈ, ਤੁਸੀਂ ਐਨਓਸੀ ਦੇ ਦਿਓ ਕਿਉਂਕਿ ਉਹਦੇ ਮਾਪੇ ਐਨੀ ਫ਼ੀਸ ਨਹੀਂ ਦੇ ਸਕਦੇ। ਤਿੰਨ ਸਾਲ ਤੁਹਾਡੇ ਕਾਲਜ ਵਿਚ ਬੱਚੀ ਨੇ ਲਾ ਲਏ।'

ਪ੍ਰਿੰਸੀਪਲ ਕਹਿਣ ਲੱਗੀ, 'ਯੂਨੀਵਰਸਿਟੀ ਦੀਆਂ ਗਾਈਡ ਲਾਈਨਜ਼ ਦੇਖਾਂਗੀ ਅਤੇ ਪਰਸੋਂ ਨੂੰ ਸਾਡੀ ਮੀਟਿੰਗ ਹੈ, ਅਰਜ਼ੀ 'ਤੇ ਮੋਬਾਈਲ ਨੰਬਰ ਲਿਖ ਜਾਓ, ਅਸੀਂ ਤੁਹਾਨੂੰ ਦੱਸ ਦੇਵਾਂਗੇ?'

ਅਸਲ ਵਿਚ ਪ੍ਰਿੰਸੀਪਲ ਟਾਲਣਾ ਚਾਹੁੰਦੀ ਸੀ ਕਿਉਂਕਿ ਉਹਨੂੰ ਇਹ ਸੀ ਕਿ ਐਮ ਕਾਮ. ਦੀ ਫ਼ੀਸ ਭਰਨ ਦੀ ਤਰੀਕ ਨੇੜੇ ਆ ਰਹੀ ਹੈ, ਸੀਟ ਬਚਾਉਣ ਦੇ ਮਾਰੇ ਮਜਬੂਰੀ 'ਚ ਫ਼ੀਸ ਭਰਨਗੇ।

ਤਿੰਨ-ਚਾਰ ਦਿਨ ਜਦੋਂ ਫ਼ੋਨ ਨਾ ਆਇਆ ਤਾਂ ਅਸੀਂ ਫੇਰ ਕਾਲਜ ਚਲੇ ਗਏ ਤੇ ਪ੍ਰਿੰਸੀਪਲ ਉਲਟਾ ਸਾਨੂੰ ਕਹਿਣ ਲੱਗੀ, 'ਤੁਸੀਂ ਆਏ ਹੀ ਨਹੀਂ।'

ਅਸੀਂ ਕਿਹਾ, 'ਮੈਡਮ ਤੁਸੀਂ ਖ਼ੁਦ ਕਿਹਾ ਸੀ ਕਿ ਅਸੀਂ ਦੱਸਾਂਗੇ ਤਾਂ ਮੈਡਮ ਸੱਪ ਵਾਂਗ ਵਲ ਖਾਂਦੀ ਹੋਈ ਕਹਿਣ ਲੱਗੀ ਮੀਟਿੰਗ ਵਿਚ ਤੁਹਾਡੀ ਅਰਜ਼ੀ ਪਾਸ ਨਹੀਂ ਹੋਈ ਤੇ ਤੁਸੀਂ ਅਗਲੀ ਫ਼ੀਸ ਏਥੇ ਹੀ ਭਰ ਦਿਓ। ਅਸੀਂ ਲੋਕਲ ਕਾਲਜ ਲਈ ਐਨ.ਓ.ਸੀ. ਨਹੀਂ ਦਿੰਦੇ।'

ਅਸੀਂ ਮੈਡਮ ਦੇ ਮੂਹਰੇ ਡੀਏਵੀ, ਕਾਲਜ ਸੈਕਟਰ-10 ਅਤੇ ਗੁਰੂ ਗੋਬਿੰਦ ਕਾਲਜ, ਸੈਕਟਰ-26 ਦੀਆਂ ਕਈ ਐਨ.ਓ.ਸੀਜ਼. ਰੱਖ ਦਿੱਤੀਆਂ ਤੇ ਕਿਹਾ ਜੇ ਇਹ ਕਾਲਜ ਦੇ ਸਕਦੇ ਹਨ, ਫੇਰ ਤੁਸੀਂ ਕਿਉਂ ਨਹੀਂ ਦਿੰਦੇ।'

ਮੈਡਮ ਸਾਡੀ ਗੱਲ ਦਾ ਜਵਾਬ ਦੇਣ ਦੀ ਥਾਂ ਫੇਰ ਕਹਿਣ ਲੱਗੀ, 'ਤੁਸੀਂ ਫ਼ੀਸ ਏਥੇ ਹੀ ਭਰ ਦਿਓ।'

ਅਸੀਂ ਸਾਫ਼ ਇਨਕਾਰ ਕਰਦਿਆਂ ਕਿਹਾ, 'ਇਹ ਕਾਲਜ ਐ ਜਾਂ ਥਾਣਾ? ਬੱਚੀ ਕਾਲਜ ਕਿਉਂ ਨਹੀਂ ਬਦਲ ਸਕਦੀ? ਤੁਹਾਨੂੰ ਕੀ ਇਤਰਾਜ਼ ਐ, ਤੁਹਾਡੀ ਕੋਈ ਫ਼ੀਸ ਰਹਿੰਦੀ ਹੈ, ਤਾਂ ਦੱਸੋ? ਇਹ ਕਾਹਦੀ ਆਜ਼ਾਦੀ ਐ, ਇਹ ਗੁਲਾਮੀ ਵਾਲਾ ਹਾਲ ਐ?'

ਵਿਦਿਆ ਦੇ ਨਾਂ 'ਤੇ ਲੁਟੇਰੇ ਇਸ ਕਾਲਜ ਦੀ ਮੁਖੀ ਕੋਲ ਕੋਈ ਜਵਾਬ ਨਹੀਂ ਸੀ। ਇਸ ਤੋਂ ਇਲਾਵਾ ਪ੍ਰਿੰਸੀਪਲ ਕਿਸੇ ਨੂੰ ਕੁਰਸੀ ਉੱਤੇ ਬੈਠਣ ਲਈ ਵੀ ਨਹੀਂ ਕਹਿੰਦੀ, ਅਸੀਂ ਅੱਧਾ-ਪੌਣਾ ਘੰਟਾ ਅਪਰਾਧੀਆਂ ਵਾਂਗ ਖੜ੍ਹੇ ਹੀ ਉਹਦੇ ਨਾਲ ਬਹਿਸਦੇ ਰਹੇ ਤੇ ਕਾਲਜੋਂ ਬਾਹਰ ਆ ਕੇ ਪੰਜਾਬ ਯੂਨੀਵਰਸਿਟੀ ਵਿਚ ਬੱਚੀ ਦੀ ਫ਼ੀਸ ਭਰਨ ਲਈ ਤੁਰ ਪਏ। ਮੈਨੂੰ ਇੱਕ ਗੱਲ ਦੀ ਸਮਝ ਨਹੀਂ ਆ ਰਹੀ ਕਿ ਵਿਦਿਆਰਥੀਆਂ ਦੀਆਂ ਚੋਣਾਂ ਐਨੇ ਜ਼ੋਰ-ਸ਼ੋਰ ਨਾਲ ਲੜੀਆਂ ਜਾਂਦੀਆਂ ਹਨ ਪ੍ਰੰਤੂ ਵਿਦਿਆਰਥੀਆਂ ਖ਼ਾਸ ਕਰਕੇ ਕੁੜੀਆਂ ਨਾਲ ਅਜਿਹੀਆਂ ਧੱਕੇਸ਼ਾਹੀਆਂ ਵਿਰੁੱਧ ਵਿਦਿਆਰਥੀ ਜਥੇਬੰਦੀਆਂ ਕਿਉਂ ਨਹੀਂ ਬੋਲਦੀਆਂ?

# ਚੇਤਿਆਂ 'ਚ ਵੱਸਿਆ ਹਰਭਜਨ ਸੋਹੀ ਅਤੇ ਇਨਕਲਾਬੀ ਨਕਸਲੀ ਲਹਿਰ ਦਾ ਰੋਮਾਂਸ-5

***ਨਕਸਲੀ ਲਹਿਰ ਦੇ ਅਰੰਭਲੇ ਦਿਨਾਂ ਦੇ ਆਪਣੀਆਂ ਯਾਦਾਂ ਦੇ ਇਸ ਸਿਲਸਿਲੇ ਵਿਚ ਅਤਰਜੀਤ ਨੇ ਦੱਸਿਆ ਹੈ ਕਿ ਪ੍ਰੋ. ਸੋਹੀ ਦੀ ਅਗਵਾਈ ਹੇਠਲੇ ਨਾਗੀ ਧੜੇ ਵਿਚ ਹਰਭਜਨ ਹਲਵਾਰਵੀ ਤੇ ਗੋਬਿੰਦਰ ਸਿੰਘ ਵਰਗੇ ਉਨ੍ਹਾਂ ਦਿਨਾਂ ਵਿਚ ਇਨਕਲਾਬੀ ਰੰਗ ਵਿਚ ਰੰਗੇ ਹੋਏ ਨੌਜਵਾਨਾਂ ਦੀ ਸ਼ਮੂਲੀਅਤ ਕਿਵੇਂ ਹੋਈ। ਪੰਜਾਬ ਦੇ ਲੋਕਾਂ ਦੀ ਚੇਤਨਾ ਨੂੰ ਸਾਨ੍ਹ 'ਤੇ ਲਾਉਣ ਲਈ ਵੱਖ-ਵੱਖ ਕਸਬਿਆਂ ਵਿਚ ਸਾਹਿਤ ਸਭਾਵਾਂ ਤੇ ਨੌਜਵਾਨ ਸਭਾਵਾਂ ਕਿਸ ਉਤਸ਼ਾਹ ਨਾਲ ਬਣਾਈਆਂ ਗਈਆਂ ਅਤੇ ਵਰਿਆਮ ਸਿੰਘ ਸੰਧੂ ਵਰਗੇ ਉਭਰਦੇ ਕਹਾਣੀਕਾਰ, ਅਜਮੇਰ ਔਲਖ ਵਰਗੇ ਨਾਟਕਕਾਰ, ਅਮਰਜੀਤ ਚੰਦਨ ਵਰਗੇ ਹੋਣਹਾਰ ਕਵੀ, ਚਮਨਲਾਲ ਪ੍ਰਭਾਕਰ ਅਤੇ ਡਾ. ਸੁਰਿੰਦਰ ਦੁਸਾਂਝ ਵਰਗੇ ਬੁੱਧੀਜੀਵੀ ਲਹਿਰ ਨਾਲ ਪੂਰੇ ਉਤਸ਼ਾਹ ਨਾਲ ਇਸ ਦੌਰ ਵਿਚ ਹੀ ਜੁੜੇ।-ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

'ਪੰਜਾਬ ਕਮਿਊਨਿਸਟ ਰੈਵੋਲਿਊਸ਼ਨਰੀ ਕਮੇਟੀ' ਦੀ ਅਗਵਾਈ ਵਿਚ ਕਈ ਕਿਸਮ ਦੀਆਂ ਖਾੜਕੂ ਜਥੇਬੰਦੀਆਂ ਨੇ ਖਾੜਕੂ ਮੁਜ਼ਾਹਰੇ ਲਾਮਬੰਦ ਕਰ ਕੇ ਨੌਜੁਆਨਾਂ ਨੂੰ ਆਪਣੇ ਨਾਲ ਜੋੜਨ ਲਈ ਯਤਨ ਤੇਜ਼ ਕੀਤੇ ਹੋਏ ਸਨ। ਇਸ ਨਾਲ ਦੂਜੇ ਗਰੁੱਪਾਂ 'ਚੋਂ ਟੁੱਟ ਕੇ ਨੌਜੁਆਨ ਇੱਧਰ ਸ਼ਾਮਿਲ ਹੋਣੇ ਸ਼ੁਰੂ ਹੋ ਗਏ। ਇਸ ਨਾਲ 'ਗੁਰੀਲਾ ਵਾਰ ਫੇਅਰ' ਵਿਚ ਵਿਸ਼ਵਾਸ ਰੱਖਣ ਵਾਲੇ ਗਰੁੱਪ ਵੀ ਜਨਤਕ ਲਾਈਨ ਦੀ ਅਹਿਮੀਅਤ ਸਮਝਣ ਲੱਗੇ। ਹਰਭਜਨ ਹਲਵਾਰਵੀ ਇੱਕ ਅਜਿਹਾ ਨੌਜਵਾਨ ਸੀ ਜਿਸ ਨੂੰ ਮੈਂ ਪਹਿਲੀ ਵਾਰ ਮਨੋਹਰ ਨਾਂ ਹੇਠ ਮਾਸਟਰ ਮੇਘ ਦੇ ਘਰ ਮਿਲਿਆ। ਮੈਂ ਉਸ ਦੀ ਬਾਂਹ ਉਪਰ ਅੰਗਰੇਜ਼ੀ ਦੇ ਦੋ ਅੱਖਰ ਐਚ.ਐਸ.

**ਅਤਰਜੀਤ**

ਪੜ੍ਹ ਲਏ, ਜਿਨ੍ਹਾਂ ਨੂੰ ਮੈਂ ਤੁਰੰਤ ਹੀ ਭੁਲਾਉਣ ਦਾ ਯਤਨ ਕੀਤਾ ਸੀ। ਠੀਕ ਹੈ, ਉਹ ਹਰਭਜਨ ਹਲਵਾਰਵੀ ਨਹੀਂ, ਮਨੋਹਰ ਸੀ। ਜੇ ਮੈਂ ਭੁੱਲਦਾ ਨਾ ਹੋਵਾਂ ਤਾਂ ਕਿਸੇ ਥਾਣੇਦਾਰ ਦੇ ਕਤਲ ਵਿਚ ਉਸਦਾ ਨਾਂ ਬੋਲਦਾ ਸੀ। ਰੂਹ-ਪੋਸ਼ੀ ਦੀ ਸੂਰਤ ਵਿਚ ਉਹ ਸੱਤਿਆ ਨਾਰਾਇਣ ਵਾਲ਼ੀ ਲਾਈਨ ਛੱਡ ਕੇ ਆਪਣੇ ਸ਼ਾਗਿਰਦ ਗੋਬਿੰਦਰ ਤੇ ਕੁੱਝ ਸਾਥੀਆਂ ਸਮੇਤ ਬਠਿੰਡਾ ਸੋਹੀ ਗਰੁੱਪ ਵਿਚ ਸ਼ਾਮਲ ਹੋਇਆ ਸੀ।

ਮੇਰਾ ਜ਼ਿਆਦਾ ਆਉਣ-ਜਾਣ ਮੇਘ ਰਾਮਪੁਰਾ ਫੂਲ ਅਤੇ ਹਰਭਜਨ ਸੋਹੀ ਦੇ ਘਰ ਹੀ ਸੀ। ਠਾਣਾ ਸਿੰਘ ਮੈਨੂੰ ਇੱਕ ਵਾਰ ਆਪਣੇ ਸਹੁਰੇ ਪਿੰਡ ਢਾਉ ਕੇ ਨੂੰ ਜਾਂਦਾ ਮਿਲਿਆ ਸੀ। ਉਹ ਅਜੇ ਪ੍ਰੀਤਲੜੀ ਦਾ ਪਾਠਕ ਸੀ। ਰਾਮਪੁਰਾ ਫੂਲ ਤੋਂ ਪਿੰਡ ਮੰਡੀ ਕਲਾਂ ਤੱਕ ਮੈਂ ਕਾਮਰੇਡ ਮਾਉ ਦਾ ਨਾਂ ਰਟਦਾ ਗਿਆ ਸੀ ਤੇ ਕਾਮਰੇਡ ਠਾਣਾ ਸਿੰਘ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ। ਪੰਦਰਾਂ ਵੀਹ ਮਿੰਟਾਂ ਦੇ ਇਸ ਸਫ਼ਰ ਦੀ ਅੱਜ ਤੱਕ ਯਾਦ ਤਾਜ਼ਾ ਹੈ।

ਇਹ ਦੋਵੇਂ ਘਰ ਲਹਿਰ ਦਾ ਜਿਵੇਂ ਕੇਂਦਰ ਬਣ ਕੇ ਉਭਰੇ ਹੋਏ ਸਨ। ਤੀਜਾ ਘਰ ਅਫ਼ੀਮ ਵਾਲ਼ੀ ਗਲੀ ਵਿਚ ਕਾਮਰੇਡ ਵੇਦ ਪ੍ਰਕਾਸ਼ ਗੁਪਤਾ ਦਾ ਸੀ, ਜਿੱਥੇ ਅਸੀਂ ਹਵਾਈ ਗੰਨ ਵਿਚ ਮਣਕੇ ਜਿਹੇ ਪਾ ਕੇ ਨਿਸ਼ਾਨਾ ਲਾਉਣ ਦੀ ਜਾਚ ਸਿੱਖਦੇ ਹੁੰਦੇ ਸਾਂ। ਸਭ ਮੁੰਡੇ-ਕੁੜੀਆਂ ਇਨ੍ਹਾਂ ਘਰਾਂ ਵਿਚ ਹੀ ਇਕੱਠੇ ਹੁੰਦੇ ਸਨ। ਖੁੱਲ੍ਹ ਅਤੇ ਪ੍ਰੇਮ ਦੀਆਂ ਜਿਵੇਂ ਨਦੀਆਂ ਵਗ ਰਹੀਆਂ ਹੋਣ, ਮੇਰੇ ਲਈ ਇਹ ਵਿਲੱਖਣ ਕਿਸਮ ਦਾ ਅਨੁਭਵ ਸੀ। ਇਹ ਕੁੱਝ ਤਾਂ ਹੁਣ ਤੱਕ ਦੀ ਜ਼ਿੰਦਗੀ ਵਿਚ ਕਿਤੇ ਵੀ ਵੇਖਣ ਨੂੰ ਨਹੀਂ ਸੀ ਮਿਲਿਆ।

ਇਸ ਲਹਿਰ ਵਿਚ ਹਰਦੇਵ ਭਗਤੂਆਣਾ ਸਭ ਤੋਂ ਵੱਡੀ ਉਮਰ ਦਾ ਕਾਮਰੇਡ ਸੀ। ਵੇਖਣ ਨੂੰ ਅਨਪੜ੍ਹ ਜਾਪਦਾ, ਪਰ ਮਾਰਕਸੀ ਚਿੰਤਨ ਦਾ ਤਾਂ ਜਿਵੇਂ ਮੁਜੱਸਮਾ ਸੀ। ਇੱਕ ਦਿਨ ਉਹ ਮੇਰੇ ਕੋਲ ਆਇਆ ਤੇ ਕਹਿਣ ਲੱਗਿਆ-'ਕੋਈ ਵਧੀਆ ਜਿਹਾ ਗੀਤ ਤਿਆਰ ਕਰ, ਵਿਆਹਾਂ-ਸ਼ਾਦੀਆਂ ਨੂੰ ਨਵੇਂ ਅਰਥ ਦੇਣ ਵਾਲਾ। ਗੀਤ ਇਹੋ ਜਿਹਾ ਹੋਵੇ ਕਿ ਸਭਿਆਚਾਰਕ ਕਦਰਾਂ-ਕੀਮਤਾਂ ਦਾ ਬਦਲ ਪੇਸ਼ ਕਰੇ। ਮੇਰੇ ਵੱਲੋਂ ਕਾਰਨ ਪੁੱਛਣ 'ਤੇ ਉਸ ਨੇ ਦੱਸਿਆ ਕਿ ਹਰਭਜਨ ਸੋਹੀ ਦੀ ਸ਼ਾਦੀ ਭੁੱਚੋ ਖੁਰਦ ਵਾਲੇ ਉਜਾਗਰ ਦੀ ਭੈਣ ਮਹਿੰਦਰ ਨਾਲ ਹੋ ਰਹੀ ਹੈ। ਪਿੰਡ ਵਿਚ ਹੀ ਬਿਲਕੁਲ ਸਾਦੀਆਂ ਰਸਮਾਂ ਨਾਲ ਇਹ ਵਿਆਹ ਹੋਵੇਗਾ। ਤੂੰ ਦਾਜ-ਦਹੇਜ ਅਤੇ ਫੋਕੀਆਂ ਰਸਮਾਂ ਬਾਰੇ ਗੀਤ ਤਿਆਰ ਕਰ। ਸੁਣ ਕੇ ਮੈਂ ਹੈਰਾਨ ਹੋਇਆ ਕਿ ਹਰਭਜਨ ਤਾਂ ਸੋਨੇ ਦੇ ਤਬੀਤ ਵਰਗਾ ਨੌਜਵਾਨ ਹੈ, ਬਹੁਤ ਹੀ ਸੁਨੱਖੀਆਂ ਕੁੜੀਆਂ ਉਹਦੇ ਦੁਆਲੇ ਪੈਲਾਂ ਪਾਉਂਦੀਆਂ ਸਨ। ਇਹ ਫ਼ੈਸਲਾ ਉਸ ਨੇ ਕਿਵੇਂ ਲਿਆ। ਮੇਰੇ ਜਮਾਤੀ ਉਜਾਗਰ ਸਿੰਘ ਦੀ ਭੈਣ ਮਹਿੰਦਰ ਤਾਂ ਦੇਖਣੀ-ਪਾਖਣੀ ਸਾਧਾਰਨ ਕਿਸਮ ਦੀ ਹੀ ਸੀ। ਕਾਮਰੇਡ ਹਰਦੇਵ ਨੇ ਮੈਨੂੰ ਸਮਝਾਇਆ ਕਿ ਕੁੜੀਆਂ ਵਿਚੋਂ ਪਾਰਟੀ ਲਾਈਨ ਨੂੰ ਮਹਿੰਦਰ ਹੀ ਵੱਧ ਸਮਝਦੀ ਹੈ, ਬਹੁਤੀਆਂ ਕੁੜੀਆਂ ਤਾਂ ਭਾਵੁਕਤਾ ਅਧੀਨ ਹੀ ਵਿਚਰ ਰਹੀਆਂ ਹਨ। ਸਿਰਫ਼ ਮਹਿੰਦਰ ਹੀ ਅਜਿਹੀ ਕੱਦਾਵਰ ਕੁੜੀ ਹੈ, ਜੋ ਕਾਮਰੇਡ ਹਰਭਜਨ ਸੋਹੀ ਦੇ ਮੋਢੇ ਨਾਲ ਮੋਢਾ ਮੇਚਣ ਦੇ ਯੋਗ ਹੈ। ਮੈਂ ਇਸ ਗੱਲੋਂ ਵੀ ਹੈਰਾਨ ਸਾਂ ਕਿ ਇਸ ਸ਼ਾਦੀ ਨੂੰ ਉਜਾਗਰ ਨੇ ਵੀ ਬੜੇ ਸਹਿਜ ਨਾਲ ਪਰਵਾਨ ਕੀਤਾ ਸੀ। ਸੋਹੀ ਦੀ ਇਹ ਚੋਣ ਸੀ ਜਾਂ ਪਾਰਟੀ ਦਾ ਫ਼ੈਸਲਾ, ਮੈਂ ਇਹਦੇ ਬਾਰੇ ਤਾਂ ਕੁੱਝ ਨਹੀਂ ਕਹਿ ਸਕਦਾ ਪਰ ਸੀ ਇਹ ਜੱਗੋਂ ਬਾਹਰਾ ਫ਼ੈਸਲਾ, ਕਿਉਂਕਿ ਹਰਭਜਨ ਨੇ ਸੁੰਦਰਤਾ ਦੀਆਂ ਪੁਤਲੀਆਂ 'ਚੋਂ ਕਿਸੇ ਦੀ ਚੋਣ ਨਹੀਂ ਸੀ ਕੀਤੀ। ਵਿਚਾਰਧਾਰਕ ਤੌਰ 'ਤੇ ਪਰਪੱਕ ਸਾਦੀ ਜਿਹੀ ਮੂਰਤ-ਸੂਰਤ ਤੇ ਸੁੰਦਰ ਸੀਰਤ ਵਾਲੀ ਮਹਿੰਦਰ ਕੌਰ, ਜੋ ਨਕਸਲੀ ਆਗੂ ਉਜਾਗਰ ਸਿੰਘ ਦੀ ਸਕੀ ਭੈਣ ਹੈ, ਨਾਲ ਜੱਥੇਬੰਦਕ ਰੂਪ ਦੇ ਕੇ ਸ਼ਾਦੀ ਸੰਪੰਨ ਹੋਈ ਸੀ।

ਪਾਰਟੀ ਦੇ ਬਠਿੰਡਾ ਗਰੁੱਪ ਵਿਚ ਅਜੇ ਮੈਂ ਹੀ ਇੱਕ ਲੇਖਕ ਵਜੋਂ ਸ਼ਾਮਲ ਸਾਂ ਤੇ ਮੇਰੇ ਕੋਲੋਂ ਹੀ ਇਹ ਉਮੀਦ ਰੱਖੀ ਜਾਂਦੀ ਸੀ। ਸਿਰਫ਼ ਉਮੀਦ ਹੀ ਨਹੀਂ, ਵਿਕਾਸ ਕਰਨ ਦੇ ਵੀ ਮੌਕੇ ਪ੍ਰਦਾਨ ਕੀਤੇ ਜਾਂਦੇ ਸਨ। ਮੈਂ ਗੀਤ ਤਿਆਰ ਕਰ ਲਿਆ, ਜੋ ਪੰਜਾਹ ਸੱਠ ਕੁ ਔਰਤਾਂ-ਮਰਦਾਂ ਦੇ ਜੁੜੇ ਇਕੱਠ ਵਿਚ ਤਰੰਨਮ ਵਿਚ ਗਾਇਆ ਗਿਆ। ਗੀਤ ਦੀਆਂ ਸਤਰਾਂ ਸਨ-'ਝੂਮ ਉਠੀ ਸਾਡੇ ਵਿਹੜੇ 'ਚ ਬਹਾਰ ਦੋਸਤੋ। ਟਹਿਕਿਆ ਫੁੱਲਾਂ ਵਾਂਗ ਸਾਡਾ ਜਾਂ ਪਿਆਰ ਦੋਸਤੋ। ਕਿਤੇ ਦਾਜਾਂ ਤੇ ਦਹੇਜਾਂ ਦੇ ਨੇ ਪਾਏ ਪਿੱਟਣੇ। ਝੂਠੇ-ਮੂਠੇ ਜਿਹੇ ਰਿਵਾਜਾਂ ਲੋਕੀਂ ਪਾਏ ਸੁੱਕਣੇ। ਇੱਕ ਲੋਕ-ਲੱਜਾ ਵਾਲਾ ਹੈ ਪਹਾੜ ਦੋਸਤੋ। ਝੂਮ ਉਠੀ...।' ਕਾਫ਼ੀ ਲੰਮਾ ਗੀਤ ਸੀ ਜੋ ਮੈਂ ਪਹਿਲੀ ਵਾਰ ਅਜਿਹੀ ਥਾਂ 'ਤੇ ਗਾਇਆ, ਜਿੱਥੇ ਨਵੀਆਂ ਕਦਰਾਂ-ਕੀਮਤਾਂ ਉਸਾਰਨ ਦੀ ਗੱਲ ਚੱਲੀ ਸੀ। ਵੱਡੀ ਗੱਲ ਇਹ ਕਿ ਸਮਾਜ ਵਿਚ ਦੁਰਕਾਰੇ ਬੰਦੇ ਨੂੰ ਇਨਕਲਾਬੀ ਲੋਕਾਂ ਵਿਚ ਥਾਂ ਮਿਲੀ ਸੀ। ਇਸ ਸ਼ਾਦੀ ਨੇ ਕਈ ਸੁਨੱਖੀਆਂ ਕੁੜੀਆਂ ਦੇ ਭਰਮ ਵੀ ਤੋੜੇ, ਜੋ ਸੋਹੀ ਨਾਲ ਸ਼ਾਦੀ ਕਰਨ ਦੇ ਸੁਪਨੇ ਲੈ ਰਹੀਆਂ ਸਨ। ਇਹ ਪਹਿਲੀ ਸ਼ਾਦੀ ਸੀ, ਜੋ ਰਾਜਨੀਤਕ ਪਾਰਟੀ ਵਿਚ ਸਿਧਾਂਤਕ ਸਮਝਾਂ ਨਾਲ ਹੋਈ ਸੀ। ਇੱਕ ਦੋ ਕੁੜੀਆਂ ਤਾਂ ਸੁਪਨੇ ਟੁੱਟਣ ਦਾ ਸਦਮਾ ਵੀ ਬਰਦਾਸ਼ਤ ਨਹੀਂ ਸੀ ਕਰ ਸਕੀਆਂ, ਮਾਨਸਕ ਤਵਾਜ਼ਨ ਵੀ ਖੋ ਬੈਠੀਆਂ ਸਨ। ਅਨੁਸ਼ਾਸਨ ਦੇ ਬੱਧੇ ਹਰਭਜਨ ਸੋਹੀ ਨੇ ਨਿਵੇਕਲੀ ਮਿਸਾਲ ਕਾਇਮ ਕਰ ਵਿਖਾਈ ਸੀ, ਜੋ ਘੱਟੋ-ਘੱਟ ਮੇਰੇ ਲਈ ਜ਼ਰੂਰ ਹੀ ਅਚੰਭਾਜਨਕ ਸੀ, ਕਿਉਂਕਿ ਮੈਂ ਤਾਂ ਅਜਿਹੀ ਸ਼ਾਦੀ ਦੀ ਕਲਪਣਾ ਹੀ ਨਹੀਂ ਸੀ ਕਰ ਸਕਿਆ ਤੇ ਫਿਰ ਜਿੱਥੇ ਮੈਨੂੰ ਏਨਾ ਮਾਣ ਸਤਿਕਾਰ ਮਿਲਿਆ ਸੀ। ਇਹ ਗੀਤ ਬਾਅਦ ਵਿਚ ਜੱਥੇਬੰਦੀ ਦੀ ਨਿਗਰਾਨੀ ਵਿਚ ਹੋਈਆਂ ਹੋਰ ਸ਼ਾਦੀਆਂ ਮੌਕੇ ਵੀ ਗਾਇਆ।

ਪਾਰਟੀ ਵਿਚ ਇੱਕ ਲੇਖਕ ਵਜੋਂ ਮੇਰੀ ਥਾਂ ਬਣ ਗਈ ਤਾਂ ਇਸ ਬਣੀ ਥਾਂ ਨੂੰ ਪੱਕਾ ਕਰਨ ਲਈ ਸੋਹੀ ਗਰੁੱਪ ਨੇ ਨਵਾਂ ਏਜੰਡਾ ਪੇਸ਼ ਕੀਤਾ ਕਿ ਸਾਹਿਤ-ਸਭਿਆਚਾਰ ਵਿਚ ਕਾਰਜਸ਼ੀਲ ਨੌਜੁਆਨਾਂ ਨੂੰ ਮੰਚ ਮੁਹੱਈਆ ਕੀਤਾ ਜਾਵੇ, ਜਿੱਥੇ ਉਨ੍ਹਾਂ ਦੀ ਰਚਨਾਵਾਂ ਉਪਰ ਚਰਚਾ ਵੀ ਹੋਵੇ ਤੇ ਉਨ੍ਹਾਂ ਨੂੰ ਸੇਧ ਵੀ ਦਿੱਤੀ ਜਾਵੇ। ਇਸ ਕਾਰਜ ਲਈ ਸਭ ਤੋਂ ਪਹਿਲਾਂ ਪੰਜਾਬੀ ਸਾਹਿਤ ਸਭਾ ਰਾਮਪੁਰਾ ਫੂਲ ਨੂੰ ਚੁਣਿਆ ਗਿਆ। ਇਸ ਤੋਂ ਪਹਿਲਾਂ ਇੱਥੇ ਜਸਵੰਤ ਵਫ਼ਾ, ਜੀਤ ਸਿੰਘ ਚਾਹਲ, ਗੁਰਬਚਨ ਸਿੰਘ ਤਾਂਘੀ, ਰੌਸ਼ਨ ਫੂਲਵੀ, ਧਰਮ ਸਿੰਘ ਰੰਧਾਵਾ ਆਦਿ ਦੁਆਰਾ ਪੰਜਾਬੀ ਸਾਹਿਤ ਸਭਾ ਕਾਫ਼ੀ ਸਰਗਰਮ ਰਹੀ ਸੀ, ਜੋ ਸਮੇਂ ਨਾਲ ਗੈਰ-ਸਰਗਰਮ ਹੋ ਗਈ ਸੀ। ਭਾਵੇਂ ਕਿ ਰੌਸ਼ਨ ਫੂਲਵੀ ਆਪਣੇ ਤੌਰ 'ਤੇ ਕੁੱਝ ਨਾ ਕੁੱਝ ਲਿਖਦਾ ਰਹਿੰਦਾ ਸੀ। ਜਸਵੰਤ ਵਫ਼ਾ ਦੀ ਮਹਿਕਮੇ ਵੱਲੋਂ ਪ੍ਰਬੰਧਕੀ ਅਧਾਰ 'ਤੇ ਦੂਰ ਬਦਲੀ ਕਰ ਦਿੱਤੀ। ਮਾਸਟਰ ਮੇਘ ਦੀ ਨਿਗਰਾਨੀ ਵਿਚ ਪੰਜਾਬੀ ਸਾਹਿਤ ਸਭਾ ਦਾ ਗਠਨ ਕੀਤਾ ਗਿਆ। ਇਹ ਸਮਾਂ ਸੀ ਜਦੋਂ ਲਹਿਰ ਦੀ ਚੜ੍ਹਤ ਦੇ ਦਿਨੀਂ ਬਹੁਤ ਸਾਰੇ ਸਾਹਿਤਕ ਮੈਗਜ਼ੀਨ ਛਪਣੇ ਸ਼ੁਰੂ ਹੋ ਚੁੱਕੇ ਸਨ। ਬਾਰੂ ਸਤਵਰਗ, ਕਰਤਾਰ ਸਿੰਘ ਦੁਖੀਆ ਪੱਤਰਕਾਰ, ਬੋਘੜ ਉਦਾਸ, ਪਾਲਾ ਲਹਿਰਾ ਮੁਹੱਬਤ, ਜਸਵੰਤ ਸਿੰਘ ਭੈਣੀ ਮਹਿਰਾਜ ਆਦਿ ਇਸ ਵਿਚ ਸ਼ਾਮਲ ਹੋਏ। ਚਮਨ ਲਾਲ ਪ੍ਰਭਾਕਰ ਜੋ ਧੜਾ-ਧੜ ਛਪਦੇ ਮੈਗਜ਼ੀਨਾਂ ਨੂੰ ਚਿੱਠੀਆਂ ਭੇਜਦਾ, ਜੋ ਇੱਕ ਖ਼ਾਸ ਕਿਸਮ ਦਾ ਸੰਵਾਦ ਛੇੜਨ ਵਾਲੀਆਂ ਹੁੰਦੀਆਂ, ਉਨ੍ਹੀਂ ਦਿਨੀਂ ਸਰਕਾਰੀ ਹਾਈ ਸਕੂਲ ਪੂਹਲਾ ਵਿਖੇ ਹਿੰਦੀ ਅਧਿਆਪਕ ਦੇ ਤੌਰ 'ਤੇ ਨਿਯੁਕਤ ਸੀ, ਨੂੰ ਸਭਾ ਦਾ ਸਕੱਤਰ ਬਣਾਇਆ ਗਿਆ। ਪੂਹਲੇ ਤੋਂ ਹੀ ਜੁੱਤੀ-ਜੋੜੇ ਦਾ ਕਾਰੀਗਰ ਭੂਰਾ ਸਿੰਘ ਕਲੇਰ ਜਿਸ ਨੂੰ ਚਮਨ ਲਾਲ ਪ੍ਰਭਾਕਰ ਸਭਾ ਵਿਚ ਲੈ ਕੇ ਆਇਆ ਸੀ ਵਿਹੜਿਆਂ ਦੇ ਜੀਵਨ 'ਤੇ ਬਹੁਤ ਵਧੀਆਂ ਕਹਾਣੀ ਲਿਖਦਾ ਸੀ। ਇੱਕੋ ਧਰਾਤਲ ਦੇ ਅਸੀਂ ਦੋ ਸਮਕਾਲੀ ਕਹਾਣੀਕਾਰ ਬਠਿੰਡਾ ਜ਼ਿਲ੍ਹੇ ਵਿਚ ਉਭਰੇ। ਭੂਰਾ ਸਿੰਘ ਕਲੇਰ ਨੂੰ ਵੀ ਇਸ ਗਰੁੱਪ ਵੱਲੋਂ ਪੂਰਾ ਥਾਪੜਾ ਸੀ। ਪੰਜਾਬੀ ਸਾਹਿਤ ਸਭਾ ਰਾਮਪੁਰਾ ਫੂਲ ਦੀ ਸਥਾਪਨਾ ਹੋਣ ਦੀ ਦੇਰ ਸੀ, ਮਹਿਰਾਜ ਤੋਂ ਇੱਕ ਲੇਖਕ ਮਾਸਟਰ ਬਾਰੂ ਸਤਵਰਗ, ਜੋ ਬਾਅਦ ਵਿਚ ਇੱਕ ਪ੍ਰਤੀਬੱਧ ਕ੍ਰਾਂਤੀਕਾਰੀ ਨਾਵਲਕਾਰ ਵਜੋਂ ਸਥਾਪਤ ਹੋਇਆ, ਕਈ ਜਣਿਆਂ ਨੂੰ ਨਾਲ ਲੈ ਕੇ ਮੈਂਬਰ ਬਣਿਆ। ਉਸ ਨੂੰ ਛੱਡ ਕੇ ਹੋਰਨਾਂ ਲਈ ਸਾਹਿਤ ਤਾਂ ਕਾਲਾ ਅੱਖਰ ਮੈਂਸ ਬਰਾਬਰ ਸੀ, ਫਿਰ ਵੀ ਉਹ ਸਾਥੀ ਮੀਟਿੰਗਾਂ ਵਿਚ ਘਚੋਲਾ ਪਾਉਣ ਲਈ ਪੂਰੇ ਉਸਤਾਦ ਸਨ। ਉਨ੍ਹਾਂ ਵਿਚੋਂ ਇੱਕ ਲੇਖਕ ਬੋਘੜ ਉਦਾਸ ਸੀ, ਜੋ ਅਭਿਆਸੀ ਤੌਰ 'ਤੇ ਵਿੰਗੀ-ਟੇਢੀ ਜਿਹੀ ਛੰਦਾਬੰਦੀ ਕਰਨ ਦਾ ਯਤਨ ਕਰਦਾ। ਉਸ ਦੀ ਛੰਦਾਬੰਦੀ ਵਿਚ ਹਮੇਸ਼ਾ ਹੀ ਸੋਹੀ ਗਰੁੱਪ ਦੀ ਜਨਤਕ ਲਾਈਨ ਉਪਰ ਵਿਅੰਗ ਜਾਂ ਬਦਖੋਈ ਹੀ ਹੁੰਦੀ। ਜਸਵੰਤ ਭੈਣੀ ਸੁਹਣੇ ਗੀਤ ਲਿਖਦਾ ਅਤੇ ਗਾਉਂਦਾ ਵੀ ਵਧੀਆ। ਮਹਿਰਾਜ ਤੋਂ ਹੀ ਕਰਮ ਸਿੰਘ, ਜੋ ਯਮਲੇ ਵਰਗੀ ਆਵਾਜ਼ ਵਿਚ ਇਨਕਲਾਬੀ ਗੀਤ ਗਾ ਕੇ ਸਭ ਨੂੰ ਹੈਰਾਨ ਕਰ ਦਿੰਦਾ। ਗੋਬਿੰਦਪੁਰੇ ਤੋਂ ਹਸੰਦਤ ਜਿਹਾ ਹਰਦੇਵ, ਜੋ ਸੁਰੀਲੀ ਆਵਾਜ਼ ਵਿਚ ਗਾਉਂਦਾ ਹੁੰਦਾ ਸੀ। ਮੈਂ ਤਾਂ ਅਜੇ ਕਿਸੇ ਰਚਨਾ ਉਪਰ ਟਿੱਪਣੀ ਕਰਨ ਦੇ ਸਮਰੱਥ ਹੀ ਨਹੀਂ ਸਾਂ, ਤਾਂ ਵੀ ਮੇਰੀ ਲਿਖਣ ਕਲਾ ਨੂੰ ਨਿਖਾਰਨ ਵਿਚ ਸਾਹਿਤ ਸਭਾ ਰਾਮਪੁਰਾ ਫੂਲ ਵੱਲੋਂ ਲਗਾਤਾਰ ਯਤਨ ਜਾਰੀ ਸੀ। ਰਚਨਾਵਾਂ ਪੜ੍ਹੀਆਂ ਜਾਂਦੀਆਂ, ਉਸਾਰੂ ਬਹਿਸ ਹੁੰਦੀ, ਨਿੱਗਰ ਸੁਝਾਅ ਦਿੱਤੇ ਜਾਂਦੇ। ਹਰ ਵਰਗ ਨੂੰ ਕਿਸੇ ਨਾ ਕਿਸੇ ਰੂਪ ਵਿਚ ਇਸ ਲਹਿਰ ਵੱਲ ਲਿਆਉਣ ਦੇ ਇਹ ਸ਼ਾਨਦਾਰ ਉਪਰਾਲੇ ਸਨ। ਜੇ ਕਾਮਰੇਡ ਮੇਘ ਜਾਂ ਚਮਨ ਲਾਲ ਪ੍ਰਭਾਕਰ ਨੇ ਉਸ ਦੀ ਕਵੀਸ਼ਰੀ ਉਪਰ ਕੋਈ ਟਿੱਪਣੀ ਕਰ ਦੇਣੀ-'ਸਾਥੀ ਨੂੰ ਹੋਰ ਅਭਿਆਸ ਅਤੇ ਮਿਹਨਤ ਕਰਨੀ ਚਾਹੀਦੀ ਹੈ।'-ਤਾਂ ਬਾਰੂ ਸਤਵਰਗ ਇਸ ਦਾ ਸਖ਼ਤੀ ਨਾਲ ਵਿਰੋਧ ਕਰਦਾ-'ਸਾਥੀ ਤੁਸੀਂ ਇੱਕ ਲੇਖਕ ਨੂੰ ਉਤਸ਼ਾਹਤ ਕਰਨ ਦੀ ਥਾਂ ਦਿਲ ਢਾਹੁਣ ਵਾਲੀਆਂ ਗੱਲਾਂ ਕਰਦੇ ਓਂ।' ਹਰੇਕ ਮੀਟਿੰਗ ਵਿਚ ਆਮ ਤੌਰ 'ਤੇ ਅਜਿਹੀ ਹੀ ਨੋਕ-ਝੋਕ ਹੁੰਦੀ ਰਹਿੰਦੀ। ਮੈਂ ਜੋ ਕੁੱਝ ਵੀ ਲਿਖ ਕੇ ਲਿਆਉਂਦਾ, ਕ੍ਰਾਂਤੀਕਾਰੀ ਦੋਸਤਾਂ ਦੀ ਨਜ਼ਰ ਵਿਚ ਸੋਧਵਾਦੀ, ਨਵ-ਸੋਧਵਾਦੀ ਕਹਿ ਕੇ ਇੱਕ ਪਾਸੜ ਆਲੋਚਨਾ ਦਾ ਸ਼ਿਕਾਰ ਹੋ ਜਾਂਦਾ। ਫਿਰ ਵੀ ਸਾਹਿਤ ਦੀ ਜੀਵਨ ਵਿਚ ਭੂਮਿਕਾ ਨਿਰਧਾਰਤ ਕਰਨ ਦਾ ਇਹ ਸ਼ਾਨਦਾਰ ਉਪਰਾਲਾ ਸੀ, ਜੋ ਵਿਚਾਰਾਂ ਦੇ ਇਸ ਭੇੜ ਵਿਚ ਵਧੀਆ ਸਿੱਟੇ ਕੱਢ ਰਿਹਾ ਸੀ। ਮੇਰੀ ਸਮਝ ਵੀ ਵਿਕਸਤ ਹੋ ਰਹੀ ਸੀ ਕਿ ਕਿਸੇ ਵੀ ਲਹਿਰ ਨੂੰ ਮਕਾਨਕੀ ਤਰੀਕੇ ਨਾਲ ਹੀ ਇੱਕ ਪਰਤ ਵਿਚ ਹੀ ਨਹੀਂ ਉਸਾਰਿਆ ਜਾ ਸਕਦਾ, ਇਸ ਦੇ ਬਹੁ-ਦਿਸ਼ਾਵੀ ਪਸਾਰਾਂ ਨੂੰ ਸਮਝ ਕੇ ਸੁਯੋਗ ਵਰਤੋਂ ਕਰਨਾ ਹੀ ਵਿਗਿਆਨਕ ਦ੍ਰਿਸ਼ਟੀਕੋਣ ਹੈ। ਇਸ ਵਿਗਿਆਨਕ ਦ੍ਰਿਸ਼ਟੀ ਦੀ ਡੂੰਘੀ ਪਕੜ ਹੀ ਨਾਗੀ ਰੈਡੀ ਗਰੁੱਪ ਦੀ ਸਮਝ ਸੀ। ਹਰਭਜਨ ਸੋਹੀ ਜਾਂ ਉਸ ਦੀ ਬਾਕੀ ਆਗੂ ਟੀਮ ਤਾਂ ਕਿਧਰੇ ਦਿਖਾਈ ਨਹੀਂ ਸੀ ਦਿੰਦੀ, ਪਰ ਉਸ ਆਗੂ ਟੀਮ ਦੀ ਝਲਕ ਇਨ੍ਹਾਂ ਗਤੀਵਿਧੀਆਂ ਵਿਚੋਂ ਸਾਫ਼ ਦੇਖੀ ਜਾ ਸਕਦੀ ਸੀ।



ਅਜਮੇਰ ਸਿੰਘ



ਹਰਭਜਨ ਹਲਵਾਰਵੀ



ਅਮਰਜੀਤ ਚੰਦਨ

ਇਹ ਜੱਥੇਬੰਦੀ ਕੋਈ ਵੀ ਫਰੰਟ ਖਾਲੀ ਨਹੀਂ ਸੀ ਛੱਡ ਰਹੀ। ਬਠਿੰਡਾ ਗਰੁੱਪ ਜਾਂ ਨਾਗੀ ਰੈਡੀ ਵਜੋਂ ਜਾਣੇ ਜਾਂਦੇ ਇਸ ਗਰੁੱਪ ਨੇ ਜਨਤਕ ਉਭਾਰ ਸਿਰਜਣ ਲਈ ਹੋਰ ਫਰੰਟਾਂ ਦੇ ਨਾਲ ਸਾਹਿਤ ਅਤੇ ਸਭਿਆਚਾਰ ਵੱਲ ਉਚੇਚਾ ਧਿਆਨ ਦਿੱਤਾ। ਪੰਜਾਬ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਪੂਰੀ ਤਰ੍ਹਾਂ ਸਰਗਰਮ ਸੀ, ਜਿਸ ਦੇ ਪ੍ਰਧਾਨ ਸਿਰਮੌਰ ਆਲੋਚਕ ਤੇ ਲੇਖਕ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਸਨ। ਇਸ ਸੰਸਥਾ ਵਿਚ ਜ਼ਿਆਦਾਤਰ ਲੇਖਕ ਸੀ.ਪੀ.ਆਈ., ਸੀ.ਪੀ.ਐਮ. ਨਾਲ ਸਬੰਧਤ ਹੀ ਸਨ। ਰਜਿ. ਹੋਣ ਕਰਕੇ ਉਸ ਨੂੰ ਸਰਕਾਰੀ ਸਭਾ ਮੰਨ ਕੇ ਨਵੀਂ 'ਕੇਂਦਰੀ ਪੰਜਾਬੀ ਲੇਖਕ ਸਭਾ ਗੈਰ-ਸਰਕਾਰੀ' ਦੀ ਸਥਾਪਨਾ ਕੀਤੀ ਗਈ। ਉਭਰਵੇਂ ਰੂਪ ਵਿਚ ਸਥਾਨਕ ਸਭਾਵਾਂ ਗਿਣਤੀ ਦੀਆਂ ਹੀ ਸਨ। ਪ੍ਰੋ. ਪ੍ਰੀਤਮ ਸਿੰਘ ਰਾਹੀ ਦੀ ਸਰਪ੍ਰਸਤੀ ਵਿਚ ਚੱਲਦੀ ਲਿਖਾਰੀ ਸਭਾ ਬਰਨਾਲਾ, ਪੰਜਾਬੀ ਸਾਹਿਤ ਸਭਾ ਰਾਮਪੁਰ, ਪੰਜਾਬੀ ਸਾਹਿਤ ਸਭਾ ਜਗਤਪੁਰ, ਨਵੀਂ ਉਸਰੀ ਪੰਜਾਬੀ ਸਾਹਿਤ ਸਭਾ ਪਲਾਹੀ ਉਸ ਸਮੇਂ ਵੱਧ ਚਰਚਿਤ ਸਨ।

ਡਾ. ਸੁਰਿੰਦਰ ਦੁਸਾਂਝ, ਜੋ ਕਿ ਯੂਨੀਵਰਸਿਟੀ ਵਿਚ ਪੱਤਰ-ਵਿਹਾਰ ਦੇ ਪ੍ਰੋ-ਅਧਿਆਪਕ ਸਨ, ਸੋਹੀ ਗਰੁੱਪ ਦੀ ਮਿਕਨਾਤੀਸੀ ਸਮਝ ਦਾ ਹੀ ਸਿੱਟਾ ਸੀ ਕਿ ਉਨ੍ਹਾਂ ਨੇ ਸਾਹਿਤ ਤੇ ਸਭਿਆਚਾਰ ਦਾ ਫਰੰਟ ਆਪਣੇ ਜ਼ਿੰਮੇ ਲੈ ਲਿਆ। ਕੇਂਦਰੀ ਪੰਜਾਬ ਲੇਖਕ ਸਭਾ (ਰਜਿ.) ਦੇ ਮੁਕਾਬਲੇ ਉਨ੍ਹਾਂ ਦੇ ਯਤਨਾਂ ਨਾਲ ਪੰਜਾਬ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ (ਗੈਰ-ਸਰਕਾਰੀ) ਦੀ ਸਥਾਪਨਾ ਕੀਤੀ ਗਈ। ਸ਼ਾਇਦ ਇਸ ਸੰਸਥਾ ਦਾ ਸਕੱਤਰ ਵੀ ਚਮਨ ਲਾਲ ਪ੍ਰਭਾਕਰ ਹੀ ਸੀ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਮਹਿੰਦਰ ਸਿੰਘ ਰੰਧਾਵਾ ਦੀ ਸਰਪ੍ਰਸਤੀ ਹੇਠ 'ਹੇਮ ਜਯੋਤੀ' ਰਸਾਲਾ ਕੱਢਿਆ ਜਾਂਦਾ ਸੀ। ਇਸ ਦੇ ਸੰਪਾਦਕ ਵਕੀਲ ਸੁਰੇਂਦਰ ਹੇਮਜਯੋਤੀ ਸਨ। ਡਾ. ਦੁਸਾਂਝ ਨੇ ਉਨ੍ਹਾਂ ਨੂੰ ਵੀ ਆਪਣੇ ਨਾਲ ਲੈ ਲਿਆ। ਇਸ ਅਦਾਰੇ ਨਾਲ ਚਮਨ ਲਾਲ ਪ੍ਰਭਾਕਰ, ਵਰਿਆਮ ਸਿੰਘ ਸੰਧੂ, ਅਜਮੇਰ ਸਿੰਘ ਔਲਖ, ਸੀ. ਮਾਰਕੰਡਾ, ਅਮਰਜੀਤ ਚੰਦਨ, ਪ੍ਰੋ. ਸਵਿੰਦਰਜੀਤ ਸਾਗਰ, ਪ੍ਰੋ. ਨਰਿੰਜਣ ਸਿੰਘ ਢੇਸੀ, ਕਥਾਕਾਰ ਪ੍ਰੇਮ ਪ੍ਰਕਾਸ਼ ਤੇ ਹੋਰ ਨਾਂ ਯਾਦ ਨਹੀਂ ਆ ਰਹੇ, ਜੁੜ ਗਏ ਸਨ।

ਕ੍ਰਾਂਤੀਕਾਰੀ ਲਹਿਰ ਦਾ ਚੜ੍ਹਾਅ ਮੱਧਮ ਪੈਣ ਲੱਗਿਆ ਤਾਂ ਪੁਲਸੀ ਜ਼ਬਰ ਦੀ ਇੰਤਹਾ ਹੋ ਗਈ। ਜਾਨਾਂ ਤਲੀਆਂ 'ਤੇ ਰੱਖ ਕੇ ਲੜ ਰਹੇ ਭੂਮੀਗਤ ਗੁਰੀਲਿਆਂ ਦੇ ਰਿਸ਼ਤੇਦਾਰਾਂ ਨੂੰ ਫੜ-ਫੜ ਕੇ ਝੂਠੇ ਪੁਲਸ ਮੁਕਾਬਲੇ ਬਣਾਏ ਜਾਣ ਲੱਗੇ ਤਾਂ ਅਨੇਕਾਂ ਹੀ ਧੀਆਂ ਦੇ ਗਲ ਵਿਚ ਰੰਡੇਪਾ ਪਾ ਦਿੱਤਾ ਗਿਆ। ਕਾਮਰੇਡ ਦਿਆ ਸਿੰਘ, ਬਾਬਾ ਹਰੀ ਸਿੰਘ ਮਰਗਿੰਦ, ਪਿਆਰਾ ਸਿੰਘ ਬੇਅੰਤ ਸਿੰਘ ਤੇ ਹੋਰ ਬਹੁਤ ਸਾਰੇ ਜੁਝਾਰੂ ਸੂਰਮੇਂ ਪੁਲਸੀ ਜਬਰ ਨੇ ਨਿਗਾਰ ਲਏ ਸਨ। ਮੁਖ਼ਬਰਾਂ ਦਾ ਜਾਲ ਵਿਛਾ ਕੇ ਬਾਦਲ ਹਕੂਮਤ ਦੇ ਸ਼ਿਸ਼ਕਰੇ ਪੁਲਸੀਏ ਮਨ-ਮਾਨੀਆਂ ਕਰਨ ਲੱਗੇ ਤਾਂ ਕੇਂਦਰੀ ਪੰਜਾਬੀ ਲੇਖਕ ਸਭਾ (ਗੈਰ ਸਰਕਾਰੀ) ਦੁਆਰਾ ਸਾਹਿਤ ਅਤੇ ਰਾਜਨੀਤੀ ਦੇ ਵਿਸ਼ੇ ਉਪਰ ਆਰੀਆ ਹਾਈ ਸਕੂਲ ਰਾਮਪੁਰਾ ਫੂਲ ਦੇ ਅਹਾਤੇ ਵਿਚ ਬਹੁਤ ਵੱਡਾ ਸਮਾਗਮ ਕੀਤਾ ਗਿਆ। ਧੁੰਦਲੀ ਜਿਹੀ ਯਾਦ ਹੈ, ਸ਼ਾਇਦ ਸ਼ਵਿੰਦਰਜੀਤ ਸਾਗਰ ਨੇ ਕੋਈ ਪੇਪਰ ਪੜ੍ਹਿਆ ਸੀ। ਸ਼ਾਮੀਂ ਸੈਂਕੜਿਆਂ ਦੀ ਗਿਣਤੀ ਵਿਚ ਲੇਖਕਾਂ ਪਾਠਕਾਂ ਤੇ ਆਮ ਲੋਕਾਂ ਨੇ ਸ਼ਹਿਰ ਵਿਚ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ, ਜਿਸ ਵਿਚ ਪੁਲਸੀ ਜ਼ਬਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਹ ਪੰਜਾਬ ਦਾ ਪਹਿਲਾ ਪ੍ਰਦਰਸ਼ਨ ਸੀ, ਜਿਸ ਨੇ ਲੋਕਾਂ ਵਿਚ ਇਸ ਗੱਲ ਨੂੰ ਉਭਾਰਿਆ ਕਿ ਬਾਦਲ ਸਰਕਾਰ ਲੋਕਾਂ ਦੀ ਦੁਸ਼ਮਣ ਹੈ। ਕ੍ਰਾਂਤੀਕਾਰੀ ਲਹਿਰ ਲੋਕਾਂ ਦੇ ਹਿਤਾਂ ਦੀ ਤਰਜ਼ਮਾਨੀ ਕਰਨ ਵਾਲ਼ੀ ਲਹਿਰ ਹੈ। ਸ਼ਹਿਰ ਛੋਟਾ ਹੋਣ ਕਰਕੇ ਭਾਵੇਂ ਇਹ ਸ਼ਹਿਰ ਦੇ ਚੌਕ ਤੱਕ ਮਸਾਂ ਦੋ-ਤਿੰਨ ਕੁ ਸੌ ਗਜ਼ ਤੱਕ ਹੀ ਸੀ, ਜਿੱਥੇ ਰਾਤ ਨੂੰ ਪ੍ਰਭਾਵਸ਼ਾਲੀ ਕਵੀ ਦਰਬਾਰ ਕੀਤਾ ਗਿਆ। ਕਵੀ ਦਰਬਾਰ ਵਿਚ ਜਸਵੰਤ ਸਿੰਘ ਕੈਲਵੀ, ਸਵਰਨ ਰਾਹੀ, ਸੰਤ ਰਾਮ ਉਦਾਸੀ, ਸੀ. ਮਾਰਕੰਡਾ, ਮਹਿੰਦਰਪਾਲ ਭੱਠਲ, ਅਮਰਜੀਤ ਚੰਦਨ, ਮੈਂ ਤੇ ਹੋਰ ਕਈ ਸ਼ਾਮਲ ਹੋਏ। ਪੁਲਸ ਪ੍ਰਸ਼ਾਸਨ ਦੇ ਜ਼ਬਰ ਦਾ ਖ਼ੂਬ ਪਿੱਟ ਸਿਆਪਾ ਕੀਤਾ ਗਿਆ। ਬਠਿੰਡਾ ਗਰੁੱਪ ਦੀ ਕ੍ਰਾਂਤੀਕਾਰੀ ਜੁਝਾਰ ਲਹਿਰ ਪ੍ਰਤੀ ਸੁਹਿਰਦਤਾ ਦਾ ਇਹ ਸ਼ਾਨਦਾਰ ਨਮੂਨਾ ਸੀ।

ਪੰਜਾਬ ਪੱਧਰੀ 'ਸਾਹਿਤ ਸਭਿਆਚਾਰ ਮੰਚ' ਦੁਆਰਾ ਸੁਰੇਂਦਰ ਹੇਮਜਯੋਤੀ ਦੇ ਸੰਪਾਦਨ ਹੇਠ ਹੇਮ ਜਯੋਤੀ ਮੈਗਜ਼ੀਨ ਨੇ ਨਵੀਆਂ ਦਿਸ਼ਾਵਾਂ ਵੱਲ ਪੁਲਾਂਘ ਪੁਟਦਿਆਂ ਜੂਨ 1970 ਦੀ ਪਹਿਲੀ ਹੀ ਸੰਪਾਦਕੀ ਵਿਚ ਐਲਾਨ ਕੀਤਾ-'ਵਰਤਮਾਨ ਸਮੇਂ ਵਿਚ ਇੱਕ ਵਿਅਕਤੀ ਨੂੰ ਅਨੇਕ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਸਮੱਸਿਆਵਾਂ ਹਰ ਖੇਤਰ ਵਿਚ ਹਨ-ਰਾਜਨੀਤਕ, ਸੱਭਿਆਚਾਰਕ, ਸਮਾਜਿਕ, ਆਰਥਕ। ਹਰ ਰਾਹ 'ਤੇ ਕਾਲੇ ਬੋਲਾਂ ਦੇ ਵਾ-ਵਰੋਲੇ ਭੂਤ ਬਣ ਕੇ ਚਿੰਬੜੇ ਹੋਏ ਨੇ। ਦੋ ਮੂੰਹੇਂ ਪੱਥਰ ਦੇ ਬਸਤਰ ਪਹਿਨ ਕੇ ਬਲਗਮ ਸੁੱਟ ਰਹੇ ਹਨ। ਇਨ੍ਹਾਂ ਬੀਮਾਰ ਅਪਸਾਰਵਾਦੀ ਅਣੂਆਂ ਤੋਂ ਅੱਜ ਦੇ ਯੁਵਕ ਨੇ ਨਿਜ਼ਾਤ ਪਾਉਣੀ ਹੈ।'

'ਸਾਡੇ ਦੇਸ਼ ਵਿਚ ਇੱਕ ਨਹੀਂ ਲੱਖਾਂ ਸਮੱਸਿਆਵਾਂ ਕੁੰਡਲੀ ਪਾਈ ਬੈਠੀਆਂ ਹਨ। ਸਾਨੂੰ ਪਲ-ਪਲ ਦੰਭ, ਫਰੇਬ ਤੇ ਬੇਇਨਸਾਫ਼ੀ ਨਾਲ ਲੋਹਾ ਲੈਣਾ ਪੈ ਰਿਹਾ ਹੈ। ਇਨ੍ਹਾਂ ਤੇਈ ਵਰ੍ਹਿਆਂ ਅੰਦਰ ਗੁਲ਼ੀਆਂ, ਫ਼ਸਾਦ, ਤੁਅੱਸਬੀ, ਕਤਲੇਆਮ ਦਾ ਘਣਾ ਜੰਗਲ ਉਗਿਆ ਹੈ ਤੇ ਇਸ ਘਣੇ ਜੰਗਲ ਦੇ ਅੰਧਕਾਰ ਅੰਦਰ ਪੂਰੇ ਦਾ ਪੂਰਾ ਦੇਸ਼ ਭਟਕ ਰਿਹਾ ਹੈ। ਸਭਿਆਚਾਰ ਦਾ ਸੂਰ ਖ਼ਤਮ ਹੋਣ ਵਿਚ ਨਹੀਂ ਆ ਰਿਹਾ। ਨਿੱਤ ਕਿਤੇ ਨਾ ਕਿਤੇ ਰਾਂਚੀ, ਭਵਿੰਡੀ, ਅਮਿਦਾਬਾਦ ਰੱਤ ਦੇ ਟੋਬਿਆਂ 'ਚ ਲਿਤਾੜੇ ਜਾ ਰਹੇ ਹਨ। ਇੱਕ ਵੀ ਸ਼ਬਦ ਅਰਥਾਂ ਦਾ ਵਿਦਰੋਹ ਬਣ ਕੇ ਕਿਉਂ ਨਹੀਂ ਜਾਗਦਾ?

ਬੌਧਿਕ ਵਰਗ, ਦੇਸ਼ ਦੀ ਰੀੜ੍ਹ ਦੀ ਹੱਡੀ, ਸਿਉਂਕਿਆ ਪਿਆ ਹੈ। ਕਾਲੇ ਅੱਖਰਾਂ ਨਾਲ ਅੱਟੀਆਂ ਪਈਆਂ ਪੁਸਤਕਾਂ ਉਸ ਨੇ ਨਿਗਲੀਆਂ, ਪਰ ਪਚਾਈਆਂ ਨਹੀਂ। ਉਸ ਦੀ ਆਵਾਜ਼ ਵਿਚ ਸ਼ਕਤੀ ਨਹੀਂ, ਨਾ ਹੀ ਉਸਦੇ ਕਦਮਾਂ ਵਿਚ ਗਹਿਰਾਈ ਹੈ...।' ਇਸ ਪਹਿਲੇ ਅੰਕ ਨੇ ਸਾਹਿਤਕ-ਸਭਿਆਚਾਰਕ ਮੈਦਾਨ ਭਖਾ ਦਿੱਤਾ। ਮੈਂ ਮਹਿਸੂਸ ਕਰ ਰਿਹਾ ਸਾਂ ਕਿ ਹਥਿਆਰਬੰਦ ਲੜਾਈ ਤਾਂ ਜਿਵੇਂ ਗੁੱਲੀ-ਡੰਡੇ ਦੀ ਖੇਡ ਹੋਵੇ। ਮੁਸ਼ਕਲ ਤਾਂ ਵਿਚਾਰਧਾਰਕ ਲੜਾਈ ਦੇਣ ਸਮੇਂ ਆਉਂਦੀ ਹੈ। ਠੀਕ ਹੈ ਇਨਕਲਾਬੀ ਗੁਰੀਲੇ ਕੋਈ ਵੱਡਾ ਐਕਸ਼ਨ ਕਰਨ ਲਈ ਸ਼ਹਿ ਲਾ ਕੇ ਦੁਸ਼ਮਣ ਉਪਰ ਝਪਟ ਪੈਂਦੇ ਸਨ ਤੇ ਐਕਸ਼ਨ ਕਰ ਕੇ ਛਿਪਣ ਵੀ ਹੋ ਜਾਂਦੇ ਸਨ। ਪਰ ਲੋਕਾਂ ਦੇ ਮਨਾਂ ਵਿਚ ਪੈਦਾ ਹੋਈ ਗੁਲਾਮੀ ਦੀ ਉੱਲੀ ਨੂੰ ਲਾਹੁਣ ਦਾ ਉਪਰਾਲਾ ਕਿਤੇ ਮੁਹਾਲ ਕਾਰਜ ਸੀ। ਇਹ ਖੱਪਾ ਹੇਮ ਜਯੋਤੀ ਰਸਾਲਾ ਪੂਰ ਰਿਹਾ ਜਾਪਦਾ ਸੀ।

*(ਚੱਲਦਾ)*

# ਲੰਡਨ ਦੀ ਅੱਖ ਅਤੇ ਸਿੱਖ ਰਾਜ ਦਾ ਸੂਰਜ



ਵਲਾਇਤ ਦਾ ਨਾਂ ਸੁਣਦਿਆਂ ਹੀ ਚੇਤਿਆਂ ਦੀ ਸਰਦਲ ਉੱਤੇ ਗ਼ੁਲਾਮੀ ਦੀਆਂ ਜ਼ੰਜੀਰਾਂ ਦਾ ਲੰਬਾ ਇਤਿਹਾਸ ਘੁੰਮਣ ਲੱਗਦਾ ਹੈ ਅਤੇ ਗੋਰਿਆਂ ਦੀਆਂ ਚਤੁਰ-ਚਲਾਕੀਆਂ ਵੀ ਸਮਝ ਆਉਂਦੀਆਂ ਨੇ। ਫਿਰ ਵੀ ਵਲਾਇਤ ਦੇਖਣ ਦੀ ਇੱਛਾ ਹਰ ਬੰਦੇ ਅੰਦਰ ਜਾਗਦੀ ਹੈ ਕਿ ਦੇਖ ਕੇ ਤਾਂ ਆਈਏ ਉਹ ਦੇਸ਼ ਜਿੱਥੋਂ ਦੇ ਗੋਰਿਆਂ ਨੇ ਸਾਰੀ ਦੁਨੀਆਂ 'ਤੇ ਰਾਜ ਕੀਤਾ। ਛੋਟੇ ਹੁੰਦਿਆਂ ਅਕਸਰ ਹੀ ਸੁਣਦੇ ਸੀ ਕਿ ਅੰਗਰੇਜ਼ਾਂ ਦੇ ਰਾਜ ਵਿਚ ਕਦੇ ਸੂਰਜ ਨਹੀਂ ਸੀ ਡੁੱਬਦਾ। ਜਦੋਂ ਜਵਾਨ ਹੋਏ ਚਾਰ ਅੱਖਰ ਪੜ੍ਹੇ ਤਾਂ ਫਿਰ ਇਸ ਕਹਾਵਤ ਦਾ ਸੱਚ ਪਤਾ ਲੱਗਾ। ਬਹੁਤ ਪਹਿਲਾਂ ਵਲਾਇਤ ਬਾਰੇ ਕਈ ਗੀਤ ਵੀ ਬਹੁਤ ਮਸ਼ਹੂਰ ਹੋਏ। ਸ. ਮਹਿੰਦਰ ਸਿੰਘ ਕੋਮਲ

**ਗੁਰਭਜਨ ਸਿੰਘ 'ਲਾਸਾਨੀ'**
**ਫੋਨ: 9872439278**

ਦਾ ਲਿਖਿਆ ਤੇ ਗੁਲਸ਼ਨ ਕੋਮਲ ਦਾ ਗਾਇਆ ਗੀਤ ਅਕਸਰ ਹੀ ਰੇਡਿਓ 'ਤੇ ਸੁਣਦੇ ਹੁੰਦੇ ਸਾਂ।

ਕੱਢਣਾ ਰੁਮਾਲ ਦੇ ਗਿਉਂ ਵੇ
ਆਪ ਬਹਿ ਗਿਉਂ ਵਲਾਇਤ ਵਿਚ ਜਾ ਕੇ
ਕੀ ਲੱਭਾ ਬੇਦਰਦਾ ਵੇ
ਸਾਡੀ ਅੱਲੜਾਂ ਦੀ ਨੀਂਦ ਗੁਆ ਕੇ...।

ਖੈਰ ਕਦੇ-ਕਦੇ ਵਲਾਇਤ ਦੇਖਣ ਦੀ ਇੱਛਾ ਜਾਗਦੀ ਰਹੀ, ਪਰ ਛੁੱਟੀ ਮਨਜ਼ੂਰ ਕਰਾਉਣ ਦੇ ਝੰਜਟ ਕਰਨੇ ਤੋਂ ਚੁੱਪ ਕਰ ਜਾਣਾ। ਜਦੋਂ 2022 ਵਿਚ ਸੇਵਾ ਮੁਕਤ ਹੋਇਆ ਤਾਂ ਵਲਾਇਤ ਦੇਖਣ ਦਾ ਸਬੱਬ ਬਣ ਗਿਆ। ਮੇਰੇ ਵੱਡੇ ਭੈਣ ਜੀ ਦਲਜੀਤ ਕੌਰ ਪੰਨੂ ਦਾ ਬੇਟਾ ਸ. ਹਰਦੇਵ ਸਿੰਘ ਪੰਨੂ ਕਾਫੀ ਸਾਲਾਂ ਤੋਂ ਇੰਗਲੈਂਡ ਵਿਚ ਸੈਟਲ ਹੈ। ਉਸ ਨੇ ਸਪਾਂਸਰਸ਼ਿਪ ਭੇਜੀ ਤਾਂ ਮੇਰਾ ਵੀਜ਼ਾ ਲੱਗ ਗਿਆ। ਸੋ ਮੈਂ 30 ਮਾਰਚ 2023 ਨੂੰ ਅੰਮ੍ਰਿਤਸਰ ਤੋਂ ਵਿਸਤਾਰਾ ਏਅਰ ਲਾਈਨ ਦੇ ਹਵਾਈ ਜਹਾਜ਼ ਰਾਹੀਂ ਇੰਗਲੈਂਡ ਦੇ ਹੀਥਰੋ ਹਵਾਈ ਅੱਡੇ ਉੱਤੇ ਰਾਤ ਦੇ ਲਗਭਗ 8 ਵਜੇ ਪਹੁੰਚ ਗਿਆ। ਹਰਦੇਵ ਸਿੰਘ ਪੰਨੂ ਤੇ ਉਸ ਦੀ ਪਤਨੀ ਸਿਮਰਨ ਨੇ ਬੜੀ ਗਰਮਜੋਸ਼ੀ ਨਾਲ ਮੇਰਾ ਸੁਆਗਤ ਕੀਤਾ। ਉਨ੍ਹਾਂ ਦਾ ਘਰ ਹੀਥਰੋ ਏਅਰਪੋਰਟ ਦੇ ਨੇੜੇ ਹੀ ਹੈ ਸੋ ਅਸੀਂ 15-20 ਮਿੰਟਾਂ ਵਿਚ ਹੀ ਘਰ ਪਹੁੰਚ ਗਏ। ਘਰ ਪਹੁੰਚ ਕੇ ਪਾਹੁਲਦੇਵ ਸਿੰਘ ਪੰਨੂ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਬਹੁਤ ਹੀ ਸੰਗਾਊ ਤੇ ਮਾਸੂਮ ਜਿਹੇ ਚਿਹਰੇ ਵਾਲਾ ਪਾਹੁਲਦੇਵ ਆਪਣੀ ਪੜ੍ਹਾਈ ਵਿਚ ਹੀ ਮਸਤ ਰਹਿੰਦਾ। ਪਾਹੁਲਦੇਵ ਸਿੰਘ ਇਸ ਸਾਲ (2025) ਆਪਣੀ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਡਾਕਟਰੀ ਦੀ ਪੜ੍ਹਾਈ ਕਰਨ ਲੱਗ ਗਿਆ ਹੈ। ਸਾਰਾ ਪਰਿਵਾਰ ਬਹੁਤ ਹੀ ਖੁਸ਼ਦਿਲ ਤੇ ਮਿਲਣਸਾਰ ਹੈ। ਇਹ ਜਾਣ ਕੇ ਮੈਨੂੰ ਹੋਰ ਵੀ ਖੁਸ਼ੀ ਹੋਈ ਕਿ ਮੇਰੇ ਮਿੱਤਰ ਨੈਸ਼ਨਲ ਐਵਾਰਡੀ ਸਰਵਣ ਸਿੰਘ ਔਜਲਾ ਦੇ ਵੱਡੇ ਭਰਾ ਡਾਕਟਰ ਸੁਰਿੰਦਰ ਸਿੰਘ ਔਜਲਾ ਦਾ ਘਰ ਵੀ ਨਜ਼ਦੀਕ ਹੀ ਹੈ। ਦੂਜੇ ਦਿਨ ਹੀ ਸੁਰਿੰਦਰ ਸਿੰਘ ਔਜਲਾ ਤੇ ਉਨ੍ਹਾਂ ਦੀ ਪਤਨੀ ਕੁਲਬੀਰ ਕੌਰ ਔਜਲਾ ਵੀ ਫੁੱਲਾਂ ਦਾ ਗੁਲਦਸਤਾ ਲੈ ਕੇ ਮਿਲਣ ਆ ਪਹੁੰਚੇ। ਔਜਲਾ ਪਰਿਵਾਰ ਬਹੁਤ ਹੀ ਮਿਲਣਸਾਰ ਤੇ ਪੂਰਨ ਗੁਰਸਿੱਖ ਹੈ। ਬੇਟੀ ਕਾਜਲਦੀਪ ਕੌਰ ਔਜਲਾ ਤੇ ਬੇਟਾ ਤੇਜ਼ਬੀਰ ਸਿੰਘ ਔਜਲਾ ਬਹੁਤ ਹੀ ਪਿਆਰੇ ਤੇ ਪੂਰੇ ਪੰਜਾਬੀ ਰੰਗ ਵਿਚ ਰੰਗੇ ਹੋਏ ਹਨ। ਕਾਜਲਦੀਪ ਕੌਰ ਤਾਂ ਇਸ ਸਾਲ ਲਾਅ ਦੀ ਡਿਗਰੀ ਕਰਕੇ ਸੋਲੀਸਿਟਰ ਬਣ ਗਈ ਹੈ। ਮੈਨੂੰ ਲੱਗਿਆ ਕਿ ਜਿਵੇਂ ਮੈਂ ਆਪਣੇ ਪੰਜਾਬ ਵਿਚ ਹੀ ਬੈਠਾ ਹਾਂ। ਨਾਲੇ ਆਪਣਿਆਂ ਨੂੰ ਮਿਲ ਕੇ ਤਾਂ ਖੁਸ਼ੀ ਦੂਣ ਸਵਾਈ ਹੋ ਜਾਂਦੀ ਹੈ। ਇੱਕ ਦਿਨ ਅਰਾਮ ਕਰਨ ਤੋਂ ਬਾਅਦ ਦੂਜੇ ਦਿਨ ਮਿਤੀ 02/04/23 ਨੂੰ ਦੁਪਹਿਰ ਤੋਂ ਬਾਅਦ ਹਰਦੇਵ ਸਿੰਘ,ਸਿਮਰਨ ਤੇ ਪਾਹੁਲਦੇਵ ਸਿੰਘ ਮੈਨੂੰ ਟਾਵਰ ਬ੍ਰਿਜ ਤੇ ਆਸ ਪਾਸ ਦੀਆਂ ਥਾਵਾਂ ਦਿਖਾਉਣ ਲੈ ਗਏ। ਮੌਸਮ ਬਹੁਤ ਹੀ ਵਧੀਆ ਅਤੇ ਸੁਹਾਵਣਾ ਸੀ। ਹਲਕੀ ਹਲਕੀ ਸਰਦੀ ਮਹਿਸੂਸ ਹੋ ਰਹੀ ਸੀ। ਸੂਰਜ ਦੇਵਤਾ ਤਾਂ ਇੱਥੇ ਕਦੇ ਕਦੇ ਹੀ ਦਰਸ਼ਨ ਦਿੰਦਾ ਹੈ। ਹਰ ਰੋਜ਼ ਅੰਬਰ ਚਿੱਟੇ ਕਪਾਹ ਵਰਗੇ ਬੱਦਲਾਂ ਨਾਲ ਢੱਕਿਆ ਰਹਿੰਦਾ ਹੈ। ਕਦੋਂ ਦੁਪਹਿਰ ਢਲਦੀ ਤੇ ਕਦੋਂ ਸ਼ਾਮ ਪੈਂਦੀ ਇਹ ਤਾਂ ਬਸ ਘੜੀ ਉੱਤੇ ਸਮਾਂ ਦੇਖਣ ਤੋਂ ਹੀ ਪਤਾ ਲੱਗਦਾ ਹੈ। ਅਸੀਂ ਗੱਡੀ ਪਾਰਕ ਕਰਕੇ ਥੇਮਸ ਦਰਿਆ ਵੱਲ ਹੋ ਤੁਰੇ। ਪੁਲ ਉੱਤੇ ਤੁਰਦਿਆਂ ਸਾਹਮਣੇ ਹਾਊਸਜ ਆਫ ਪਾਰਲੀਮੈਂਟ ਉੱਤੇ ਨਜ਼ਰ ਪਈ। ਬਿੱਗ ਬੈਨ ਘੜੀ ਦੀ ਸੂਈ ਸ਼ਾਮ ਦੇ ਚਾਰ ਵਜਾ ਰਹੀ ਸੀ। ਪੁਲ ਦੇ ਦੂਸਰੇ ਪਾਸੇ ਇੱਕ ਬਹੁਤ ਵੱਡਾ ਗੋਲ ਅੰਡਾਕਾਰ ਪੰਘੂੜਾ ਹੌਲੀ ਹੌਲੀ ਘੁੰਮ ਰਿਹਾ ਸੀ। ਇਸੇ ਨੂੰ ਹੀ "ਲੰਡਨ ਆਈ " (ਲੰਡਨ ਦੀ ਅੱਖ ) ਕਿਹਾ ਜਾਂਦਾ ਹੈ। ਸ਼ਾਇਦ ਇਸ ਲਈ ਕਿ ਘੁੰਮਦਿਆਂ ਹੋਇਆਂ ਜਦੋਂ ਤੁਹਾਡੀ ਬੋਗੀ (Capsules) ਸਭ ਤੋਂ ਉੱਪਰ ਪਹੁੰਚ ਜਾਂਦੀ ਹੈ ਤਾਂ ਇਸ ਦੀ ਸਿਖਰ ਤੋਂ ਖੂਬਸੂਰਤ ਲੰਡਨ ਸ਼ਹਿਰ ਦਾ 360 ਡਿਗਰੀ ਦ੍ਰਿਸ਼ ਤੁਹਾਨੂੰ ਨਜ਼ਰ ਆਉਣ ਲੱਗਦਾ ਹੈ।

ਸਾਡਾ ਪ੍ਰੋਗਰਾਮ ਇਸੇ ਨੂੰ ਹੀ ਦੇਖਣ ਦਾ ਸੀ। ਹਰਦੇਵ ਸਿੰਘ ਨੇ ਇਸ ਦੀ ਬੁਕਿੰਗ ਘਰ ਤੋਂ ਹੀ ਕਰਵਾ ਲਈ ਸੀ। ਸੋ ਅਸੀਂ ਆਪਣੇ ਮਿੱਥੇ ਹੋਏ ਸਮੇਂ ਤੇ ਜਾ ਕੇ ਲਾਈਨ ਵਿਚ ਖੜ੍ਹੇ ਹੋ ਗਏ। ਇੱਥੇ ਹਰ ਵਿਅਕਤੀ ਆਪਣੀ ਲਾਈਨ ਵਿਚ ਹੀ ਰਹਿੰਦਾ ਹੈ। ਇੱਕ ਦੂਜੇ ਤੋਂ ਅੱਗੇ ਲੰਘਣ ਦੀ ਕਿਸੇ ਨੂੰ ਕੋਈ ਕਾਹਲ ਨਹੀਂ ਹੁੰਦੀ। ਸਲੀਕੇ ਭਰਿਆ ਵਰਤਾਉ ਦੇਖ ਕੇ ਬਹੁਤ ਹੀ ਚੰਗਾ ਲੱਗਦਾ ਹੈ।

ਲੰਡਨ ਆਈ ਥੇਮਸ ਦਰਿਆ ਦੇ ਦੱਖਣੀ ਕਿਨਾਰੇ ਉੱਤੇ ਸਥਿੱਤ ਹੈ। ਇਹ ਸੰਸਾਰ ਦਾ ਸਭ ਤੋਂ ਉੱਚਾ ਛਅਨਟਲਿਇਵਇਰਦੋਂ ਬਸਏਰ-ਵਅਟੋਨਿੰ ਹਇਲ ਹੈ ਅਤੇ ੁਖ ਆਉਣ ਵਾਲੇ ਟੂਰਿਸਟਾਂ ਲਈ ਸਭ ਤੋਂ ਵੱਧ ਖਿੱਚ ਦਾ ਕੇਂਦਰ ਹੈ ਜਿੱਥੇ ਹਰ ਸਾਲ ਲਗਭਗ ਤਿੰਨ ਮਿਲੀਅਨ ਟੂਰਿਸਟ ਆਉਂਦੇ ਹਨ।

ਲੰਡਨ ਆਈ 135 ਮੀਟਰ (443 ਫੁੱਟ) ਉੱਚਾ ਅਤੇ 120 ਮੀਟਰ (394 ਫੁੱਟ) ਵਿਆਸ (ਡਾਇਆਮੀਟਰ) ਵਾਲਾ ਵ੍ਹੀਲ ਚੱਕਰ ਹੈ। ਇਸ ਵ੍ਹੀਲ ਚੱਕਰ ਵਿਚ ਗੋਲ ਅੰਡਾਕਾਰ 32 ਬੋਗੀਆਂ (Capsules)ਹਨ ਜਿੰਨਾਂ ਉੱਤੇ 1ਤੋਂ 12 ਤੱਕ ਅਤੇ 14 ਤੋਂ 33 ਤੱਕ ਨੰਬਰ ਲੱਗੇ ਹੋਏ ਹਨ। 13 ਦੇ ਅੰਕ ਨੂੰ ਅਸ਼ੁਭ ਮੰਨਦੇ ਹੋਏ ਛੱਡਿਆ ਗਿਆ ਹੈ। ਹਰ ਬੋਗੀ ਵਿਚ 25 ਵਿਅਕਤੀਆਂ ਦੇ ਬੈਠਣ ਦੀ ਸਮਰੱਥਾ ਹੈ। ਇਹ 0.9 km/h ( 26cm/s) ਦੀ ਰਫ਼ਤਾਰ ਨਾਲ ਘੁੰਮਦਾ ਹੈ ਅਤੇ ਲਗਭਗ 30 ਮਿੰਟ ਵਿਚ ਇੱਕ ਚੱਕਰ ਪੂਰਾ ਕਰਦਾ ਹੈ। ਹਰੇਕ ਬੋਗੀ ਗਰਾਊਂਡ ਲੈਵਲ ਤੇ ਆ ਕੇ ਲਗਭਗ 30 ਸੈਕਿੰਡ ਤੋਂ ਲੈ ਕੇ ਇੱਕ ਮਿੰਟ ਤੱਕ ਇਸ ਦੇ ਬਰਾਬਰ ਚੱਲਣ ਲੱਗਦੀ ਹੈ। ਇਹ ਹੌਲੀ ਹੌਲੀ ਆਪਣੀ ਰਫਤਾਰ ਨਾਲ ਤੁਰੀ ਜਾਂਦੀ ਹੈ। ਇਸ ਦੀ ਗਤੀ ਨੂੰ ਇਸ ਤਰ੍ਹਾਂ ਨਿਯੰਤਰਨ ਕੀਤਾ ਗਿਆ ਹੈ ਕਿ ਹਰੇਕ ਯਾਤਰੀ ਬਹੁਤ ਅਰਾਮ ਨਾਲ ਇਸ ਵਿਚੋਂ ਉਤਰ ਜਾਂਦਾ ਹੈ ਤੇ ਫਿਰ ਸਵਾਰ ਹੋਣ ਵਾਲਾ ਬਹੁਤ ਅਰਾਮ ਨਾਲ ਇਸ ਵਿਚ ਚੜ੍ਹ ਜਾਂਦਾ ਹੈ। ਸੋ ਸਾਡੀ ਵਾਰੀ ਆਉਣ 'ਤੇ ਅਸੀਂ ਵੀ ਇਸ ਵਿਚ ਸਵਾਰ ਹੋ ਗਏ। ਇਹ ਬਹੁਤ ਹੀ ਰੁਮਾਂਚ ਭਰਿਆ ਲੱਗ ਰਿਹਾ ਸੀ। ਜਿਉਂ ਜਿਉਂ ਅਸੀਂ ਉੱਪਰ ਵੱਲ ਨੂੰ ਜਾ ਰਹੇ ਸੀ। ਲੰਡਨ ਸ਼ਹਿਰ ਹੇਠਾਂ ਵੱਲ ਨੂੰ ਖਿਸਕਦਾ ਜਾਂਦਾ ਮਹਿਸੂਸ ਹੋ ਰਿਹਾ ਸੀ। ਪੂਰੇ ਸਿਖਰ 'ਤੇ ਜਾ ਕੇ ਲੰਡਨ ਸ਼ਹਿਰ ਦੀਆਂ ਉੱਚੀਆਂ ਉੱਚੀਆਂ ਇਮਾਰਤਾਂ ਦਾ ਅਦਭੁੱਤ ਨਜ਼ਾਰਾ ਵੇਖਕੇ ਮੈਂ ਪੂਰੀ ਤਰ੍ਹਾਂ ਅਚੰਭਤ ਹੋ ਗਿਆ। ਲੰਡਨ ਦਾ ਨਾ ਭੁੱਲਣ ਵਾਲਾ ਨਜ਼ਾਰਾ ਸਾਡੇ ਸਾਹਮਣੇ ਸੀ। ਹੇਠਾਂ ਥੇਮਸ ਦਰਿਆ ਵਿਚ ਚੱਲ ਰਹੀਆਂ ਕਿਸ਼ਤੀਆਂ ਅਤੇ ਫੈਰੀਜ (ਛੋਟੇ ਸਮੁੰਦਰੀ ਜਹਾਜ਼) ਆਪਣੇ ਪਿੰਡ ਦੇ ਛੱਪੜ ਵਿਚ ਤਰਦੀਆਂ ਬੱਤਖਾਂ ਵਾਂਗ ਨਜ਼ਰ ਆ ਰਹੀਆਂ ਸਨ। ਥੇਮਸ ਦਰਿਆ ਦੇ ਦੋਹਾਂ ਕੰਢਿਆਂ ਦੇ ਨਾਲ ਨਾਲ ਬਣੀਆਂ ਸੜਕਾਂ ਉੱਤੇ ਤੁਰ ਰਹੇ ਲੋਕ ਬੌਣੇ ਬੌਣੇ ਨਜ਼ਰ ਆ ਰਹੇ ਸਨ। ਦਰਿਆ ਦੇ ਦੂਸਰੇ ਪਾਸੇ ਹਾਊਸਜ ਆਫ਼ ਪਾਰਲੀਆਮੈਂਟ ਅਤੇ ਬਿੱਗ ਬੈਨ ਬਹੁਤ ਖੂਬਸੂਰਤ ਨਜ਼ਰ ਆ ਰਹੇ ਸਨ। ਹੌਲੀ ਹੌਲੀ ਸਾਡੀ ਬੋਗੀ ਵੀ ਸਿਖਰ ਤੋਂ ਹੇਠਾਂ ਵੱਲ ਖਿਸਕਣ ਲੱਗੀ। ਦੂਰ ਤੱਕ ਨਜ਼ਰ ਮਾਰਦਿਆਂ ਮੇਰੇ ਅਚੇਤ ਮਨ ਵਿਚ ਫਿਲਮ ਬਲ਼ੈਕ ਪ੍ਰਿੰਸ ਦਾ ਗੀਤ "ਮੈਨੂੰ ਦਰਦਾਂ ਵਾਲਾ ਦੇਸ਼ ਅਵਾਜ਼ਾਂ ਮਾਰਦਾ" ਗੂੰਜਣ ਲੱਗਾ ਤੇ ਮੈਨੂੰ ਸਿੱਖ ਰਾਜ ਦਾ ਆਖ਼ਰੀ ਸੂਰਜ ਮਹਾਰਾਜਾ ਦਲੀਪ ਸਿੰਘ ਯਾਦ ਆਇਆ। ਮੈਂ ਇੱਕਦਮ ਹਰਦੇਵ ਨੂੰ ਪੁੱਛਿਆ ਕਿ "ਲੰਡਨ ਆਈ ਤੋਂ ਮਹਾਰਾਜਾ ਦਲੀਪ ਸਿੰਘ ਦੀ ਯਾਦਗਾਰ ਨਜ਼ਰ ਨਹੀਂ ਆਉਂਦੀ "? ਉਸ ਨੇ ਦੱਸਿਆ ਕਿ ਲੰਡਨ ਤੋਂ ਉੱਤਰ ਪੂਰਬ ਵਿਚ ਕੋਈ (75 ਮਿਲਇਸ) ਲੱਗਭਗ 121ਕਿਲੋਮੀਟਰ ਦੂਰ Elveden (Suffolk) ਪਿੰਡ ਦੇ St. Andrew and St. Patrick Chrch ਵਿਚ ਉਨ੍ਹਾਂ ਦੀ ਸਮਾਧ ਹੈ। ਮਹਾਰਾਜਾ ਦਲੀਪ ਸਿੰਘ 55 ਸਾਲ ਦੀ ਉਮਰ ਵਿਚ ਹੀ 22 ਅਕਤੂਬਰ 1893 ਨੂੰ ਪੈਰਿਸ (ਫਰਾਂਸ) ਵਿਖੇ ਅਕਾਲ ਚਲਾਨਾਂ ਕਰ ਗਏ ਸਨ। ਉਨਾਂ ਦੇ ਬੱਚਿਆਂ ਵੱਲੋਂ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਇੱਥੇ ਇੰਗਲੈਂਡ ਲਿਆ ਕੇ Elveden ਦੇ ਚਰਚ ਵਿਚ ਇਸਾਈ ਧਰਮ ਦੀਆਂ ਰਹੂ ਰੀਤਾਂ ਅਨੁਸਾਰ ਸਪੁਰਦ-ਏ-ਖ਼ਾਕ ਕੀਤਾ ਗਿਆ। ਉਂਝ ਮਹਾਰਾਜਾ ਦਲੀਪ ਸਿੰਘ ਜੀ ਦੀ ਆਖ਼ਰੀ ਇੱਛਾ ਸੀ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ ਪੰਜਾਬ (ਭਾਰਤ) ਵਿਚ ਸਿੱਖ ਮਰਿਆਦਾ ਅਨੁਸਾਰ ਕੀਤਾ ਜਾਵੇ ਜੋ ਕਿ ਅੰਗਰੇਜ਼ ਸਰਕਾਰ ਵਲੋਂ ਪੂਰੀ ਨਾ ਹੋਣ ਦਿੱਤੀ ਗਈ। ਮੈਂ ਹਰਦੇਵ ਸਿੰਘ ਨੂੰ ਉਹ ਸਥਾਨ ਦੇਖਣ ਦੀ ਆਪਣੀ ਇੱਛਾ ਪ੍ਰਗਟਾਈ। ਹਰਦੇਵ ਸਿੰਘ ਨੇ ਸੁਰਿੰਦਰ ਸਿੰਘ ਔਜਲਾ ਨਾਲ ਫੋਨ ਤੇ ਗੱਲ ਕਰਕੇ ਅਗਲੇ ਦਿਨ ਹੀ ਉੱਥੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸੋ ਅਗਲੀ ਸਵੇਰ ਸੁਰਿੰਦਰ ਸਿੰਘ ਔਜਲਾ ਤਿਆਰ ਹੋ ਕੇ ਸਾਡੇ ਕੋਲ ਪਹੁੰਚ ਗਏ ਤੇ ਅਸੀਂ ਤਿੰਨੇ ਮੈਂ ,ਹਰਦੇਵ ਸਿੰਘ ਅਤੇ ਸੁਰਿੰਦਰ ਔਜਲਾ ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਤੁਰ ਪਏ। ਵਾਟ ਕਾਫ਼ੀ ਲੰਬੀ ਸੀ ਪਰ ਇੰਗਲੈਂਡ ਦੀਆਂ ਸੜਕਾਂ ਅਤੇ ਨਵੀਆਂ ਨਕੋਰ ਸਾਫ ਸੁਥਰੀਆਂ ਗੱਡੀਆਂ ਉੱਤੇ ਜਾਣਾ ਕੋਈ ਮੁਸ਼ਕਿਲ ਨਹੀਂ ਲੱਗਦਾ। ਲੰਡਨ ਸ਼ਹਿਰ ਦੀ ਹੈਵੀ ਟ੍ਰੈਫਿਕ ਭਰੀਆਂ ਸੜਕਾਂ ਤੋਂ ਬਾਹਰ ਨਿਕਲ ਜਲਦੀ ਹੀ ਸਾਡੀ ਰੇਂਜ ਰੋਵਰ ਕਾਰ ਸਟੇਟ ਹਾਈ ਵੇ ਤੇ ਦੌੜਨ ਲੱਗੀ। ਦੂਰ ਦੂਰ ਤੱਕ ਹਰਿਆਲੀ ਭਰੇ ਖੇਤਾਂ ਦਾ ਮਨਮੋਹਕ ਨਜ਼ਾਰਾ ਵੇਖ ਦਿਲ ਸਰਸ਼ਾਰ ਹੋਈ ਜਾਂ ਰਿਹਾ ਸੀ। ਸਾਰੇ ਰਾਹ ਹਲਕੀ ਹਲਕੀ ਬਾਰਸ਼ ਹੁੰਦੀ ਰਹੀ। ਸੜਕ ਦੇ ਦੋਹਾਂ ਪਾਸਿਆਂ ਉੱਤੇ ਬਹੁਤ ਹੀ ਖੂਬਸੂਰਤ ਰੁੱਖ ਲੱਗੇ ਹੋਏ ਸਨ। ਮੇਰੇ ਦਿਲ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਚਾਲੀ ਸਾਲਾਂ ਦਾ ਸੁਨਹਿਰੀ ਇਤਿਹਾਸ ਘੁੰਮ ਰਿਹਾ ਸੀ। ਡੇਢ ਦੋ ਘੰਟੇ ਦੇ ਸਫ਼ਰ ਤੋਂ ਬਾਅਦ ਅਸੀਂ ਉਸ ਚਰਚ ਦੇ ਗੇਟ ਕੋਲ ਪਹੁੰਚ ਗਏ ਜਿਸ ਵਿਚ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਸੀ। ਆਪਣੇ ਮਹਾਰਾਜਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਡਾਕਟਰ ਸੁਰਿੰਦਰ ਔਜਲਾ ਆਪਣੇ ਨਾਲ ਤਾਜ਼ੇ ਫੁੱਲਾਂ ਦਾ ਗੁਲਦਸਤਾ ਵੀ ਲੈ ਕੇ ਆਏ ਸੀ। ਅਸੀਂ ਚਰਚ ਦੇ ਬਾਹਰ ਲੱਗੇ ਸਧਾਰਨ ਜਿਹੇ ਗੇਟ ਨੂੰ ਹੌਲੀ ਜਿਹੀ ਸਰਕਾ ਕੇ ਅੰਦਰ ਦਾਖਲ ਹੋ ਗਏ। ਹਲਕੀ ਹਲਕੀ ਬਾਰਸ਼ ਹੋ ਰਹੀ ਸੀ। ਅਸੀਂ ਆਪਣੀਆਂ ਛੱਤਰੀਆਂ ਤਾਣ ਲਈਆਂ ਜੋ ਅਸੀਂ ਤੁਰਨ ਵੇਲੇ ਗੱਡੀ ਵਿਚ ਰੱਖ ਲਈਆਂ ਸਨ। ਕਿਉਂਕਿ ਇੱਥੇ ਮੌਸਮ ਦਾ ਕੋਈ ਭਰੋਸਾ ਨਹੀਂ ਹੁੰਦਾ। ਵੈਸੇ ਵੀ ਸਾਰੇ ਪੱਛਮੀ ਦੇਸ਼ਾਂ ਵਿਚ ਕਹਾਵਤ ਮਸ਼ਹੂਰ ਹੈ। Work,Weather and Woman ਦਾ ਕੋਈ ਭਰੋਸਾ ਨਹੀਂ ਕਿ ਕਿਹੜੇ ਵੇਲੇ ਸਾਥ ਛੱਡ ਜਾਣ। ਦੂਰ ਤੱਕ ਕਰਾਸ ਚਿੰਨ੍ਹ ਲੱਗੀਆਂ ਕਬਰਾਂ ਹੀ ਕਬਰਾਂ ਵਿਚ ਦੀ ਅਸੀਂ ਹੋਰ ਅੱਗੇ ਵਧੇ ਪਰ ਸਾਨੂੰ ਮਹਾਰਾਜਾ ਦਲੀਪ ਸਿੰਘ ਜੀ ਦੀ ਸਮਾਧ ਕਿਤੇ ਨਜ਼ਰ ਨਾ ਆਈ। ਆਸੇ ਪਾਸੇ ਕੋਈ ਹੈ ਵੀ ਨਹੀਂ ਸੀ ਜਿਸ ਕੋਲੋਂ ਪੁੱਛ ਲੈਂਦੇ। ਚਰਚ ਦੀ ਵੱਡੀ ਸਾਰੀ ਬਿਲਡਿੰਗ ਵਿਚੋਂ ਦੀ ਲੰਘਕੇ ਅਸੀਂ ਉਸ ਦੇ ਪੱਛਮ ਵਾਲੇ ਪਾਸੇ ਹੋ ਤੁਰੇ। ਸਾਰੀਆਂ ਕਬਰਾਂ ਸਧਾਰਨ ਜਿਹੀਆਂ ਬਣੀਆਂ ਹੋਈਆਂ ਸਨ। ਫਿਰ ਸਾਡੀ ਨਜ਼ਰ ਮਾਰਬਲ ਨਾਲ ਬਣੀਆਂ ਤਿੰਨ ਸਮਾਧਾਂ ਉੱਤੇ ਪਈ ਜਿੰਨਾਂ ਉੱਤੇ ਫੁੱਲਾਂ ਦੇ ਗੁਲਦਸਤੇ ਪਏ ਹੋਏ ਸਨ। ਅਸੀਂ ਉਸ ਵੱਲ ਹੋ ਤੁਰੇ। ਜਾ ਕੇ ਵੇਖਿਆ ਤਾਂ ਉਨ੍ਹਾਂ ਵਿਚੋਂ ਇੱਕ ਉੱਤੇ ਉੱਕਰਿਆ ਹੋਇਆ ਸੀ। In Memory Of DULEEP SINGH GCSI (Knight Grand Commander of the Order of the Star of India) Maharaja Of Lahore. ਮੇਰਾ ਖ਼ਿਆਲ ਹੈ ਕਿ ਇਸ ਨੂੰ (Maharaja Of Punjab) ਲਿਖਣਾ ਚਾਹੀਦਾ ਸੀ। ਦੂਸਰੀ ਉੱਤੇ ਮਹਾਰਾਣੀ ਬੰਬਾ ਦੁਲੀਪ ਸਿੰਘ ਅਤੇ ਤੀਜੇ ਉੱਤੇ ਉਨ੍ਹਾਂ ਦੇ ਬੇਟੇ ਪ੍ਰਿੰਸ ਅਲਬਰਟ ਐਡਵਰਡ ਅਲੈਗਜੈਂਡਰ ਦੁਲੀਪ ਸਿੰਘ ਉੱਕਰਿਆ ਹੋਇਆ ਸੀ। ਅਸੀਂ ਗੁੱਲਦਸਤਾ ਭੇਟ ਕਰਕੇ ਕੁਝ ਸਮਾਂ ਉੱਥੇ ਰੁਕੇ। ਮੈਂ ਸੋਚ ਰਿਹਾ ਸੀ ਕਿ ਜੇਕਰ ਸਿੱਖ ਰਾਜ ਪੀੜ੍ਹੀ ਦਰ ਪੀੜ੍ਹੀ ਚਲਦਾ ਰਹਿੰਦਾ ਤਾਂ ਅੱਜ ਪੰਜਾਬ ਦੀ ਤਸਵੀਰ ਹੋਰ ਤਰ੍ਹਾਂ ਦੀ ਹੁੰਦੀ ਤੇ ਅਸੀਂ ਵੀ ਦੁਨੀਆਂ ਦੇ ਨਕਸ਼ੇ 'ਤੇ ਇੱਕ ਅਮੀਰ ਦੇਸ਼ ਪੰਜਾਬ ਦੇ ਨਾਗਰਿਕ ਹੁੰਦੇ। ਫਿਰ ਅਸੀਂ ਵਾਪਸੀ ਪਾ ਲਈ। ਗੱਡੀ ਆਪਣੀ ਪੂਰੀ ਰਫ਼ਤਾਰ ਨਾਲ ਜਾ ਰਹੀ ਸੀ। ਮੇਰੇ ਦਿਲ ਅੰਦਰ ਅਜੀਬ ਜਿਹੀ ਖਲਬਲੀ ਮੱਚ ਉੱਠੀ। ਮੈਂ ਆਪਣੀਆਂ ਅੱਖਾਂ ਨੂੰ ਬੰਦ ਕਰ ਲਿਆ। ਹੰਝੂਆਂ ਦੀ ਝਰਾਲ ਮੇਰੇ ਨੈਣਾਂ ' ਚੋਂ ਵਹਿ ਤੁਰੀ। ਇੱਕ ਹਉਕਾ ਮੇਰੇ ਦਿਲ ਅੰਦਰ ਡੂੰਘਾ ਲਹਿ ਗਿਆ। ਤੇ ਫਿਰ ਉਹੀ ਗੀਤ ਮੈਨੂੰ ਦਰਦਾਂ ਵਾਲਾ ਦੇਸ਼ ਅਵਾਜ਼ਾਂ ਮਾਰਦਾ ਮੇਰੇ ਦਿਲ ਵਿਚ ਗੂੰਜਣ ਲੱਗ ਪਿਆ। ਮੈਂ ਸੋਚ ਰਿਹਾ ਸੀ ਕਿ ਲੰਡਨ ਆਈ ਤੋਂ ਸਿਰਫ਼ ਲੰਡਨ ਹੀ ਵੇਖਿਆ ਜਾ ਸਕਦਾ। ਦਰਦਾਂ ਵਾਲੇ ਦੇਸ਼ ਦੇ ਮਹਾਰਾਜਾ ਦਲੀਪ ਸਿੰਘ ਨੂੰ ਤਾਂ ਦਿਲ ਦੀਆਂ ਅੱਖਾਂ ਨਾਲ ਹੀ ਵੇਖਿਆਂ ਜਾ ਸਕਦਾ ਹੈ।

# ਸਾਬਕਾ ਨੌਜਵਾਨ

ਕਈ ਸਾਲ ਪਹਿਲਾਂ ਮੈਂ ਆਪਣੀ ਜਨਮ-ਮਿਤੀ ਬਦਲ ਕੇ ਤਿੰਨ ਜਨਵਰੀ ਕਰ ਲਈ ਸੀ, ਜਿਸ ਕਾਰਨ ਮੈਨੂੰ ਯਾਦ ਹੀ ਨਹੀਂ ਰਿਹਾ ਕਿ ਕਾਗਜਾਂ ਵਿਚ ਮੇਰੀ ਜਨਮ ਮਿਤੀ 6 ਸਤੰਬਰ ਹੈ। ਅੱਜ ਕਿਸੇ ਨੇ 'ਬੀਲੇਟਡ ਬਰਥ-ਡੇ' ਦਾ ਸੁਨੇਹਾ ਭੇਜਿਆ ਤਾਂ ਮੈਨੂੰ ਯਾਦ ਆਇਆ ਕਿ ਹੁਣ ਮੈਂ ਸੱਠਾਂ ਦਾ ਹੋ ਗਿਆ ਹਾਂ ਤੇ ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਹੁਣ ਮੈਂ 'ਸੀਨੀਅਰ ਸਿਟੀਜਨ' ਹਾਂ। ਭਾਰਤ ਸਰਕਾਰ ਯਾਦ ਆਈ ਤਾਂ ਫਿਰ ਪੰਜਾਬ ਸਰਕਾਰ ਵੀ ਯਾਦ ਆਈ ਤੇ ਪਤਾ ਲੱਗਿਆ, ਜਿਹੜੇ ਸਾਬਕਾ ਹੁੰਦੇ ਨੇ ਉਹ ਕਿਸੇ ਕੰਮ ਦੇ ਨਹੀਂ ਹੁੰਦੇ। ਫਿਰ ਤਾਂ ਸਮਾਜ, ਧਰਮ, ਸਦਾਚਾਰ... ਪਤਾ ਨਹੀਂ, ਕੀ-ਕੀ ਯਾਦ ਆਇਆ। ਯਾਦ ਆਇਆ ਕਿ 'ਸੀਨੀਅਰ ਸਿਟੀਜਨ' ਮਤਲਬ... 'ਸੀਨੀਅਰ ਸਿਆਪੇ'। ਜਦੋਂ ਤੁਸੀਂ 'ਸੀਨੀਅਰ' ਹੋ ਜਾਂਦੇ ਹੋ, ਲੋਕ ਹਰ ਗੱਲ ਵਿਚ ਤੁਹਾਥੋਂ ਸਿਆਣਪ ਦੀ ਉਮੀਦ ਕਰਨ ਲੱਗਦੇ ਹਨ। ਤੁਸੀਂ ਭਾਵੇਂ ਡੱਕੇ ਦੀ ਇੱਜ਼ਤ ਦੇ ਕਾਬਿਲ ਨਾ ਹੋਵੋ, ਲੋਕ ਧੱਕੇ ਨਾਲ ਬਿਨਾ ਗੱਲੋਂ ਤੁਹਾਨੂੰ ਪਹਿਲਾਂ ਇੱਜ਼ਤ ਦਿੰਦੇ ਹਨ ਤੇ ਫਿਰ ਧੱਕੇ ਨਾਲ 'ਸਠਿਆ ਗਿਆ' ਕਹਿ ਕੇ ਖੋਹ ਵੀ ਲੈਂਦੇ ਹਨ। ਭਾਵੇਂ ਤੁਹਾਨੂੰ ਸਿਆਣਪ ਦਾ ਮਤਲਬ ਨਾ ਪਤਾ ਹੋਵੇ, ਉਹ ਚਾਹੁੰਦੇ ਹਨ ਕਿ ਤੁਸੀਂ ਮੂਰਖਤਾ ਵੀ ਸਿਆਣਪ ਨਾਲ ਕਰੋ। ਗਾਲ਼ ਵੀ ਕੱਢੋ ਤਾਂ ਉਹ ਇਲਾਹੀ ਗਿਆਨ ਵਰਗੀ ਹੋਵੇ। ਹਲਕੀ ਗੱਲ ਕਰੋ ਤਾਂ ਉਹ ਭਾਰੇ ਸ਼ਬਦਾਂ ਵਿਚ ਹੋਵੇ। ਬਕਵਾਸ ਕਰਨ ਨੂੰ ਦਿਲ ਕਰੇ ਤਾਂ ਨਿਮਰਤਾ ਅਤੇ ਸਲੀਕੇ ਨਾਲ ਕਰੋ। ਔਰਤ ਦੀ ਗੱਲ ਕਰਨੀ ਹੋਵੇ ਤਾਂ ਇੱਕ ਵਾਕ ਵਿਚ ਘੱਟੋ-ਘੱਟ ਤਿੰਨ ਵਾਰ ਭੈਣ ਜੀ ਜਾਂ ਬੀਬਾ ਜੀ ਸ਼ਬਦ ਦੀ ਵਰਤੋਂ ਕਰੋ। ਜੇ ਗਲਤੀ ਨਾਲ ਵੀ ਕਿਤੇ ਸ਼ਰਾਬ ਸ਼ਬਦ ਵਰਤਿਆ ਜਾਵੇ, ਪਿੱਛੇ ਬਰੈਕਟ ਵਿਚ 'ਪੀਣੀ ਸਿਹਤ ਲਈ ਹਾਨੀਕਾਰਕ ਹੈ' ਲਿਖਣਾ ਨਾ ਭੁੱਲੋ। ਉਹ ਚਾਹੁੰਦੇ ਹਨ ਕਿ ਤੁਸੀ ਸੌਵੋਂ ਤਾਂ ਸ਼ਮਸ਼ਾਨ ਘਾਟ ਵੱਲ ਮੂੰਹ ਕਰ ਕੇ ਤੇ ਉੱਠੋ ਕਿਸੇ ਧਰਮ ਸਥਾਨ ਵੱਲ ਮੂੰਹ ਕਰ ਕੇ। ਉਹ ਸਦਾ ਤੁਹਾਡੇ ਵੱਲ ਇੰਜ ਝਾਕਦੇ ਨੇ ਕਿ ਜਿਵੇਂ ਇਹ ਆਖਰੀ ਵਾਰ ਹੋਵੇ। ਅਗਲੀ ਵਾਰ ਤੁਸੀਂ ਪਤਾ ਨਹੀਂ ਉਨ੍ਹਾਂ ਨੂੰ ਮਿਲੋਗੇ ਵੀ ਕਿ ਨਹੀਂ।

ਖੈਰ! ਬਦਲਾਅ ਭਾਵੇਂ ਕਿਸੇ ਲਈ ਇੱਕ ਜੁਮਲਾ ਹੋਵੇ ਪਰ ਕੁਦਰਤ ਦਾ ਇਹ ਅਟੱਲ ਨੇਮ ਹੈ। ਵਕਤ ਦੇ ਨਾਲ-ਨਾਲ ਇੱਥੇ ਹਰ ਕੋਈ ਕਦੇ ਨਾ ਕਦੇ ਕਿਸੇ ਨਾ ਕਿਸੇ ਪੱਖੋਂ 'ਸਾਬਕਾ' ਹੁੰਦਾ ਹੈ। ਕੋਈ ਉਮਰ ਵਿੱਚ, ਕੋਈ ਰਿਸ਼ਤਿਆਂ ਵਿੱਚ, ਕੋਈ ਹੈਸੀਅਤ ਵਿਚ। ਕਈ ਤਾਂ ਵਕਤ ਤੋਂ ਪਹਿਲਾਂ ਹੀ ਹੋ ਜਾਂਦੇ ਹਨ। ਤੇ ਕਈ ਮੇਰੇ ਵਰਗੇ ਆਪਣੀਆਂ ਜਨਮ-ਤਰੀਕਾਂ ਵੀ ਬਦਲ ਲੈਂਦੇ ਨੇ ਤੇ ਰੰਗ-ਰੁੰਗ (ਫਿਲਟਰ-ਫੁਲਟਰ ਵੀ) ਲਾ ਕੇ ਆਪਣੀਆਂ ਸਕਲਾਂ ਵੀ।


***-ਪਾਲੀ ਭੁਪਿੰਦਰ***



# ਰੂਹ ਦੀ ਖ਼ੁਰਾਕ ਵਰਗਾ ਕਹਾਣੀ ਸੰਗ੍ਰਹਿ – 'ਸਤਨਾਜਾ' !!

## ਪੁਸਤਕ ਚਰਚਾ

ਚਰਨਜੀਤ ਸਿੰਘ ਪੰਨੂ ਨੇ ਭਾਵੇਂ ਖ਼ੁਦ ਨੂੰ ਅਜੇ ਤੱਕ ਵੀ ਇੱਕ 'ਪਾਠਕ ਦੀ ਉਪਾਧੀ' ਨਾਲ ਹੀ 'ਨਰੜਿਆ' ਹੋਇਆ ਹੈ, ਪਰ ਫਿਰ ਵੀ ਪੰਜਾਬੀ ਸਾਹਿਤ ਦੇ ਇਸ ਸਮਰੱਥ ਸਾਹਿਤਕਾਰ ਨੂੰ ਕਿਸੇ ਰਸਮੀ ਜਾਣ-ਪਹਿਚਾਣ ਦੀ ਜ਼ਰੂਰਤ ਨਹੀਂ ਹੈ। ਇੱਕ ਬਹੁ-ਵਿਧਾਵੀ ਲੇਖਕ, ਜਿਸ ਨੇ ਹੁਣ ਤੱਕ 9 ਕਹਾਣੀ ਸੰਗ੍ਰਹਿ, 10 ਸਫ਼ਰਨਾਮੇ, 5 ਕਾਵਿ-ਸੰਗ੍ਰਹਿ, 2 ਵਾਰਤਕ ਸੰਗ੍ਰਹਿ, ਇੱਕ ਇਕਾਂਗੀ ਸੰਗ੍ਰਹਿ ਅਤੇ ਇੱਕ ਨਾਵਲ ਨੂੰ ਪਾਠਕਾਂ ਅਤੇ ਪੰਜਾਬੀ ਸਾਹਿਤ ਦੇ ਨਾਮ ਕਰਦਿਆਂ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ!



ਚਰਨਜੀਤ ਪੰਨੂ ਦੀ ਲੇਖਣੀ ਬੜੀ ਸਧਾਰਨ, ਪਰ ਪ੍ਰਭਾਵਸ਼ਾਲੀ ਸ਼ੈਲੀ ਵਿਚ ਹੁੰਦੀ ਹੈ। ਆਪਣੇ ਡੂੰਘੇ ਸ਼ਬਦੀ ਜ਼ਖ਼ੀਰੇ ਵਿਚੋਂ ਚੋਣਵੇਂ ਸ਼ਬਦਾਂ ਨੂੰ ਭਾਲ਼ ਕੇ ਦਿਲ ਟੁੰਬਦੀ ਤਰਤੀਬ ਵਿਚ ਪਰੋ ਦੇਂਦਾ ਹੈ। ਭੁੱਲੇ ਵਿਸਰੇ ਸ਼ਬਦ ਵੀ ਪਾਠਕਾਂ ਨਾਲ ਸਾਂਝੇ ਕਰ

ਕੁਲਵਿੰਦਰ ਸਿੰਘ ਬਾਠ
ਫੋਨ: 209-600-2897

ਦਿੰਦਾ ਹੈ। ਉਸ ਦੀਆਂ ਰਚਨਾਵਾਂ ਦੇ ਪਾਤਰ ਅਕਸਰ ਜਾਣੇ-ਪਛਾਣੇ ਜਿਹੇ ਲੱਗਦੇ ਰਹਿੰਦੇ ਹਨ, ਜੋ ਪਾਠਕਾਂ ਨਾਲ਼ ਕਿੱਕਲੀਆਂ ਪਾਉਂਦਿਆਂ ਉਨ੍ਹਾਂ ਨੂੰ ਆਪਣੇ ਨਾਲ਼ ਹੀ ਤੋਰ ਲੈਂਦੇ ਹਨ। ਰਚਨਾਵਾਂ ਦੀ ਰੂਹ ਅੰਦਰਲੇ 'ਅਨੁਭਵ, ਅਹਿਸਾਸ ਅਤੇ ਸੁਨੇਹੇ' ਖ਼ੁਦ-ਬ-ਖ਼ੁਦ ਪਾਠਕਾਂ ਦੀ ਰੂਹ ਤੱਕ ਅੱਪੜ ਜਾਂਦੇ ਹਨ।

ਰੂਹ ਦੀ ਖ਼ੁਰਾਕ ਵਰਗੀਆਂ ਕਹਾਣੀਆਂ ਦਾ ਸਤਨਾਜਾ...

ਸੱਤ ਖ਼ੂਬਸੂਰਤ ਰੰਗਾਂ ਦੇ ਸੁਮੇਲ ਤੋਂ ਬਣੀ ਸੂਰਜ ਦੀ ਕਿਰਨ ਵਾਂਗ ਹੀ 'ਸਤਨਾਜਾ' ਵੀ ਪਾਠਕ ਦੇ 'ਰੂਹ ਦੀ ਖ਼ੁਰਾਕ' ਵਰਗੀਆਂ ਸੱਤ ਵੰਨ-ਸੁਵੰਨੀਆਂ ਅਤੇ ਰੰਗ-ਬਰੰਗੀਆਂ ਕਹਾਣੀਆਂ ਦਾ ਸੁਮੇਲ ਹੈ। ਕਹਾਣੀਆਂ ਕਦੇ-ਕਦੇ ਮਿੰਨੀ ਨਾਵਲਾਂ ਵਰਗੀਆਂ ਵੀ ਲਗਦੀਆਂ ਹਨ।

ਖੋਜੀ ਬਿਰਤੀ ਵਾਲੇ ਸੰਵੇਦਨਸ਼ੀਲ ਪੰਨੂ ਦੀਆਂ ਲਿਖਤਾਂ ਵਿੱਚ ਇੱਕ ਵਿਲੱਖਣਤਾ ਇਹ ਵੀ ਹੈ ਕਿ ਉਹ ਸਿਰਜਣਾ ਨਾਲ ਸਬੰਧਤ ਸਮਾਜਿਕ, ਧਾਰਮਿਕ, ਵਿਗਿਆਨਕ, ਇਤਿਹਾਸਕ, ਰਾਜਨੀਤਕ, ਸੱਭਿਆਚਾਰਕ ਅਤੇ ਆਰਥਿਕ ਪੱਖਾਂ ਅਤੇ ਤੱਥਾਂ ਨੂੰ ਪਹਿਲਾਂ ਆਪਣੀ ਪਾਰਖੂ ਅਤੇ ਤੁਲਨਾਤਮਿਕ ਅੱਖ ਨਾਲ ਵਾਚਦਾ ਹੈ, ਰਿੜਕਦਾ ਹੈ ਅਤੇ ਫੇਰ ਸੂਖ਼ਮਤਾ ਨਾਲ ਅਲਫ਼ਾਜ਼ਾਂ ਦੇ ਬਸਤਰ ਅਤੇ ਗਹਿਣੇ ਪਾ ਦਿੰਦਾ ਹੈ। ਲਿਖਤਾਂ ਵਿਚੋਂ ਸਹਿਜਤਾ ਝਲਕਦੀ ਹੈ ਅਤੇ ਕਥਾ-ਰਸ ਹੁੰਦਾ ਹੈ। 'ਸਤਨਾਜਾ' ਨੂੰ ਸਿਰਜਦਿਆਂ ਵੀ.. ਉਸ ਨੇ ਇਸ ਵਿਲੱਖਣ ਸਿਰਜਣਾਤਮਿਕਤਾ ਨੂੰ ਖ਼ੂਬ ਕਾਇਮ ਰੱਖਿਆ।

**ਆਖ਼ਰੀ ਚੀਕ...**

ਲੇਖਕ ਨੇ ਇਸ ਸੰਗ੍ਰਹਿ ਦੀ ਸ਼ੁਰੂਆਤ 'ਆਖ਼ਰੀ ਚੀਕ' ਕਹਾਣੀ ਨਾਲ ਇੱਕ 'ਸਸਪੈਂਸ ਮੂਵੀ' ਵਾਂਗ ਕੀਤੀ ਹੈ। ਕਹਾਣੀ ਦਾ 'ਸੂਤਰਧਾਰ' ਇਸ ਕਹਾਣੀ ਦੇ ਕਿਰਦਾਰਾਂ - ਭਾਰਗੋ ਉਰਫ਼ ਭਾਪਾ, ਇੰਦੂ, ਹਰਭਾਨ, ਕਾਲਾ ਸਿੰਘ ਅਤੇ ਨਿਹਾਲੇ ਗਾਰਡ ਦੇ ਤਾਣਿਆ-ਬਾਣਿਆਂ ਦੀਆਂ ਤੰਦਾਂ ਨੂੰ ਖ਼ੂਬਸੂਰਤੀ ਨਾਲ ਵਰਣਨ ਕਰਦਾ ਹੈ। ਕਹਾਣੀ ਦੀ ਰੂਹ ਅੰਦਰ ਨਿੱਘਰ ਰਹੀਆਂ ਸਮਾਜਿਕ ਕਦਰਾਂ-ਕੀਮਤਾਂ, ਅਫ਼ਸਰਸ਼ਾਹੀ ਦੀ ਜ਼ਿੰਦਗੀ, ਚਰਿੱਤਰਹੀਣ ਤੇ ਅਨੈਤਿਕ ਵਰਤਾਰੇ, ਵਿਸ਼ਵਾਸਘਾਤ ਅਤੇ ਭ੍ਰਿਸ਼ਟ ਪ੍ਰਣਾਲੀ ਦਾ ਚਿਤਰਨ ਹੈ। ਕਹਾਣੀ ਅੰਦਰਲੇ ਸ਼ਬਦ-ਚਿੱਤਰਾਂ, ਦ੍ਰਿਸ਼ਾਂ ਅਤੇ ਮਾਹੌਲ ਦਾ ਵੀ ਖ਼ੂਬਸੂਰਤੀ ਨਾਲ ਵਰਣਨ ਕੀਤਾ ਹੈ। ਪਾਠਕ ਨੂੰ ਇੰਜ ਲੱਗਦਾ ਹੈ ਜਿਵੇਂ ਉਹ ਕਹਾਣੀ ਦੇ ਕਿਰਦਾਰਾਂ ਨੂੰ ਅੱਖੀਂ ਦੇਖ ਰਿਹਾ ਹੋਵੇ, ਮਹਿਸੂਸ ਕਰ ਰਿਹਾ ਹੋਵੇ ਅਤੇ ਉਨ੍ਹਾਂ ਦੇ ਨਾਲ-ਨਾਲ ਚੱਲ ਵੀ ਰਿਹਾ ਹੋਵੇ। ਕਹਾਣੀ ਭੂਗੋਲਿਕ ਖ਼ਿੱਤਿਆਂ ਦੀਆਂ ਸੀਮਾਵਾਂ ਨੂੰ ਪਾਰ ਕਰਦੀ ਹੋਈ ਸੱਤ ਸਮੁੰਦਰ ਦੂਰ ਜਾ ਕੇ... 'ਆਖ਼ਰੀ ਚੀਕ' ਮਾਰਦੀ ਹੈ। ਭਾਰਗੋ ਅਤੇ ਇੰਦੂ ਇੱਕ ਦੂਸਰੇ ਦੇ ਨਾਜਾਇਜ਼ ਸੰਬੰਧ ਜਾਣਦੇ ਹੋਏ ਵੀ ਅਣਜਾਣ ਬਣੇ ਰਹਿੰਦੇ ਹਨ। ਭਾਰਗੋ ਇੱਕ ਸੋਹਣਾ, ਆਕਰਸ਼ਕ ਅਤੇ ਪ੍ਰਭਾਵਸ਼ਾਲੀ ਪਰ ਸੁਆਰਥੀ, ਭ੍ਰਿਸ਼ਟ ਅਤੇ ਚਰਿੱਤਰਹੀਣ ਅਧਿਕਾਰੀ ਹੈ ਜੋ ਆਪਣੇ ਮੁਲਾਜ਼ਮਾਂ ਅਤੇ ਹੋਰ ਲੋੜਵੰਦਾਂ ਦਾ ਰੱਜ ਕੇ ਸ਼ੋਸ਼ਣ ਕਰਦਾ ਹੈ। ਭਾਵੇਂ ਭਾਰਗੋ ਇੱਕ ਪ੍ਰਭਾਵਸ਼ਾਲੀ ਆਦਮੀ ਹੈ ਪਰ ਲੇਖਕ ਨੇ ਉਸ ਦੀ ਮਾਨਸਿਕ ਅਵਸਥਾ ਅਤੇ ਬੈਚੇਨੀ ਨੂੰ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਬਿਆਨ ਕੀਤਾ ਹੈ। ਖ਼ਾਸ ਕਰਕੇ ਜਿਸ ਵਕਤ ਉਹ ਆਪਣੀ ਪਤਨੀ ਨੂੰ ਸਹਾਰਨਪੁਰ ਜਾਣ ਲਈ ਉਸ ਰੇਲਵੇ ਗਾਰਡ ਨਿਹਾਲੇ ਦੇ ਹਵਾਲੇ ਕਰ ਆਉਂਦਾ ਹੈ ਜਿਸ ਨਾਲ ਰਲ ਕੇ ਉਹ ਖ਼ੁਦ ਰੰਗ-ਰਲੀਆਂ ਮਨਾਉਂਦਾ ਰਿਹਾ। ਉਸ ਦਾ ਅੰਦਰੂਨੀ ਖੌਫ਼ ਕਿ ਨਿਹਾਲਾ ਗਾਰਡ ਅਤੇ ਇੰਦੂ ਵੀ ਇਹੋ ਜਿਹੀਆਂ ਡੁਬਕੀਆਂ ਲਾਉਣਗੇ... ਆਖ਼ਰ ਸੱਚ ਹੀ ਹੋ ਨਿਬੜਦਾ ਹੈ।

**ਕਿਸਮਤ ਪੁੜੀ...**


ਇੱਕ ਗਜ਼ਬ ਦੀ ਕਹਾਣੀ ਹੈ ਜਿਸ ਵਿਚ ਪੰਨੂ ਸਾਹਿਬ ਨੇ ਰਿਸ਼ਤਿਆਂ ਦੀ ਖ਼ੂਬਸੂਰਤੀ, ਮਜਬੂਰੀ, ਰਹਿਤਲ ਅਤੇ ਦਲਦਲ ਦੇ ਗੁੰਝਲਦਾਰ 'ਸੰਗਮ' ਨੂੰ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ। ਕਹਾਣੀ ਇੱਕ ਬੈਕਫਲੈਸ਼ ਵਾਂਗ ਚੱਲਦੀ ਹੈ। ਲਾਡੀ ਨੂੰ ਅਮਰੀਕੀ ਬਾਸ਼ਿੰਦਾ ਰਾਬਰਟ ਭਾਵੇਂ ਕਿਸਮਤ ਦੀ ਪੁੜੀ ਵਾਂਗ ਹੀ ਜਾਪਿਆ ਸੀ, ਜਿਸ ਦੇ ਖੰਭਾਂ 'ਤੇ ਚੜ੍ਹ ਕੇ ਉਸ ਨੇ ਆਪਣੇ ਜੀਵਨ ਦੀ ਅਧੂਰੀ ਪਰਵਾਜ਼ ਪੂਰੀ ਕਰਨੀ ਸੀ ਪਰ ਫਿਰ ਵੀ ਉਹ ਆਪਣੇ ਮਾਂ-ਬਾਪ ਦੇ ਮੋਹਵੰਤੇ ਰਿਸ਼ਤੇ ਅਤੇ ਮਜਬੂਰੀ ਦੀਆਂ ਤੰਦਾਂ ਵਿਚ ਜਕੜੀ ਹੀ ਰਹਿ ਗਈ। ਰਿਸ਼ਤਿਆਂ ਦੇ ਦੋ ਪੁੜਾਂ ਵਿਚ ਪੀਸਦੀ ਹੋਈ ਉਹ ਰਾਬਰਟ ਦੇ ਮਾਪ ਦੰਡਾਂ 'ਤੇ ਖਰੀ ਨਾ ਉੱਤਰ ਪਾਈ। ਉਸ ਦੇ ਮਨ ਦੀਆਂ ਖ਼ਾਹਿਸ਼ਾਂ ਮਨ ਵਿਚ ਹੀ ਦੱਬੀਆਂ ਰਹਿ ਗਈਆਂ। ਇਸ ਵਰਤਾਰੇ ਵਿਚ ਉਹ 'ਸਿਰ-ਮੁੰਨੀ' ਵੀ ਬਣੀ, ਰਾਬਰਟ ਨੂੰ ਖ਼ੁਸ਼ ਕਰਨ ਲਈ 'ਕਈ ਕੁਛ' ਕਰ ਵੀ ਗਈ ਪਰ ਅਖ਼ੀਰ ਵਿਚ ਰਾਬਰਟ ਦੀਆਂ ਸੁਆਰਥੀ ਅਤੇ ਬੇ-ਲੱਜ ਨਜ਼ਰਾਂ ਵਿਚ 'ਮੇਰੀ-ਲਾਡੀ' ਤੋਂ 'ਭੈਣ-ਜੀ' ਬਣਦਿਆਂ ਤਲਾਕਸ਼ੁਦਾ ਦੀ ਤਲਾਕਸ਼ੁਦਾ ਹੀ ਰਹਿ ਗਈ..! ਚਰਨਜੀਤ ਪੰਨੂ ਕਿਉਂਕਿ ਖ਼ੁਦ ਕੈਲੀਫ਼ੋਰਨੀਆ ਦੇ ਵਾਸੀ ਹਨ, ਇਸ ਲਈ ਇਸ ਕਹਾਣੀ ਵਿਚ ਉਹ ਅਮਰੀਕਾ ਵਿਚਲੇ ਸਥਾਨਾਂ ਦਾ ਦਰੁਸਤ ਅਤੇ ਖ਼ੂਬਸੂਰਤ ਵਰਣਨ ਕਰਨੋਂ ਨਹੀਂ ਖੁੰਝੇ!

**ਵਸੀਅਤਨਾਮਾ...**

ਲੇਖਕ ਨੇ ਸਤਨਾਜਾ ਪੁਸਤਕ ਨੂੰ 'ਵਸੀਅਤਨਾਮਾ' ਕਹਾਣੀ ਦੇ ਮੁੱਖ ਪਾਤਰ (ਪਿਤਾ) ਨੂੰ ਸਮਰਪਿਤ ਕੀਤਾ ਹੈ। ਵਸੀਅਤਨਾਮਾ ਇੱਕ ਵਧੀਆ ਕਹਾਣੀ ਹੈ। ਵਸੀਅਤਨਾਮੇ ਦੀਆਂ ਕੁਝ ਕੁ ਲਾਈਨਾਂ... "ਮੇਰਾ ਅੰਤਿਮ ਸਮਾਂ ਨੇੜੇ ਹੈ।... ਤੁਸੀਂ ਵੇਖ ਲਿਆ ਹੈ! ਮੈਂ ਇਸ ਜਗਤ ਸਰਾਂ ਵਿਚ ਇੱਕ ਮੁਸਾਫ਼ਰ ਵਾਂਗ ਆਇਆ ਸੀ ਤੇ ਹੁਣ ਵਾਪਸ ਜਾ ਰਿਹਾ ਹਾਂ ਖ਼ਾਲਮ ਖ਼ਾਲੀ।" ਪਾਠਕ ਵਸੀਅਤਨਾਮਾ ਕਹਾਣੀ ਨੂੰ ਪੜ੍ਹਨ ਤੋਂ ਬਾਅਦ ਲੇਖਕ ਦੀ 'ਸਮਰਪਿਤ ਸੋਚਣੀ' ਨਾਲ ਜ਼ਰੂਰ ਸਹਿਮਤ ਹੋਣਗੇ!

**ਹੱਦ ਹੋ ਗੀ...**

ਕਹਾਣੀ ਵਿਚ ਲੇਖਕ ਨੇ ਪਰਦੇਸ ਅਤੇ ਪਰਦੇਸੀਆਂ ਦੀ ਸੰਘਰਸ਼ ਭਰੀ ਦੂਹਰੀ ਜ਼ਿੰਦਗੀ ਹੰਢਾਉਣ ਦੇ ਸੰਤਾਪ ਅਤੇ ਤ੍ਰਾਸਦੀ ਨੂੰ ਬੜੀ ਬਰੀਕੀ ਨਾਲ ਕਲਮਬੱਧ ਕੀਤਾ ਹੈ। ਕਹਾਣੀ ਬਿੱਕਰ ਸਿੰਘ, ਉਸਦੀ ਬੇਟੀ ਸੋਨਮ ਅਤੇ ਨਿਕੰਮੇ ਜਵਾਈ ਸੁਨੀਲ ਦੁਆਲੇ ਘੁੰਮਦੀ ਹੈ। ਬਿੱਕਰ ਸਿੰਘ ਇੱਕ ਸਰਦਾ-ਪੁੱਜਦਾ ਅਤੇ ਧੜੱਲੇਦਾਰ ਵਿਅਕਤੀ ਹੈ ਜਿਸ ਨੂੰ ਮਜਬੂਰੀ ਵੱਸ ਆਪਣੀ ਅਮਰੀਕਾ ਵਸਦੀ ਲੜਕੀ ਦੇ ਪਾਸ ਜਾ ਕੇ ਰਹਿਣਾ ਪੈਂਦਾ ਹੈ। ਉਸ ਦੀ ਲੜਕੀ ਹਰ ਹਾਲਾਤ ਵਿਚ ਅਮਰੀਕਾ ਵਸਣਾ




ਚਾਹੁੰਦੀ ਸੀ ਅਤੇ ਬਿੱਕਰ ਨੂੰ ਆਪਣੇ ਲੜਕੇ ਵਾਸਤੇ ਅਮਰੀਕਾ ਦਾ ਦੁਆਰ ਖੁੱਲ੍ਹਦਾ ਨਜ਼ਰ ਆ ਰਿਹਾ ਸੀ। ਧੀ-ਜਵਾਈ ਅਤੇ ਕੁੜਮਾਂ ਦੇ ਘਰ ਦਾ ਮਾਹੌਲ ਅਤੇ ਪਰਦੇਸ ਵੱਢ-ਵੱਢ ਖਾਂਦਾ ਹੈ। ਉਸ ਦਾ ਦਮ ਘੁਟਦਾ ਹੈ ਅਤੇ ਨਾ ਚਾਹੁੰਦਿਆਂ ਹੋਇਆ ਵੀ ਰਹਿਣਾ ਅਤੇ ਬੜਾ ਕੁਝ ਦੇਖਣਾ ਤੇ ਸਹਿਣਾ ਪੈ ਰਿਹਾ ਹੈ। ਜਵਾਈ ਅਤੇ ਧੀ ਕੁਰਾਹੇ ਪੈਂਦੇ ਨੇ ਅਤੇ ਪਿੱਛੇ ਪੰਜਾਬ ਵਿਚ ਛੱਡਿਆ ਜਵਾਨ ਲੜਕਾ ਵੀ। ਦੇਸ ਅਤੇ ਪਰਦੇਸ ਦੇ ਸੱਭਿਆਚਾਰਾਂ ਦੇ ਵਖਰੇਵੇਂ ਦਾ ਬਾਖ਼ੂਬੀ ਨਾਲ ਵਰਣਨ ਕੀਤਾ ਹੈ।

**ਚਮਤਕਾਰੀ ਫ਼ਰਿਸ਼ਤਾ...**

ਮੁੱਢ ਕਦੀਮ ਤੋਂ ਹੀ ਕੁਝ ਚੁਸਤ-ਚਲਾਕ ਲੋਕ ਭੋਲੇ-ਭਾਲੇ ਲੋਕਾਂ ਨੂੰ ਭੰਬਲਭੂਸਿਆਂ ਵਿਚ ਪਾ ਕੇ ਸ਼ੋਸ਼ਣ ਕਰਦੇ ਆਏ ਹਨ। ਅੰਧ-ਵਿਸ਼ਵਾਸ ਵਿਚ ਡੁੱਬੇ ਲੋਕ ਇਨ੍ਹਾਂ ਦੇ ਸ਼ੋਸ਼ਿਆਂ ਤੇ ਜੁਮਲਿਆਂ ਦੇ ਮੱਕੜ ਜਾਲ ਵਿਚ ਬੜੇ ਅਰਾਮ ਨਾਲ ਫਸਦਿਆਂ ਆਪਣਾ ਸਭ ਕੁੱਝ ਅਤੇ 'ਆਪਣਾ-ਆਪ' ਲੁਟਾ ਬਹਿੰਦੇ ਹਨ। ਇਹ ਫ਼ਾਤਰ ਮਗ਼ਜ਼ ਅਕਸਰ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਖੇਮਿਆਂ ਨਾਲ ਸਬੰਧਤ ਹੁੰਦੇ ਹਨ - ਭਾਵੇਂ ਉਹ ਰਾਜਸੀ ਲੀਡਰ, ਪਾਦਰੀ, ਡੇਰੇਦਾਰ, ਬਾਬੇ, ਜਾਂ ਫਿਰ ਚਰਨਜੀਤ ਪੰਨੂ ਦੀ ਕਹਾਣੀ 'ਚਮਤਕਾਰੀ ਫ਼ਰਿਸ਼ਤਾ' ਦੇ 'ਪਰਮ-ਪੁਰਖ' ਵਰਗੇ। ਦੂਸਰੀਆਂ ਕਈ ਕਹਾਣੀਆਂ ਵਾਂਗ ਇਹ ਕਹਾਣੀ ਵੀ ਅਮਰੀਕਾ ਤੋਂ ਸ਼ੁਰੂ ਹੁੰਦੀ ਹੋਈ, ਭੂਗੋਲਿਕ ਹੱਦਾਂ ਲੰਘਦੀ ਪੰਜਾਬ ਅਤੇ ਫੇਰ ਉਸ ਤੋਂ ਵੀ ਅਗਾਂਹ ਲੇਖਕ ਦੀ ਜਨਮ ਭੋਇੰ ਦੇ ਇਲਾਕੇ ਅਤੇ ਚੜ੍ਹਦੀ ਜਵਾਨੀ ਦੇ ਦਿਨਾਂ ਨੂੰ ਜਾ ਛੂੰਹਦੀ ਹੈ। ਬਹੁਤ ਖ਼ੂਬਸੂਰਤ ਅੰਦਾਜ਼ ਵਿਚ ਲੇਖਕ ਨੇ ਅੰਧ-ਵਿਸ਼ਵਾਸ ਅਤੇ ਝੂਠੀਆਂ ਭਵਿੱਖਬਾਣੀਆਂ ਦਾ ਰੋਚਿਕ ਬਿਰਤਾਂਤ ਸਿਰਜਿਆ ਹੈ ਜਿਸ ਦਾ ਸ਼ਿਕਾਰ ਉਹ ਕਦੇ ਖ਼ੁਦ ਵੀ ਹੋਇਆ ਸੀ। ਇਹੋ ਜਿਹੀਆਂ ਭਵਿੱਖਬਾਣੀਆਂ ਲੋਕਾਂ ਦੇ ਜੀਵਨ ਪੰਧ ਹੀ ਬਦਲ ਦਿੰਦੀਆਂ ਹਨ। ਮਨੁੱਖ ਦੇ ਸ਼ੋਸ਼ਣ ਦਾ ਇਹ ਤਾਣਾ-ਬਾਣਾ ਚੱਲਦਾ ਆਇਆ ਹੈ ਅਤੇ ਚੱਲਦਾ ਵੀ ਰਹੇਗਾ, ਕਿਉਂਕਿ, ਇਸ ਨੂੰ ਬੁਣਨ ਅਤੇ ਫੈਲਾਉਣ ਦੇ ਕਰਤਾ-ਧਰਤਾ ਅਤੇ ਸੂਤਰਧਾਰ ਮਨੁੱਖ ਦੀਆਂ ਕਮਜ਼ੋਰੀਆਂ ਨੂੰ ਜਾਣਦੇ ਹਨ ਅਤੇ ਉਸ ਦੀਆਂ ਦੁਖਦੀਆਂ ਰਗਾਂ ਨੂੰ ਟੋਹਦੇ ਹੋਏ.. ਕਈ ਕਦਮ ਅੱਗੇ ਹੀ ਚਲਦੇ ਹਨ। ਕਥਾ-ਰਸ ਨਾਲ ਭਰਪੂਰ ਇਹ ਕਹਾਣੀ ਵੀ ਪਾਠਕ ਨੂੰ ਆਪਣੇ ਨਾਲ-ਨਾਲ ਤੋਰੀ ਰੱਖਦੀ ਹੈ।

**ਜ਼ਾਬਤਾ...**

ਕਹਾਣੀ ਵਿਚ ਲੇਖਕ ਨੇ ਬੜੇ ਨਿਵੇਕਲੇ ਅੰਦਾਜ਼ ਵਿਚ ਮਨੁੱਖੀ ਸਮਾਜ ਅਤੇ ਜੀਵਨ ਦੇ ਤਾਣੇ-ਬਾਣੇ ਦੀਆਂ ਤੰਦਾਂ ਨੂੰ ਜਾਨਵਰਾਂ ਨਾਲ ਜਾ ਗੰਢਿਆ ਹੈ। ਅਜੋਕੇ ਸਮੇਂ ਵਿਚ ਅਤੇ ਖ਼ਾਸ ਕਰਕੇ ਵਿਕਸਤ ਦੇਸ਼ਾਂ ਵਿਚ ਬਿੱਲੀਆਂ-ਕੁੱਤਿਆਂ ਵਰਗੇ ਪਾਲਤੂ ਜਾਨਵਰਾਂ ਨੂੰ ਪਰਿਵਾਰਕ ਮੈਂਬਰਾਂ ਵਾਂਗ ਹੀ ਸਮਝਿਆ ਜਾਂਦਾ ਹੈ। ਉਨ੍ਹਾਂ ਦੀ ਚੰਗੀ ਸਿਹਤ, ਖਾਣ-ਪੀਣ, ਦੇਖ-ਭਾਲ ਅਤੇ ਖ਼ੁਸ਼ੀ-ਗ਼ਮੀ ਵਗੈਰਾ ਤੋਂ ਇਲਾਵਾ ਇਹ ਡਰ ਅਤੇ ਖ਼ਿਆਲ ਵੀ ਰੱਖਿਆ ਜਾਂਦਾ ਹੈ ਕਿ ਉਹ ਕਿਤੇ 'ਐਨੀਮਲ ਕਰੂਐਲਟੀ ਦੇ ਸ਼ਿਕਾਰ ਨਾ ਹੋ ਜਾਣ..। ਦਿਲ ਨੂੰ ਟੁੰਬਦੀ ਇਹ ਕਹਾਣੀ ਅਮਰੀਕਨ ਪਾਲਤੂ ਕੁੱਤੇ 'ਮੈਕਸਲ' ਦੇ ਜਨਮ ਦਿਨ ਤੋਂ ਸ਼ੁਰੂ ਹੁੰਦਿਆਂ ਲੇਖਕ ਦੇ ਦੇਸੀ ਕੁੱਤੇ 'ਡੱਬੂ' ਤੱਕ ਦਾ ਲੰਮਾ ਚੌੜਾ ਬਿਰਤਾਂਤ ਹੈ। ਵਿਚ-ਵਿਚਾਲੇ ਕੈਲੀਫ਼ੋਰਨੀਆ ਪੁਲੀਸ ਦੀ ਹਲਕੀ ਜਿਹੀ ਝਲਕ ਲੇਖਕ ਦੇ ਮਨ ਦੀਆਂ ਤਾਰਾਂ ਨੂੰ ਪੰਜਾਬ ਦੇ ਚੌਰਾਸੀ ਵਾਲੇ ਦਿਲ-ਕੰਬਾਊ ਦੁਖਾਂਤ ਅਤੇ ਤ੍ਰਾਸਦੀ ਨਾਲ ਵੀ ਜੋੜ ਦਿੰਦੀ ਹੈ।

ਇਹ ਕਹਾਣੀ ਮੈਨੂੰ ਖ਼ੁਦ ਦੇ ਅਮਰੀਕਨ ਪਾਲਤੂ ਕੁੱਤੇ 'ਟੈਸਲਾ' ਅਤੇ ਬਚਪਨ ਦੇ ਪੰਜਾਬੀ ਕੁੱਤੇ 'ਰਾਜੂ' ਨਾਲ ਮਿਲਦੀ-ਜੁਲਦੀ ਵੀ ਜਾਪੀ। ਕਹਾਣੀ ਪੜ੍ਹਦਿਆਂ ਮੈਂ ਲੇਖਕ ਦੀ ਪ੍ਰਤਿਭਾ ਨੂੰ ਸਲਾਮ ਕੀਤਿਆਂ ਬਿਨਾ ਨਾ ਰਹਿ ਸਕਿਆ!!

**ਕੈਂਸਰ ਦੇ ਛਿੱਟੇ...**

ਸਤਨਾਜਾ ਸੰਗ੍ਰਹਿ ਦੀ ਆਖ਼ਰੀ ਕਥਾ-ਕਹਾਣੀ 'ਕੈਂਸਰ ਦੇ ਛਿੱਟੇ' ਇੱਕ ਸਕਾਰਾਤਮਿਕ ਰਚਨਾ ਹੈ ਜਿਸ ਵਿਚ ਅਗਾਂਹਵਧੂ ਸੋਚ ਦੀ ਚੰਗਿਆੜੀ ਇੱਕ ਮਰ ਰਹੀ ਜਾਨ ਅਤੇ ਸੋਚ ਨੂੰ ਨਵਾਂ ਜਨਮ ਦੇ ਦਿੰਦੀ ਹੈ... ਇੱਕ ਮਰ ਰਹੀ ਬੈਟਰੀ ਨੂੰ ਚਾਰਜ ਦੇ ਜੰਪ-ਸਟਾਰਟ ਵਾਂਗ...। ਲੇਖਕ ਦੀਆਂ ਹੋਰ ਕਹਾਣੀਆਂ ਵਾਂਗ ਇਸ ਵਿਚੋਂ ਵੀ ਜੀਵਨ ਜਿਉਣ ਲਈ ਕੁਝ ਸਿੱਖਿਆ ਜਾ ਸਕਦਾ ਹੈ। ਮਨੁੱਖ ਦੇ ਜੀਵਨ ਨੂੰ ਸਮਾਜ ਦੀਆ 'ਕੈਂਸਰ ਰੂਪੀ ਕੁਰੀਤੀਆਂ' ਦੇ ਖ਼ਾਤਮੇ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ ਅਤੇ ਵੰਗਾਰਿਆ ਜਾ ਸਕਦਾ ਹੈ। ਸਮਾਜ ਵਿਚ ਫੈਲ ਰਹੀ ਕੈਂਸਰ ਸਰੀਰਕ ਕੈਂਸਰ ਨਾਲੋਂ ਬਹੁਤ ਜ਼ਿਆਦਾ ਘਾਤਕ ਹੈ ਜਿਸ ਦੇ ਛਿੱਟੇ ਅਜੋਕੇ ਸਮੇਂ ਦੀ ਜਵਾਨੀ ਅਤੇ ਆਉਣ ਵਾਲੀਆਂ ਨਸਲਾਂ 'ਤੇ ਸਾਫ਼ ਨਜ਼ਰੀਂ ਪੈ ਰਹੇ ਹਨ।

ਸੂਝਵਾਨ ਪਾਠਕ ਦੋਸਤੋ, ਲੇਖਕ ਵਿਭਿੰਨ ਪਾਠਕਾਂ ਦੀ ਵਿਭਿੰਨਤਾ ਨੂੰ ਮਨ ਵਿਚ ਰੱਖਦਿਆਂ ਵਿਭਿੰਨ ਰਚਨਾਵਾਂ ਰਚਦਾ ਹੈ। 'ਸਤਨਾਜਾ' ਇੱਕ ਸ਼ਾਹਕਾਰ ਰਚਨਾ ਹੈ ਜੋ ਆਪ ਜਿਹੇ ਸੁਹਿਰਦ ਪਾਠਕਾਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਮੇਰੀ ਵੱਲੋਂ ਚਰਨਜੀਤ ਪੰਨੂ ਨੂੰ ਮੁਬਾਰਕਬਾਦ ਅਤੇ ਸ਼ੁਭ ਕਾਮਨਾਵਾਂ।

# ਬਿਰਧ ਅਵਸਥਾ ਵਿਚ ਵੱਡੀ ਪ੍ਰੇਸ਼ਾਨੀ ਦਿੰਦਾ ਹੈ ਅਲਜ਼ਾਈਮਰ ਰੋਗ

ਬਚਪਨ ਅਤੇ ਜਵਾਨੀ ਵਾਂਗ ਬੁਢਾਪਾ ਵੀ ਮਨੁੱਖੀ ਜੀਵਨ ਦੀ ਮਹੱਤਵਪੂਰਨ ਅਵਸਥਾਹੈ। ਜੇਕਰ ਕਿਸੇ ਮਨੁੱਖ ਨੇ ਆਪਣਾ ਜਵਾਨੀ ਦਾ ਕਾਲ ਬੇਪਰਵਾਹੀ ਅਤੇ ਲਾਪਰਵਾਹੀ ਨਾਲ ਬਿਤਾਇਆ ਹੈ ਤਾਂ ਉਸਨੂੰ ਬੁਢਾਪੇ ਵਿਚ ਵੱਡੀਆਂ ਸਰੀਰਕ ਤੇ ਮਾਨਸਿਕ ਪ੍ਰੇਸ਼ਾਨੀਆਂ ਜਾਂ ਰੋਗਾਂ ਨਾਲ ਦੋ-ਚਾਰ ਹੋਣਾ ਪੈ ਸਕਦਾ ਹੈ ਪਰ ਜੇਕਰ ਬੁਢਾਪੇ ਤੋਂ ਪਹਿਲਾਂ ਦਾ ਜੀਵਨ ਸਾਦਾ, ਸੁੱਚਾ, ਉੱਚੇ ਵਿਚਾਰਾਂ ਵਾਲਾ ਤੇ ਸਾਦੇ ਭੋਜਨ ਅਤੇ ਕਸਰਤ ਆਦਿ ਵਾਲਾ ਹੈ ਤਾਂ ਬੁਢਾਪਾ ਘੱਟ ਦੁਸ਼ਵਾਰੀਆਂ ਭਰਿਆ ਹੋਣ ਦੇ ਆਸਾਰ ਹੁੰਦੇ ਹਨ। ਉਕਤ ਦੋਵਾਂ ਹਕੀਕਤਾਂ ਦੇ ਬਾਵਜੂਦ ਇਹ ਵੀ ਸੱਚ ਹੈ ਕਿ ਜਦੋਂ ਮਨੁੱਖ ਬਹੁਤ ਹੀ ਵਡੇਰੀ ਉਮਰ ਦੇ ਗੇੜ ਵਿਚ ਪੈਰ ਜਾ ਪਾਉਂਦਾ ਹੈ ਤਾਂ 'ਅਲਜ਼ਾਈਮਰ' ਰੋਗ ਉਸਨੂੰ ਆ ਹੀ ਘੇਰਦਾ ਹੈ ਤੇ ਨਾ ਕੇਵਲ ਉਸਦੇ ਖ਼ੁਦ ਲਈ ਸਗੋਂ ਉਸਦੀ ਸਾਂਭ-ਸੰਭਾਲ ਜਾਂ ਦੇਖਭਾਲ ਕਰਨ ਵਾਲਿਆਂ ਲਈ ਵੀ ਵੱਡੀ ਪ੍ਰੇਸ਼ਾਨੀ ਦਾ ਸਬੱਬ ਬਣਦਾ ਹੈ।

ਅਲਜ਼ਾਈਮਰ ਰੋਗ ਵਿਚ ਵਡੇਰੀ ਉਮਰ ਕਰਕੇ ਸਰੀਰ ਦੇ ਬਾਹਰੀ ਅੰਗਾਂ ਵਾਂਗ ਅੰਦਰੂਨੀ ਨਾੜੀ ਤੰਤਰ ਵੀ ਕਮਜ਼ੋਰ ਪੈ ਜਾਂਦਾ ਹੈ ਤੇ ਦਿਮਾਗ ਦਾ ਯਾਦ ਸ਼ਕਤੀ ਵਾਲਾ ਖ਼ਿੱਤਾ ਕਮਜ਼ੋਰੀ ਦੇ ਲੱਛਣ ਵਿਖਾਉਂਦਿਆਂ ਬਜ਼ੁਰਗਾਂ ਨੂੰ ਅਤਿ ਦਰਜੇ ਦੇ ਭੁਲੱਕੜ ਬਣਾ ਦਿੰਦਾ ਹੈ। ਬਜ਼ੁਰਗਾਂ ਦੇ ਵਿਹਾਰ ਵਿਚ ਵੀ ਤਬਦੀਲੀ ਆ ਜਾਂਦੀ ਹੈ ਤੇ ਆਪਣੀਆਂ ਗੱਲਾਂ ਅਤੇ ਚੀਜ਼ਾਂ ਨੂੰ ਭੁੱਲਣ ਵਾਲੇ ਬਜ਼ੁਰਗ ਦੀ ਦੇਖ-ਰੇਖ ਵਾਲੇ ਉਸਦੇ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰ ਤੰਗ-ਪ੍ਰੇਸ਼ਾਨ ਹੋਣੇ ਸ਼ੁਰੂ ਹੋ ਜਾਂਦੇ ਹਨ। ਕੁਝ ਬਜ਼ੁਰਗ ਤਾਂ ਆਪਣੀ ਭੁੱਲਣ ਦੀ ਆਦਤ ਕਰਕੇ ਘਰੋਂ ਨਿਕਲਣਾ ਬੰਦ ਕਰ ਦਿੰਦੇ ਹਨ ਤੇ ਕੁਝ ਮਾਮਲਿਆਂ ਵਿਚ ਮਰੀਜ਼ ਦੇ ਘਰ ਦੇ ਜੀਅ ਹੀ ਉਸਨੂੰ ਘਰੋਂ ਤੋਂ ਬਾਹਰ ਨਹੀਂ ਜਾਣ ਦਿੰਦੇ, ਜਿਸ ਕਰਕੇ ਆਪਣੇ ਮਿੱਤਰਾਂ ਅਤੇ ਗੁਆਂਢੀਆਂ ਦਾ ਸਾਥ ਛੁੱਟਣ ਪਿੱਛੋਂ ਘਰ ਦੇ ਅੰਦਰ ਹੀ ਰਹਿਣ ਤੱਕ ਸੀਮਿਤ ਹੋ ਜਾਣ



ਕਰਕੇ ਪੀੜਤ ਬਜ਼ੁਰਗ ਦੀ ਦਿਮਾਗੀ ਪ੍ਰੇਸ਼ਾਨੀ ਹੋਰ ਵਧ ਜਾਂਦੀ ਹੈ ਤੇ ਪ੍ਰੇਸ਼ਾਨੀ ਦੇ ਦਬਾਅ ਹੇਠ ਉਹ ਹੋਰ ਭੁਲੱਕੜ ਬਣ ਜਾਂਦਾ ਹੈ। ਇਸ ਤਰ੍ਹਾਂ ਉਸਦੀ ਹਾਲਤ ਹੌਲੀ-ਹੌਲੀ ਬਦ ਤੋਂ ਬਦਤਰ ਹੋ ਜਾਂਦੀ ਹੈ।

ਦਰਅਸਲ ਸੰਨ 1901 ਵਿਚ ਜਰਮਨੀ ਦੇ ਇਕ ਡਾਕਟਰ ਐਲੋਇਸ ਅਲਜ਼ਾਈਮਰ ਨੇ ਇਕ 50 ਸਾਲਾ ਔਰਤ ਦਾ ਇਲਾਜ ਕਰਦਿਆਂ ਪਹਿਲੀ ਵਾਰ ਇਸ ਬਿਮਾਰੀ ਦੇ ਲੱਛਣ ਪਛਾਣੇ ਤੇ ਨੋਟ ਕੀਤੇ ਸਨ। ਉਸ ਵੱਲੋਂ ਕੀਤੀ ਇਸ ਖੋਜ ਨੂੰ ਉਸਦੇ ਨਾਂ 'ਤੇ ਹੀ ਦਰਜ ਕਰ ਦਿੱਤਾ ਗਿਆ ਸੀ ਇਸ ਲਈ ਇਸ ਰੋਗ ਨੂੰ ਅੱਜ-ਕਲ੍ਹ ਵੀ 'ਅਲਜ਼ਾਈਮਰ ਰੋਗ' ਹੀ ਕਿਹਾ ਜਾਂਦਾ ਹੈ। ਸੰਨ 1984 ਵਿਚ ਕੌਮਾਂਤਰੀ ਪੱਧਰ 'ਤੇ 'ਅਲਜ਼ਾਈਮਰ ਡਿਜ਼ੀਜ਼ ਇੰਟਰਨੈਸ਼ਨਲ' ਨਾਮਕ ਸੰਸਥਾ ਦੀ ਸਥਾਪਨਾ ਕੀਤੀ ਗਈ ਸੀ।

ਇਹ ਮੰਨਿਆ ਜਾਂਦਾ ਹੈ ਕਿ ਵਧੇਰੇ ਕਰਕੇ ਇਹ ਰੋਗ 65 ਸਾਲ ਦੀ ਉਮਰ ਤੋਂ ਵੱਧ ਉਮਰ ਵਾਲੇ ਬਜ਼ੁਰਗਾਂ ਨੂੰ ਘੇਰਦਾ ਹੈ ਕਿਉਂਕਿ ਇਸ ਉਮਰ ਵਿਚ ਦਿਮਾਗ ਦੇ ਸੈੱਲ ਕਮਜ਼ੋਰ ਪੈ ਜਾਂਦੇ ਹਨ। ਜੇਕਰ ਕਿਸੇ ਪਰਿਵਾਰ ਵਿਚ ਕੋਈ ਅਲਜ਼ਾਈਮਰ ਦਾ ਮਰੀਜ਼ ਹੈ ਤਾਂ ਉਸਦੀ ਅਗਲੀ ਪੀੜ੍ਹੀ ਦੇ ਕਿਸੇ ਹੋਰ ਪਰਿਵਾਰਕ ਮੈਂਬਰ ਦੇ ਵੀ ਇਸ ਰੋਗ ਨਾਲ ਪੀੜਿਤ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਤੋਂ ਇਲਾਵਾ ਕਿਸੇ ਦੁਰਘਟਨਾ ਦੌਰਾਨ ਲੱਗੀ ਸਿਰ ਦੀ ਗੰਭੀਰ ਸੱਟ ਵੀ ਇਸ ਰੋਗ ਦਾ ਕਾਰਨ ਬਣ ਸਕਦੀ ਹੈ। ਕੁਝ ਖੋਜਾਂ ਵਿਚ ਇਹ ਵੀ ਪਤਾ ਲੱਗਾ ਹੈ ਕਿ ਦਿਮਾਗ ਦੇ ਅੰਦਰ 'ਐਫ਼-ਐਕਟਿਨ' ਨਾਮਕ ਇਕ ਪ੍ਰੋਟੀਨ ਦਾ ਖੰਡਿਤ ਹੋ ਜਾਣਾ ਨਾੜੀ ਤੰਤੂਆਂ ਦੀ ਵਿਵਸਥਾ ਨੂੰ ਗੜਬੜਾ ਦਿੰਦਾ ਹੈ।

ਇਸ ਰੋਗ ਸਬੰਧੀ ਕੁਝ ਅਤਿ ਮਹੱਤਵਪੂਰਨ ਅਤੇ ਯਾਦ ਰੱਖਣਯੋਗ ਤੱਥ ਇਹ ਹਨ ਕਿ ਜੋ ਨੌਜਵਾਨ ਹਵਾ ਪ੍ਰਦੂਸ਼ਣ ਵਾਲੇ ਖੇਤਰ ਵਿਚ ਅਧਿਕਤਰ ਸਮਾਂ ਕੰਮ ਕਰਦੇ ਹਨ, ਉਨ੍ਹਾਂ ਦੀ ਇਸ ਰੋਗ ਨਾਲ ਗ੍ਰਸੇ ਜਾਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਉੱਤਰੀ ਭਾਰਤ ਅੰਦਰ ਸਰਦੀਆਂ ਦੇ ਮੌਸਮ ਵਿਚ ਪਰਾਲੀ ਨੂੰ ਲਗਾਈ ਅੱਗ ਅਤੇ ਪਟਾਕਿਆਂ ਦਾ ਜ਼ਹਿਰੀਲਾ ਧੂੰਆਂ ਇਸ ਰੋਗ ਦੀ ਤੀਬਰਤਾ ਵਿੱਚ ਵਾਧਾ ਕਰਦਾ ਹੈ। ਜ਼ਿਆਦਾ ਸ਼ਰਾਬ ਪੀਣਾ ਵੀ ਅਲਜ਼ਾਈਮਰ ਨੂੰ ਸੱਦਾ ਦੇਣ ਦਾ ਕੰਮ ਕਰਦਾ ਹੈ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਵਰਤਮਾਨ ਹਾਲਾਤ ਸੰਕੇਤ ਦੇ ਰਹੇ ਹਨ ਕਿ ਸੰਨ 2050 ਵਿਚ ਅਲਜ਼ਾਈਮਰ ਰੋਗ ਤੋਂ ਪੀੜਤ ਵਿਅਕਤੀਆਂ ਦੀ ਸੰਖਿਆ ਰੋਗੀਆਂ ਦੀ ਵਰਤਮਾਨ ਸੰਖਿਆ ਤੋਂ ਤਿੰਨ ਗੁਣਾ ਵਧ ਜਾਵੇਗੀ। ਇਕ ਵਿਸ਼ੇਸ਼ ਪ੍ਰਕਾਰ ਦੀ ਐਮ.ਆਰ.ਆਈ. ਅਤੇ ਕੁਝ ਹੋਰ ਟੈਸਟ ਇਸ ਗੱਲ ਨੂੰ ਯਕੀਨੀ ਬਣਾ ਸਕਦੇ ਹਨ ਕਿ ਕੋਈ ਵਿਅਕਤੀ ਆਉਣ ਵਾਲੇ ਸਾਲਾਂ ਵਿਚ ਇਸ ਰੋਗ ਤੋਂ ਗ੍ਰਸਤ ਹੋਵੇਗਾ ਜਾਂ ਨਹੀਂ। ਇਕ ਹੋਰ ਮਹੱਤਵਪੂਰਨ ਗੱਲ ਇਹ ਵੀ ਹੈ ਕਿ ਸਿਹਤ ਮਾਹਿਰਾਂ ਵੱਲੋਂ ਹਰ ਰੋਜ਼ ਇਕ ਸੇਬ ਖਾਣ ਵਾਲੇ ਵਿਅਕਤੀ ਨੂੰ ਬੁਢਾਪੇ ਵਿਚ ਇਹ ਰੋਗ ਲੱਗਣ ਦੀ ਸੰਭਾਵਨਾ ਬਹੁਤ ਹੀ ਘੱਟ ਦੱਸੀ ਗਈ ਹੈ। ਉਂਜ ਸਮੇਂ ਸਿਰ ਇਸ ਰੋਗ ਦੀ ਤਸਦੀਕ ਹੋ ਜਾਣਾ, ਇਲਾਜ ਸ਼ੁਰੂ ਹੋ ਜਾਣਾ ਅਤੇ ਮਰੀਜ਼ ਨੂੰ ਸਾਂਭਣ ਵਾਲਿਆਂ ਦਾ ਇਸ ਰੋਗ ਦੇ ਲੱਛਣਾਂ ਪ੍ਰਤੀ ਜਾਗਰੂਕ ਹੋ ਕੇ ਮਰੀਜ਼ ਪ੍ਰਤੀ ਆਪਣੀ ਸੋਚ ਅਤੇ ਵਰਤੋਂ ਵਿਹਾਰ ਵਿਚ ਲੋੜੀਂਦੇ ਪਰਿਵਰਤਨ ਲੈ ਆਉਣਾ ਆਦਿ ਇਸ ਰੋਗ ਤੋਂ ਪੀੜਤ ਸ਼ਖ਼ਸ ਦੀਆਂ ਪ੍ਰੇਸ਼ਾਨੀਆਂ ਨੂੰ ਕਾਫ਼ੀ ਹੱਦ ਤੱਕ ਘਟਾ ਸਕਦਾ ਹੈ।

*-ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ*
*ਫੋਨ: 97816-46008*

# ਖ਼ੁਸ਼ਬੂ, ਪੌਣ, ਪਾਣੀ ਤੇ ਪੰਛੀ ਕਦ ਮੰਨਦੇ ਸਰਹੱਦਾਂ ਨੂੰ

ਪੰਜ-ਆਬ ਦੇ ਦਰਿਆਵਾਂ ਵਿਚ ਹੜ੍ਹ ਦਾ ਪਾਣੀ ਜਿਉਂ-ਜਿਉਂ ਸ਼ਾਂਤ ਹੋ ਰਿਹਾ ਹੈ, ਤਿਉਂ-ਤਿਉਂ ਸਿਆਸੀ ਹੜ੍ਹ ਦਾ ਪਾਣੀ ਤੇਜ਼ੀ ਨਾਲ ਉਤਾਂਹ ਚੜ੍ਹ ਰਿਹਾ ਹੈ। ਇਸ ਮੌਸਮ ਵਿਚ ਜੋ ਕੁਝ ਆਪਣੇ ਵਹਿਣ 'ਚ ਆਪੇ ਈ ਵਹਿ ਰਿਹੈ, ਉਹ ਹੈ ਬਾਬਾ ਨਾਨਕ ਵੱਲੋਂ ਦਿੱਤਾ ਮਨੁੱਖਤਾ ਦੀ ਭਲਾਈ ਦਾ ਸੰਕਲਪ। ਉਨ੍ਹਾਂ ਦਾ ਦਿੱਤਾ ਇਹ ਸੰਕਲਪ ਹੈ, ਸੰਗਤ, ਪੰਗਤ, ਲੰਗਰ। ਗੁਰੂ ਦੀ ਗੋਲਕ, ਗਰੀਬ ਦਾ ਮੂੰਹ, ਦਾ ਸੰਕਲਪ।



**ਸੁਰਜੀਤ ਸੁਮਨ**
**ਫੋਨ: 98144-30874**

ਉਨ੍ਹਾਂ ਦੀ ਇਹੋ ਸਿੱਖ-ਮੱਤ ਹੜ੍ਹ ਦੀਆਂ ਛੱਲਾਂ ਵਿਚ ਗੋਤੇ ਖਾਂਦਿਆਂ ਹਨ੍ਹੇਰੀ ਸੁਰੰਗ ਵੱਲ ਵਧ ਰਹੀ ਮਨੁੱਖਤਾ ਲਈ ਚਮਕੀ ਚਾਨਣ ਦੀ ਇੱਕੋ ਇੱਕ ਕਾਤਰ ਹੈ ਜੋ ਅਗਾਂਹ ਜਾ ਕੇ 'ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ' ਵਾਂਗ ਜਗ-ਮਗ, ਜਗ-ਮਗ ਕਰਦਾ ਚਾਨਣ ਹੋ ਨਿਬੜਿਆ ਹੈ। ਏਸੇ ਚਾਨਣ ਵਿਚ ਖਾਲਸਾ ਏਡ ਵਰਗੀਆਂ ਸੰਸਥਾਵਾਂ ਦੁਨੀਆਂ ਭਰ ਵਿਚ ਮਨੁੱਖਤਾ 'ਤੇ ਆਈ ਹਰ ਆਫਤ ਦੇ ਪ੍ਰਬੰਧਨ ਲਈ ਆਪਣੀ ਪਹੁੰਚ ਸੌਖੀ ਬਣਾ ਲੈਂਦੀਆਂ ਹਨ। ਹੁਣ ਪੰਜਾਬੀ ਸੰਗੀਤ ਜਗਤ, ਬਾਲੀਵੁੱਡ/ਹਾਲੀਵੁੱਡ ਤੇ ਉਦਯੋਗਿਕ ਘਰਾਣਿਆਂ ਦਾ ਧਿਆਨ ਇਸ ਪਾਸੇ ਖਿੱਚਣ ਵਿਚ ਕਾਮਯਾਬ ਰਿਹਾ ਹੈ, ਜਿਨ੍ਹਾਂ ਪੰਜਾਬ 'ਤੇ ਆਈ ਇਸ ਆਫਤ ਲਈ ਹਾਅ ਦਾ ਨਾਅਰਾ ਮਾਰਿਆ ਹੈ। ਚਾਰ ਉਦਾਸੀਆਂ ਵੇਲੇ ਖਿੱਲਰੇ ਇਸ ਚਾਨਣ ਨੂੰ ਭਲਾ ਕੋਈ ਕਿੰਨਾ ਕੁ ਚਿਰ ਹਨ੍ਹੇਰੇ ਦੀ ਚਾਦਰ ਵਿਚ ਲਪੇਟਣ ਦਾ ਯਤਨ ਕਰੇਗਾ? ਹਨ੍ਹੇਰਾ ਫੈਲਾਉਣ ਦੇ ਯਤਨ ਅੱਜ ਵੀ ਹਮੇਸ਼ਾ ਵਾਂਗ ਨਿਰਾਰਥਕ ਹੋ ਜਾਣੇ ਹਨ। ਭਲਾਂ, ਸੱਚ ਅੱਗੇ ਝੂਠ ਕਦੋਂ ਕੁ ਤੱਕ ਟਿਕੇਗਾ? ਉਂਝ ਅੱਜ ਦੇ ਜ਼ਮਾਨੇ ਵਿਚ ਝੂਠ ਬਹੁਤਿਆਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਅਜਿਹੇ ਸਮਿਆਂ ਵਿਚ ਸਿਆਸਤ ਹੋਵੇ ਤਾਂ ਕੋਈ ਗੱਲ ਨਹੀਂ, ਸ਼ਰਾਰਤ ਹੋਵੇ ਤਾਂ ਮਨ ਦੁਖੀ ਹੋ ਉੱਠਦਾ ਹੈ। ਸਿਆਸਤ ਦੀ ਬਦੌਲਤ ਸ਼ਰਾਰਤ ਕਤੱਈ ਚੰਗੀ ਨਹੀਂ ਹੁੰਦੀ। ਹੁਣ ਭਲਾਂ ਡੂੰਘਾਈ ਨਾਲ ਸੋਚਿਆ ਜਾਵੇ ਤਾਂ ਆਫਤ ਹੰਢਾ ਰਹੇ ਲੋਕ ਕਦੋਂ ਕੁ ਤੱਕ ਇਨ੍ਹਾਂ ਸਰਕਾਰਾਂ ਨੂੰ ਉਡੀਕਦੇ ਰਹਿੰਦੇ, ਜਿਨ੍ਹਾਂ ਹਮੇਸ਼ਾ ਵਾਂਗ ਜ਼ਖ਼ਮਾਂ 'ਤੇ ਲੂਣ ਹੀ ਭੁੱਕਣਾ ਹੁੰਦੈ। ਜ਼ਖ਼ਮਾਂ 'ਤੇ ਫਹਾ ਧਰਨ ਦੀ ਇਨ੍ਹਾਂ ਕੋਲ ਵਿਹਲ ਈ ਕਿੱਥੇ? ਆਪਾਂ ਸਭ ਨੇ ਦੇਖਿਆ ਹੈ, ਕੇਂਦਰ ਸਰਕਾਰ ਦਾ 'ਊਠ ਦੇ ਮੂੰਹ ਵਿਚ ਜੀਰਾ' ਦੇਣ ਵਾਲਾ ਰੁਝਾਨ। ਉਂਝ ਇਸ ਨੂੰ ਫੌਰੀ ਰਾਹਤ ਦੱਸਿਆ ਗਿਆ ਹੈ ਪਰ ਕੀ ਪਤਾ ਊਠ ਦਾ ਇਹ ਬੁੱਲ੍ਹ ਕਦੋਂ ਡਿੱਗੇ? ਡਿੱਗੇ ਵੀ ਜਾਂ ਨਾ ਡਿੱਗੇ। ਉਂਝ ਸਾਨੂੰ ਆਸ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਆਸਾਂ ਨਾਲ ਈ ਉਮੀਦਾਂ ਜਗਦੀਆਂ ਹੁੰਦੀਆਂ ਹਨ।

ਦੂਜੇ ਪਾਸੇ ਸਾਡੀ ਆਪਣੀ ਸਰਕਾਰ ਨੇ ਤਾਂ ਆਫਤ ਪ੍ਰਬੰਧਨ ਫੰਡ ਬਾਰੇ ਗੋਲ-ਮੋਲ ਬਿਆਨ ਦੇ ਕੇ ਪੱਲਾ ਝਾੜ ਈ ਲਿਆ ਹੈ। ਇਹ ਦ੍ਰਿਸ਼ ਦੇਖ-ਪਰਖ ਮਾਂ ਵੱਲੋਂ ਬਾਲ-ਵਰੇਸੇ ਸੁਣਾਈ ਇੱਕ ਬਾਤ ਮੇਰੇ ਚੇਤੇ ਦੇ ਚਿਤਰਪਟ 'ਤੇ ਉੱਭਰੀ ਹੈ। ਮਾਂ ਸੁਣਾ ਰਹੀ ਸੀ, 'ਪੁੱਤ ਇੱਕ ਵਾਰ ਇੱਕ ਨਵੀਂ ਵਿਆਹੀ ਸਿਆਣੀ ਕੁੜੀ ਨੂੰ ਓਹਦਾ ਘਰਵਾਲਾ, ਸਹੁਰਿਓਂ ਲਈ ਤੁਰਿਆ ਆਵੇ। ਰਸਤੇ ਵਿਚ ਇੱਕ ਪਿੰਡ ਵਿਚ ਕਿਸੇ ਦੀ ਮੌਤ ਹੋ ਗਈ। ਸਕੇ-ਸੰਬੰਧੀ ਅਰਥੀ ਲਈ ਸ਼ਮਸ਼ਾਨ ਵੱਲ ਜਾ ਰਹੇ ਸਨ। ਮਜ਼ਲ ਨਾਲ ਪਿੱਛੇ-ਪਿੱਛੇ ਜਾ ਰਹੇ ਇੱਕ ਬਜ਼ੁਰਗ ਨੂੰ ਰੋਕ, ਕੁੜੀ ਪੁੱਛਣ ਲੱਗੀ, 'ਬਜ਼ੁਰਗੋ ਇਹ ਬੰਦਾ ਅੱਜ ਈ ਮਰਿਆ ਕਿ ਪਹਿਲਾਂ ਦਾ ਈ ਮਰਿਆ ਹੋਇਆ?' ਬਜ਼ੁਰਗ ਪਹਿਲਾਂ ਤਾਂ ਤ੍ਰਬਕਿਆ, ਫਿਰ ਉਸ ਨੇ ਰੁਕ ਕੇ ਆਰਾਮ ਨਾਲ ਜਵਾਬ ਦਿੱਤਾ, 'ਨਹੀਂ ਬੀਬਾ ਅੱਜ ਹੀ ਮਰਿਆ।' ਓਹਦੇ ਘਰਵਾਲੇ ਨੂੰ ਬੜਾ ਗੁੱਸਾ ਚੜ੍ਹਿਆ, ਉਹ ਸੋਚੇ ਬਈ ਮੂਰਖੇ ਅੱਜ ਈ ਮਰਿਆ, ਤਾਂ ਹੀ ਹੁਣ ਲਿਜਾ ਰਹੇ ਨੇ? ਪਰ ਉਹ ਬੋਲਿਆ ਕੁਝ ਨਾ। ਫਿਰ ਉਹ ਦੋਵੇਂ ਅੱਗੇ ਤੁਰ ਪਏ। ਅੱਗੇ ਖੇਤਾਂ ਵਿਚ ਕਣਕ ਵੱਢ ਰਹੇ ਇੱਕ ਕਿਸਾਨ ਕੋਲ ਖੜ੍ਹ ਕੇ ਉਹ ਫਿਰ ਪੁੱਛਣ ਲੱਗੀ, 'ਸਰਦਾਰ ਜੀ ਇਹ ਕਣਕ ਖਾਧੀ ਹੋਈ ਏ ਜਾਂ ਹਾਲੇ ਖਾਣੀ ਆ?' ਉਸ ਦਾ ਇਹ ਬੇਸਿਰ-ਪੈਰ ਸੁਆਲ ਸੁਣ, ਓਹਦੇ ਘਰਵਾਲੇ ਸਮੇਤ ਉੱਥੇ ਸਾਰੇ ਮੌਜੂਦ ਬੌਂਦਲ ਜਿਹੇ ਗਏ। ਜਦ ਉਨ੍ਹਾਂ ਨੂੰ ਕੁਝ ਸਮਝ ਨਾ ਆਇਆ ਤਾਂ ਹੱਸ ਪਏ। ਓਹਦਾ ਘਰਵਾਲਾ ਕੱਚਾ ਜਿਹਾ ਹੋ ਗਿਆ। ਪਰ ਉਹ ਕਿਸਾਨ ਬਹੁਤ ਸਿਆਣਾ ਸੀ। ਓਸ ਜਵਾਬ ਦਿੱਤਾ, 'ਬੀਬਾ ਕੁਝ ਖਾਧੀ ਹੋਈ ਏ, ਕੁਝ ਹਾਲੇ ਖਾਣੀ ਆ।' ਘਰਵਾਲੀ ਦੀਆਂ ਝੱਲ-ਬਲੱਲੀਆਂ ਸੁਣ ਓਹਦੇ ਘਰਵਾਲੇ ਨੂੰ ਗੁੱਸਾ ਆ ਗਿਆ। ਉਹ ਕਿਸਾਨ ਸਾਹਮਣੇ ਹੀ ਆਪਣੀ ਨਵੀਂ-ਨਵੇਲੀ ਵਿਆਹੁਤਾ ਨਾਲ ਲੜ ਪਿਆ। ਉਸਨੇ ਪਿੱਛੇ ਹੋਈ ਬੀਤੀ ਵੀ ਸਾਰੀ ਕਿਸਾਨ ਨੂੰ ਕਹਿ ਸੁਣਾਈ। ਪਰ ਕਿਉਂਕਿ ਕਿਸਾਨ ਬਹੁਤ ਗੁਣੀ ਬੰਦਾ ਸੀ, ਇਸ ਲਈ ਉਹ ਉਸ ਨੂੰ ਸਮਝਾਉਣ ਲੱਗਿਆ, 'ਸੁਣ ਬਈ ਕਾਕਾ ਤੇਰੀ ਘਰਵਾਲੀ ਸਹੀ ਕਹਿੰਦੀ ਏ। ਮੈਂ ਦੱਸਦਾ ਹਾਂ ਤੈਨੂੰ। ਪਿੱਛੇ ਜਿਹੜਾ ਸੁਆਲ ਇਸਨੇ ਮਰੇ ਹੋਏ ਬੰਦੇ ਲਈ ਕੀਤਾ ਸੀ, ਉਸ ਦਾ ਮਤਲਬ ਸੀ ਕਿ ਬਹੁਤ ਸਾਰੇ ਲੋਕ ਘਰਦਿਆਂ ਜਾਂ ਦੁਨੀਆਂ ਲਈ ਪਹਿਲਾਂ ਈ ਮਰ ਚੁੱਕੇ ਹੁੰਦੇ ਨੇ, ਜਿਨ੍ਹਾਂ ਕਦੇ ਕਿਸੇ ਦੇ ਕੰਮ ਹੀ ਨਹੀਂ ਆਉਣਾ। ਉਨ੍ਹਾਂ ਦਾ ਜੀਣਾ ਵੀ ਕਾਹਦਾ ਜੀਣਾ ਹੋਇਆ? ਮਰਨ ਸਮਾਨ। ਦੂਜਾ ਸਵਾਲ ਜਿਹੜਾ ਇਸ ਮੈਨੂੰ ਕੀਤਾ, ਉਸ ਦਾ ਵੀ ਬਹੁਤ ਗਹਿਰਾ ਅਰਥ ਐ। ਕਈ ਕਿਸਾਨ ਜਾਂ ਮਜ਼ਦੂਰ ਕਰਜ਼ ਦੇ ਭਾਰ ਥੱਲੇ ਦੱਬੇ ਹੁੰਦੇ ਹਨ, ਭਾਵ ਉਨ੍ਹਾਂ ਨੇ ਆਉਣ ਵਾਲੀ ਇਹ ਕਣਕ ਪਹਿਲਾਂ ਹੀ ਖਾਧੀ ਹੋਈ ਹੈ। ਬਹੁਤਾ ਨਹੀਂ ਤਾਂ ਥੋੜ੍ਹਾ ਸਹੀ, ਕਰਜ਼ ਵਿਚ ਤਾਂ ਮੈਂ ਵੀ ਡੁੱਬਾ ਹੋਇਆ ਹਾਂ। ਇਸੇ ਲਈ ਮੈਂ ਕਿਹਾ ਸੀ, ਬਈ ਬੀਬਾ ਕੁਝ ਖਾਧੀ ਹੋਈ ਏ ਤੇ ਕੁਝ ਖਾਣੀ ਆ।'

ਫਿਰ ਮੇਰੇ ਚੇਤੇ ਵਿਚ ਅਠਾਸੀ ਵਿਚ ਆਏ ਹੜ੍ਹਾਂ ਦੇ ਦ੍ਰਿਸ਼ ਉੱਭਰਨ ਲਗਦੇ ਹਨ। ਉਨ੍ਹੀਂ-ਦਿਨੀਂ ਮੈਂ ਆਪਣੇ ਉਸਤਾਦ ਕੋਲ ਰੋਪੜ ਜ਼ਿਲ੍ਹਾ ਅਦਾਲਤਾਂ ਦੇ ਕਮਰਾ ਨੰਬਰ ਪੰਜ ਵਿਚ, ਉਸ ਦੀਆਂ ਟਾਈਪਰਾਈਟਰਾਂ 'ਤੇ ਟਾਈਪ ਕਰਨ ਜਾ ਲੱਗਿਆ ਸੀ। ਉਨ੍ਹਾਂ ਹੜ੍ਹਾਂ ਨੇ ਵੀ ਅੱਜ ਵਾਂਗ ਲੋਕਾਂ ਨੂੰ ਕੱਖੋਂ ਹੌਲਾ ਕਰ ਛੱਡਿਆ ਸੀ। ਉਨ੍ਹਾਂ ਦੇ ਕੱਚੇ-ਪੱਕੇ ਘਰ ਢਹਿ ਗਏ ਸਨ। ਡੰਗਰ-ਪਸ਼ੂ ਰੁੜ੍ਹ ਗਏ ਸਨ, ਬਚੇ ਮਰ ਗਏ ਸਨ। ਬਚੇ ਲੋਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਸਨ। ਅੱਜ ਵਾਂਗ ਸਰਕਾਰ ਉਦੋਂ ਵੀ ਨਦਾਰਦ ਸੀ। ਸਿਆਸੀ ਲੋਕ ਸਿਆਸਤ ਕਰ ਰਹੇ ਸਨ, ਧਾਰਮਿਕ ਪ੍ਰਵਚਨ ਸੁਣਾ ਰਹੇ ਸਨ। ਮਨੁੱਖਤਾ ਦੀ ਭਲਾਈ ਲਈ ਕੰਮ ਕਰਨ ਵਾਲੇ ਸਿਰ ਸੁੱਟੀ ਆਪਣਾ ਫਰਜ਼ ਅਦਾ ਫਰਮਾ ਰਹੇ ਸਨ। ਜ਼ਿਲ੍ਹਾ ਅਦਾਲਤਾਂ ਵਿਚ ਸਾਡੇ ਕੋਲ ਲੋਕੀਂ ਆਪਣੇ ਕਾਗਜ਼ ਚੁੱਕੀ ਅਰਜ਼ੀ-ਪੱਤਰ ਟਾਈਪ ਕਰਵਾਉਣ ਲਈ ਆਉਂਦੇ। ਸਰਕਾਰੇ-ਦਰਬਾਰੇ ਕਈਆਂ ਦੀਆਂ ਅਰਜ਼ੀਆਂ ਲੰਮਾ ਅਰਸਾ ਰੁਲਦੀਆਂ ਰਹੀਆਂ। ਕਿਸੇ ਨੂੰ ਜੇ ਕੁਝ ਮਿਲਿਆ ਵੀ, ਉਹ ਪ੍ਰਸ਼ਾਸਨਿਕ ਹਲਕਿਆਂ ਵਿਚ ਪਹੁੰਚ ਸਦਕਾ ਜ਼ੋਰਾਵਰ ਲੈ ਗਏ। ਬਚਦੇ ਲੋਕੀ ਖੁਦ ਲੜੇ ਜੀਵਨ ਜਿਊਣ ਲਈ। ਉਹ ਅੱਜ ਵੀ ਭਲੀ-ਭਾਂਤੀ ਇਹ ਸਭ ਜਾਣਦੇ ਹਨ। ਬਾਈ ਦਲੇਰ ਦੇ ਫੋਨ ਦੀ ਟਰਨ-ਟਰਨ ਨੇ ਮੇਰੀ ਬਿਰਤੀ ਤੋੜੀ। ਉਹ ਬੋਲ ਰਿਹਾ ਸੀ, 'ਛੋਟੇ ਬਾਈ ਖੁਆਜੇ ਨੇ ਮੋੜਾ ਪਾ ਲਿਆ ਸਮਝ। ਅਸਮਾਨ ਤਾਂ ਹਾਲੇ ਵੀ ਕਾਲੇ-ਚਿੱਟੇ ਬੱਦਲਾਂ ਨਾਲ ਭਰਿਆ ਹੋਇਆ। ਊਂ ਲੋਕਾਂ ਦਾ ਹੜ੍ਹ ਆਇਆ ਪਿਐ, ਜਿਵੇਂ ਸਾਰੀ ਦੁਨੀਆਂ ਈ ਮਦਦ ਲਈ ਆ ਬਹੁੜੀ ਹੋਵੇ। ਰੀਲ੍ਹਾਂ ਬਣਾਉਣ ਵਾਲੇ ਵੀ ਬਥੇਰੇ ਆਉਂਦੇ ਨੇ ਤੇ ਮੁੜ ਜਾਂਦੇ ਨੇ। ਲੀਡਰਾਂ ਦਾ ਕੋਈ ਅੰਤ ਨਹੀਂ। ਧੁੱਸੀ ਬੰਨ੍ਹ 'ਤੇ ਖੜ੍ਹ ਕੇ ਪ੍ਰਵਚਨ ਝਾੜਦੇ ਰਹਿੰਦੇ ਹਨ। ਰੱਬ ਇਨ੍ਹਾਂ ਨੂੰ ਸੁਮੱਤ ਬਖਸ਼ੇ। ਸਰਕਾਰਾਂ ਨੂੰ ਹਮੇਸ਼ਾ ਵਾਂਗ ਫੰਡਾਂ ਦੀ ਕਿੱਲਤ ਆਈ ਹੋਈ ਆ। ਹੁਣ ਕਹਿੰਦੇ ਪਿੰਡਾਂ ਦੀਆਂ ਪੰਚਾਇਤਾਂ ਤੋਂ ਫੰਡ ਮੰਗ ਰਹੇ ਨੇ। ਬਾਰਾਂ ਹਜ਼ਾਰ ਕਰੋੜ ਬਾਰੇ ਰੱਬ ਜਾਣੇ ਕਿੱਧਰ ਗਿਆ। ਸ਼ਰਾਰਤ ਜ਼ੋਰਾਂ 'ਤੇ ਆ। ਲੋਕ ਆਪਣਾ ਬਚਾਅ ਆਪ ਈ ਕਰ ਰਹੇ ਆ। ਜਿਸ ਦਿਨ ਲੋਕ ਰੋਹ ਪ੍ਰਚੰਡ ਹੋ ਗਿਆ ਨਾ, ਇਨ੍ਹਾਂ ਦੀ ਨਾਨੀ ਚੇਤੇ ਆ ਜਾਣੀ ਆ। ਦੇਖਿਆ ਨੇਪਾਲ ਦਾ ਹਾਲ? ਚੰਗੇ ਸ਼ਾਸਨ ਤੇ ਸੁਧਾਰ ਲਈ ਸ਼ੁਰੂ ਹੋਏ 'ਜੈਨ-ਜ਼ੀ' ਅੰਦੋਲਨ ਨਾਲ ਪੈਦਾ ਹੋਇਆ ਸੰਕਟ ਚਰਮ 'ਤੇ ਪਹੁੰਚ ਗਿਐ। ਕਹਿੰਦੇ ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਦੀ ਕਠਮੰਡੂ ਰਿਹਾਇਸ਼ 'ਤੇ ਬਣੀ ਸੁਰੰਗ ਵਿਚੋਂ ਕੈਸ਼ ਤੇ ਸੋਨੇ ਦੀਆਂ ਬੋਰੀਆਂ ਬਰਾਮਦ ਹੋਈਆਂ ਹਨ। ਸਾਰੀ ਦੁਨੀਆਂ ਦਾ ਹਾਲ ਮਾੜੈ ਬਈ। ਊਂ ਜਦੋਂ ਲੋਕ ਆਪਣੀ ਆਈ 'ਤੇ ਆਉਂਦੇ ਨੇ ਨਾ, ਉਤਲੀ ਥੱਲੇ ਤੇ ਥੱਲਲੀ ਉੱਤੇ ਕਰ ਦਿੰਦੇ ਨੇ। ਇਨ੍ਹਾਂ ਨੂੰ ਕੌਣ ਰੋਕ ਸਕਦੈ ਫਿਰ? ਮੈਨੂੰ ਸਮਝ ਨਹੀਂ ਆਉਂਦੀ ਮੇਰੇ 'ਆਰ ਇਨ੍ਹਾਂ ਸਿਆਸਤਦਾਨਾਂ ਕਿੱਥੇ ਲਿਜਾਣਾ ਇਹ ਧਨ 'ਕੱਠਾ ਕਰਕੇ'? ਉਹ ਤੇਰੇ ਗੀਤ ਦਾ ਅੰਤਰਾ ਐ ਨਾ:

'ਲੋਕੀ ਜਦੋਂ ਮੁਸੀਬਤ ਅੱਗੇ ਪਰਬਤ ਵਾਂਗੂੰ ਖੜ੍ਹ ਜਾਂਦੇ ਨੇ
ਹੌਸਲਿਆਂ 'ਚ ਲੂਲੇ-ਲੰਗੜੇ ਵੀ ਪਰਬਤ 'ਤੇ ਚੜ੍ਹ ਜਾਂਦੇ ਨੇ
ਏਕੇ ਦੇ ਵਿਚ ਬਰਕਤ ਏਕਾ ਭੰਨ ਸੁੱਟਦਾ ਏ ਹੱਦਾਂ ਨੂੰ
ਖ਼ੁਸ਼ਬੂ, ਪੌਣ, ਪਾਣੀ ਤੇ ਪੰਛੀ ਕਦ ਮੰਨਦੇ ਸਰਹੱਦਾਂ ਨੂੰ' ।




# ਕੂੜ ਕ੍ਰਿਆ ਉਰਝਿਓ ਸਭ ਹੀ ਜਗੁ

ਇਹ ਤੁਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਤੇ ਉਨ੍ਹਾਂ ਦੀ ਬਾਣੀ 'ਅਕਾਲ ਉਸਤਤਿ' ਵਿਚ ਦਰਜ ਹੈ। ਇਹ ਬਾਣੀ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਇਸ ਤੁਕ ਵਿਚ ਗੁਰੂ ਜੀ ਨੇ ਸਪਸ਼ਟ ਕਿਹਾ ਹੈ ਕਿ ਸਾਰਾ ਜਹਾਨ ਕੂੜੇ ਕੰਮਾਂ ਵਿਚ ਉਲਝਿਆ ਹੋਇਆ ਹੈ। ਗੁਰੂ ਜੀ ਨੇ ਇਸ ਕਥਨ ਵਿਚ ਕਿਸੇ ਇਕ ਧਰਮ, ਜਾਤ, ਫਿਰਕੇ, ਰੰਗ, ਲਿੰਗ, ਨਸਲ, ਕਿਤੇ ਅਤੇ ਖਿੱਤੇ ਦੇ ਲੋਕਾਂ ਦੀ ਗੱਲ ਨਹੀਂ ਕੀਤੀ। ਬਲਕਿ ਸਾਰੇ ਜਹਾਨ ਦੀ ਗੱਲ ਕੀਤੀ ਹੈ। ਇਸ ਤੁਕ ਦੇ ਦੂਜੇ ਭਾਗ ਵਿਚ ਗੁਰੂ ਜੀ ਨੇ ਕਿਹਾ: ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥ ਇਸਦਾ ਅਰਥ ਵੀ ਸਪਸ਼ਟ ਹੈ ਕਿ ਸਾਰੇ ਜਹਾਨ ਨੂੰ ਸ੍ਰੀ ਭਗਵਾਨ ਦੀ ਅਸਲੀਅਤ ਨਹੀਂ ਪਤਾ ਲੱਗੀ।



**ਅਵਤਾਰ ਸਿੰਘ (ਪ੍ਰੋ.)**
**ਫੋਨ: +91-94175-18384**

ਸਵਾਲ ਪੈਦਾ ਹੁੰਦਾ ਹੈ ਕਿ ਭਗਵਾਨ ਦੀ ਅਸਲੀਅਤ ਦਾ ਕਿਸੇ ਨੂੰ ਪਤਾ ਲੱਗ ਵੀ ਸਕਦਾ ਹੈ? ਮੇਰੀ ਤੁੱਛ ਜਾਣਕਾਰੀ ਅਨੁਸਾਰ ਭਗਵਾਨ ਨੂੰ ਕੋਈ ਵੀ ਜਾਣ ਨਹੀਂ ਸਕਦਾ। ਉਸਨੂੰ ਪਿਆਰ ਕਰ ਸਕਦਾ ਹੈ ਤੇ ਪਿਆਰ ਵਿਚ ਉਸ ਨਾਲ ਇਕ ਰੂਪ ਵੀ ਹੋ ਸਕਦਾ ਹੈ। ਉਸ ਨਾਲ ਇਕ ਰੂਪ ਹੋਣ ਨਾਲ ਉਸਨੂੰ ਜਾਣਨ ਦਾ ਮਸਲਾ ਹੀ ਖਤਮ ਹੋ ਜਾਂਦਾ ਹੈ। ਫਿਰ ਆਪਣੇ ਆਪ ਨੂੰ ਜਾਣਨਾ ਜਾਂ ਉਸਨੂੰ ਜਾਣਨਾ ਇਕ ਹੀ ਗੱਲ ਹੁੰਦੀ ਹੈ।

ਗੁਰੂ ਨਾਨਕ ਕਹਿੰਦੇ ਹਨ: ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥ ਕਿ ਜਿਨ੍ਹਾਂ ਨੇ ਆਪਣੇ ਆਪ ਨੂੰ ਜਾਣ ਲਿਆ ਉਹ ਪਰਮਾਤਮਾ ਨੂੰ ਵੀ ਜਾਣ ਲੈਂਦੇ ਹਨ। ਇਸਦਾ ਅਰਥ ਇਹ ਨਹੀਂ ਹੈ ਕਿ ਆਪਣੇ ਆਪ ਨੂੰ ਜਾਣਨ ਨਾਲ ਜਾਣਨ ਦਾ ਅਭਿਆਸ ਹੋ ਜਾਂਦਾ ਹੈ, ਜਿਸ ਸਦਕਾ ਕੋਈ ਪਰਮਾਤਮਾ ਨੂੰ ਵੀ ਜਾਣ ਸਕਦਾ ਹੈ। ਬਲਕਿ ਇਸਦਾ ਅਰਥ ਇਹ ਹੈ ਕਿ ਆਪਣੇ ਆਪ ਨੂੰ ਜਾਣਨਾ ਹੀ ਪਰਮਾਤਮਾ ਨੂੰ ਜਾਣਨਾ ਹੈ। ਕਿਉਂਕਿ ਆਤਮਾ ਤੇ ਪਰਮਾਤਮਾ ਵਿਚ ਕੋਈ ਫਰਕ ਨਹੀਂ ਹੈ। ਜਿਵੇਂ ਜਦ ਤਕ ਪਾਣੀ ਦੀ ਬੂੰਦ ਤੇ ਸਮੁੰਦਰ ਨੂੰ ਦੂਰੋਂ ਦੇਖੀਏ ਤਾਂ ਉਹ ਦੋ ਹੁੰਦੇ ਹਨ। ਪਾਣੀ ਦੀ ਬੂੰਦ ਦੇ ਅੰਦਰ ਜਾਈਆਂ ਹੀ ਪਤਾ ਲਗਦਾ ਹੈ ਕਿ ਉਹ ਤੇ ਸਮੁੰਦਰ ਇਕ ਹੀ ਹਨ। ਪਾਣੀ ਦੀ ਬੂੰਦ ਜੇ ਆਪਣੇ ਆਪ ਨੂੰ ਜਾਣ ਲਵੇ ਤਾਂ ਉਹ ਜਾਣ ਸਕਦੀ ਹੈ ਕਿ ਉਸਦੇ ਤੇ ਸਮੁੰਦਰ ਵਿਚ ਕੋਈ ਫਰਕ ਨਹੀਂ।

ਇਹੀ ਗਿਆਨ ਮਾਰਗ ਹੈ ਤੇ ਅਧਿਆਤਮ ਹੈ। ਇਸਦੇ ਬਿਨਾ ਜੋ ਕੁਝ ਵੀ ਕੋਈ ਕਰ ਰਿਹਾ ਹੈ ਉਸਨੂੰ ਗੁਰੂ ਜੀ ਨੇ ਕੂੜਾ ਕਰਕਟ ਕਿਹਾ ਹੈ। ਇਸ ਸੰਦਰਭ ਵਿਚ ਕਿਸੇ ਬਾਰੇ ਕੁਝ ਕਹਿਣਾ ਚੰਗਾ ਨਹੀਂ ਲਗਦਾ। ਇਸ ਲਈ ਅਸੀਂ ਆਪਣੇ ਆਪ ਨੂੰ ਹੀ ਦੇਖੀਏ ਕਿ ਅਸੀਂ ਜੋ ਵੀ ਕਰ ਰਹੇ ਹਾਂ ਉਹ ਵੀ ਕਿਤੇ 'ਕੂੜ ਕ੍ਰਿਆ' ਜਾਂ ਕੂੜਾ ਕਰਕਟ ਹੀ ਤਾਂ ਨਹੀਂ?

ਇਹ ਸਵਾਲ ਹਰ ਮਨੁਖ ਨੂੰ ਨਿਜੀ ਤੌਰ 'ਤੇ ਵੀ ਕਰਨੇ ਚਾਹੀਦੇ ਹਨ ਤੇ ਸਮੂਹਿਕ ਰੂਪ ਵਿਚ ਵੀ। ਅਸੀਂ ਨਿਜੀ ਤੌਰ 'ਤੇ ਕੀ ਕੀ ਕਰਦੇ ਹਾਂ ਉਨ੍ਹਾਂ ਯਤਨਾਂ ਜਾਂ ਕਾਰਜਾਂ ਬਾਰੇ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਕੋਈ ਅਹਿਮੀਅਤ ਵੀ ਹੈ? ਇਸੇ ਤਰ੍ਹਾਂ ਮਨੁਖ ਦੇ ਸਮੂਹਿਕ ਯਤਨ ਅਤੇ ਕਾਰਜ ਵੀ ਘੋਖਣੇ ਚਾਹੀਦੇ ਹਨ ਕਿ ਉਨ੍ਹਾਂ ਦਾ ਕਿਸੇ ਨੂੰ ਕੋਈ ਲਾਭ ਵੀ ਹੈ? ਜਿਸਨੂੰ ਮਨੁਖ ਵਿਕਾਸ ਦਾ ਨਾਂ ਦੇ ਰਿਹਾ ਹੈ, ਉਹ ਕਿਤੇ ਵਿਨਾਸ਼ ਤਾਂ ਨਹੀਂ?

ਇਹ ਵੀ ਸੋਚਣਾ ਚਾਹੀਦਾ ਹੈ ਕਿ ਧਰਮ-ਕਰਮ ਸਮਝੀ ਜਾਂਦੀ ਦਾਨ ਦੀ ਬਿਰਤੀ ਕਿਤੇ ਮੰਗਤਿਆਂ ਵਿਚ ਵਾਧਾ ਤਾਂ ਨਹੀਂ ਕਰ ਰਹੀ? ਮੱਦਦ ਦੇ ਯਤਨ ਕਿਸੇ ਨੂੰ ਅਪਾਹਜ ਤਾਂ ਨਹੀਂ ਬਣਾ ਰਹੇ? ਸੇਵਾ ਦੇ ਕਾਰਜ ਕਿਤੇ ਵਿਹਲੜਾਂ ਦੀ ਗਿਣਤੀ ਵਿਚ ਵਾਧਾ ਤਾਂ ਨਹੀਂ ਕਰ ਰਹੇ? ਲੰਗਰਾਂ ਤੇ ਭੰਡਾਰਿਆਂ ਦੇ ਨਾਂ 'ਤੇ ਕਿਤੇ ਠੱਗੀ ਤਾਂ ਨਹੀਂ ਹੋ ਰਹੀ। ਕਿਉਂਕਿ ਗੋਲਕ ਸਿਰਫ ਸ੍ਰੀ ਗੁਰੂ ਅੱਗੇ ਹੀ ਹੋਣੀ ਸੋਭਦੀ ਹੈ। ਲੰਗਰਾਂ ਦੇ ਬਾਹਰ ਗੋਲਕ ਦਾ ਕੀ ਕੰਮ? ਗੁਰੂ ਅੱਗੇ ਚੜ੍ਹੇ ਹੋਏ ਚੜ੍ਹਾਵੇ ਨਾਲ ਹੀ ਲੰਗਰ ਚੱਲਣੇ ਚਾਹੀਦੇ ਹਨ। ਲੰਗਰ ਅੱਗੇ ਫਿਰ ਚੜ੍ਹਾਵੇ ਦੀ ਤਵੱਕੋ ਰੱਖਣੀ ਸੰਗਤ ਨੂੰ ਸ਼ਰਮਿੰਦਾ ਕਰਨ ਵਾਲੀ ਗੱਲ ਹੈ।

ਮਹਾਨ ਲੋਕਾਂ ਨੇ ਦਾਨ, ਮੱਦਦ ਤੇ ਸੇਵਾ ਦੀ ਅਹਿਮੀਅਤ ਨੂੰ ਕਿਤੇ ਵੀ ਨਕਾਰਿਆ ਨਹੀਂ ਹੈ। ਇਸਦੇ ਬਾਵਜੂਦ ਹਰ ਕਿਸੇ ਨੇ ਅਜਿਹੇ ਕਾਰਜ ਸੋਚ ਸਮਝ ਕੇ ਤੇ ਸੂਝ-ਬੂਝ ਨਾਲ ਕਰਨ ਲਈ ਕਿਹਾ ਹੈ। ਅਨਾੜੀ ਲੋਕ ਜਦ ਕਿਸੇ ਦਾ ਭਲਾ ਕਰਦੇ ਹਨ ਤਾਂ ਉਹ ਭਲਾਈ ਵੀ ਅਸਲ ਵਿਚ ਨੁਕਸਾਨ ਹੀ ਕਰਦੀ ਹੈ। ਇਸ ਲਈ ਭਲੇ ਦੇ ਕਾਰਜ ਕਰਨ ਤੋਂ ਪਹਿਲਾਂ ਵਧੇਰੇ ਸੋਚ-ਵਿਚਾਰ ਕਰਨ ਦੀ ਲੋੜ ਹੁੰਦੀ ਹੈ।

ਚੁਰਾਸੀ ਦੇ ਦਿੱਲੀ ਦੰਗਿਆਂ ਦੇ ਬਾਅਦ ਹਰ ਹਫਤੇ ਕਿਤੇ ਨਾ ਕਿਤੇ ਕੀਰਤਨ ਦਰਬਾਰ ਹੁੰਦਾ ਸੀ। ਮੈਂ ਉਦੋਂ ਪੰਜਾਬ ਯੂਨੀਵਰਸਿਟੀ ਵਿਚ ਪੜ੍ਹਦਾ ਸੀ ਤੇ ਅਸੀਂ ਕਈ ਜਾਣੇ ਇਕੱਠੇ ਹੋ ਕੇ ਕੀਰਤਨ ਸੁਣਨ ਜਾਂਦੇ। ਕਮੇਟੀਆਂ ਲਈ ਚੜ੍ਹਾਵਾ 'ਕੱਠਾ ਕਰਨ ਦਾ ਸੁਨਹਿਰੀ ਮੌਕਾ ਬਣਿਆ ਹੋਇਆ ਸੀ ਤੇ ਉਹ ਚਾਰ ਸਿੱਖਾਂ ਨੂੰ ਚਾਦਰ ਫੈਲਾ ਕੇ ਸੰਗਤ ਵਿਚ ਘੁਮਾਉਣ ਲੱਗ ਪਏ। ਇਕ ਦੀਵਾਨ ਵਿਚ ਪੈਸੇ 'ਕੱਠੇ ਕਰਨ ਵਾਲੀ ਚਾਦਰ ਲੈ ਕੇ ਚਾਰ ਸਿੱਖ ਸਾਡੇ ਕੋਲ ਆਏ ਤਾਂ ਇਕ ਦੋਸਤ ਕਹਿਣ ਲੱਗਾ ਕਿ ਇਨ੍ਹਾਂ ਨੇ ਗੁਰੂ ਨੂੰ ਹੀ ਮੰਗਤਾ ਬਣਾ ਦਿੱਤਾ।

ਕਹਿੰਦੇ ਹਨ ਸ਼ਿਵ ਤੇ ਪਾਰਬਤੀ ਕਿਤੇ ਜਾ ਰਹੇ ਸਨ। ਰਸਤੇ ਵਿਚ ਭਰਤਰੀ ਜੀ ਬਲਦੀ ਚਿਖਾ ਨੇੜੇ ਬੈਠੇ ਸਨ। ਕਈ ਦਿਨਾਂ ਦੇ ਭੁੱਖੇ ਹੋਣ ਕਾਰਣ ਉਹ ਚਿਖਾ ਕੋਲ ਪਏ ਆਟੇ ਦੇ ਪਿੰਨੇ ਭੁੰਨ ਕੇ ਖਾਣ ਲੱਗੇ ਸਨ। ਪਾਰਬਤੀ ਨੂੰ ਉਸ ਉਤੇ ਤਰਸ ਆਇਆ ਤਾਂ ਉਹ ਸ਼ਿਵਜੀ ਨੂੰ ਪੁੱਛਣ ਲਗੀ ਕਿ ਉਹ ਭਰਤਰੀ ਜੀ ਨੂੰ ਉਸਦੇ ਮਹਾਨ ਤਿਆਗ ਬਦਲੇ ਵਰ ਦੇ ਆਵੇ? ਸ਼ਿਵਜੀ ਕਹਿਣ ਲੱਗੇ ਵਰ ਦੇ ਆਓ, ਪਰ ਕਿਤੇ ਵਰ ਦੇ ਭੁਲੇਖੇ ਸਰਾਪ ਨਾ ਦੇ ਆਉਣਾ।


ਪਾਰਬਤੀ ਭਰਤਰੀ ਜੀ ਦੇ ਪਿਛੇ ਜਾ ਖੜ੍ਹੀ ਹੋਈ ਤੇ ਉਸਨੂੰ ਭਗਤਾ ਭਗਤਾ ਕਹਿ ਕੇ ਅਵਾਜ਼ ਮਾਰੀ। ਭਰਤਰੀ ਜੀ ਨੂੰ ਲੱਗਿਆ, ਕੋਈ ਮੰਗਤੀ ਉਨ੍ਹਾਂ ਤੋਂ ਕੁਝ ਖਾਣ ਲਈ ਮੰਗ ਰਹੀ ਹੈ। ਉਸਨੇ ਆਪਣੇ ਲਈ ਭੁੰਨਿਆ ਹੋਇਆ ਪਿੰਨਾ ਪਿਛੇ ਸੁੱਟ ਦਿਤਾ ਤੇ ਆਪਣੇ ਲਈ ਦੂਸਰਾ ਪਿੰਨਾ ਭੁੰਨਣ ਲਗ ਪਿਆ। ਪਾਰਬਤੀ ਜੀ ਨੇ ਫਿਰ ਭਗਤਾ ਭਗਤਾ ਕਹਿ ਕੇ ਅਵਾਜ਼ ਮਾਰੀ। ਭਰਤਰੀ ਨੇ ਸੋਚਿਆ ਮੰਗਤੀ ਹਾਲੇ ਹੋਰ ਮੰਗ ਰਹੀ ਹੈ। ਉਸਨੇ ਦੂਸਰਾ ਪਿੰਨਾ ਵੀ ਪਿੱਛੇ ਸੁਟ ਦਿਤਾ ਤੇ ਆਪਣੇ ਲਈ ਆਖਰੀ ਪਿੰਨਾ ਭੁੰਨਣ ਲੱਗ ਪਿਆ। ਤੀਜੀ ਵਾਰੀ ਫਿਰ ਪਿੱਛਿਓਂ ਭਗਤਾ ਭਗਤਾ ਦੀ ਅਵਾਜ਼ ਆਈ ਤਾਂ ਉਸਨੇ ਤੀਜਾ ਪਿੰਨਾ ਵੀ ਪਿੱਛੇ ਸੁਟ ਦਿਤਾ। ਪਿੰਨੇ ਮੁੱਕ ਗਏ ਸਨ ਪਰ ਪਿੱਛਿਓਂ ਫਿਰ ਭਗਤਾ ਭਗਤਾ ਦੀ ਆਵਾਜ਼ ਆਈ। ਪਿਛੇ ਮੁੜ ਕੇ ਦੇਖਿਆ ਤਾਂ ਭਰਤਰੀ ਜੀ ਪਾਰਬਤੀ ਮਾਤਾ ਨੂੰ ਦੇਖ ਕੇ ਹੈਰਾਨ ਰਹਿ ਗਏ ਤੇ ਸ਼ਰਮਿੰਦਗੀ ਵਿਚ ਉਸਦੇ ਚਰਨੀ ਢਹਿ ਪਏ। ਪਾਰਬਤੀ ਜੀ ਕਹਿਣ ਲਗੇ ਕਿ ਭਗਤਾ ਤੇਰਾ ਤਿਆਗ ਤੇ ਤਪੱਸਿਆ ਪ੍ਰਵਾਣ ਹੋ ਗਈ ਹੈ ਤੇ ਇਸ ਬਦਲੇ ਮੈਂ ਤੈਨੂੰ ਵਰ ਦੇਣ ਆਈ ਹਾਂ। ਦੱਸ ਕੀ ਚਾਹੁੰਦਾ ਹੈ?

ਭਰਤਰੀ ਜੀ ਕਹਿਣ ਲੱਗੇ ਕਿ ਮਾਤਾ ਮੈਨੂੰ ਇਹ ਵਰ ਦੇਣਾ ਕਿ ਮੈਨੂੰ ਰੋਜ਼ ਰੋਜ਼ ਕੁਝ ਖਾਣ ਨੂੰ ਨਾ ਮਿਲੇ ਤੇ ਜਦ ਵੀ ਕਿਤੇ ਮਿਲੇ ਤਾਂ ਰੱਜ ਕੇ ਖਾਣ ਨੂੰ ਨਾ ਮਿਲੇ। ਇਹ ਸੁਣ ਕੇ ਪਾਰਬਤੀ ਨੂੰ ਯਾਦ ਆਇਆ ਕਿ ਸ਼ਿਵਜੀ ਨੇ ਉਸਨੂੰ ਕਿਉਂ ਕਿਹਾ ਸੀ ਕਿ ਦੇਖਣਾ ਕਿਤੇ ਭਰਤਰੀ ਜੀ ਨੂੰ ਵਰ ਦੇ ਭੁਲੇਖੇ ਸਰਾਪ ਨਾ ਦੇ ਆਉਣਾ। ਕਿਉਂਕਿ ਸ਼ਿਵਜੀ ਜਾਣਦੇ ਸਨ ਕਿ ਭਰਤਰੀ ਜਿਹੇ ਲੋਕਾਂ ਲਈ ਵਰ ਅਸਲ ਵਿਚ ਸਰਾਪ ਹੁੰਦੇ ਹਨ।

ਜਿਸਨੂੰ ਅਸੀਂ ਵਿਕਾਸ ਕਹਿੰਦੇ ਹਾਂ, ਉਹ ਵਿਕਾਸ ਵੀ ਕਿਸੇ ਵਿਨਾਸ਼ ਦਾ ਹੀ ਦੂਜਾ ਨਾਂ ਹੁੰਦਾ ਹੈ। ਇਸ ਕਰਕੇ ਸਾਨੂੰ ਵਿਕਾਸ ਤੇ ਵਿਨਾਸ਼ ਵਿਚਲਾ ਫਰਕ ਸਮਝਣਾ ਚਾਹੀਦਾ ਹੈ। ਨਹੀਂ ਤਾਂ ਬੇਸਮਝੀ ਵਿਚ ਕੀਤੇ ਜਾਣ ਵਾਲੇ ਵਿਕਾਸ ਕਾਰਜ ਵੀ ਵਰ ਦੀ ਬਜਾਏ ਸਰਾਪ ਹੀ ਸਾਬਤ ਹੁੰਦੇ ਹਨ। ਇਸ ਤਰਾਂ ਨਾ-ਸਮਝੀ ਵਿਚ ਹੋਣ ਵਾਲੇ ਦਾਨ-ਪੁੰਨ ਦੇ ਮਹਾਨ ਕਾਰਜ ਵੀ ਸਮਾਜ ਵਿਚ ਵਿਗਾੜ ਪੈਦਾ ਕਰ ਸਕਦੇ ਹਨ। ਦਾਨ-ਪੁੰਨ ਹੋਣ ਤੇ ਲੰਗਰ ਚੱਲਣ—ਸਮਝਦਾਰੀ ਤੇ ਦਿਆਨਤਦਾਰੀ ਨਾਲ। ਭਰਤਰੀ ਜੀ ਦੀ ਇਹ ਕਥਾ ਭਾਈ ਵੀਰ ਸਿੰਘ ਜੀ ਨੇ 'ਵੈਰਾਗ ਸ਼ਤਕ' ਦੇ ਆਪਣੇ ਪੰਜਾਬੀ ਅਨੁਵਾਦ ਵਿਚ ਲਿਖੀ ਹੋਈ ਹੈ। ਇਹ ਕਥਾ ਦਾਨ-ਪੁੰਨ ਤੇ ਵਰ-ਸਰਾਪ ਦੇ ਅਸਲ ਅਰਥ ਸਪਸ਼ਟ ਕਰਨ ਵਾਲੀ ਹੈ। ਇਸਦਾ ਅਧਿਐਨ ਅਜੋਕੇ ਸਮੇਂ ਵਿਚ ਵੀ ਲਾਹੇਵੰਦ ਸਾਬਤ ਹੋ ਸਕਦਾ ਹੈ। ਨਹੀਂ ਤਾਂ ਨਿਤ 'ਕੂੜ ਕ੍ਰਿਆ' ਵਿਚ ਵਾਧਾ ਤਾਂ ਹੋ ਹੀ ਰਿਹਾ ਹੈ ਤੇ ਸਾਡੇ ਵਿਚੋਂ ਕੋਈ ਵੀ ਇਸ ਵਾਧੇ ਵਿਚੋਂ ਬਾਹਰ ਨਹੀਂ ਹੈ।

# ਕਾਵਿ -ਕਿਆਰੀ

ਅਮਰੀਕ ਸਿੰਘ
ਸ਼ਿਕਾਗੋ



## ਨਜ਼ਮ

ਨਾ ਸੌਵੀਂ ਨਾ ਸੌਵੀਂ ਅਜੇ ਤਾਂ ਰਾਤ ਬਾਕੀ ਏ।
ਇਸ ਦਿਲ ਦੇ ਪੂਰੇ ਹੋਣੇ ਅਰਮਾਨ ਬਾਕੀ ਏ।
ਮਹਿਖਾਨੇ ਵਿਚ ਲਾਈ ਜਾ ਰੱਜ ਰੱਜ ਕੇ ਅਠਖੇਲੀਆਂ
ਕੋਈ ਹੋਰ ਨਹੀਂ, ਤੇਰਾ ਯਾਰ ਸਾਕੀ ਏ।

ਵਾਂਗ ਘਟਾ ਦੇ ਛਾਅ ਜਾ ਮੇਰੀ ਜ਼ਿੰਦਗੀ ਵਿਚ,
ਖੁੱਲ੍ਹੀ ਰੱਖੀ ਤੇਰੇ ਲਈ ਅਸਾਂ ਦਿਲ ਦੀ ਤਾਕੀ ਏ।
ਕਿੰਨੀਆਂ ਘੜੀਆਂ, ਕਿੰਨੇ ਪਲ, ਕਿੰਨੇ ਸਾਲ ਗੁਜ਼ਾਰੇ
ਸੁਪਨੇ ਵਿਚ ਵੀ ਕਿਸੇ ਹੋਰ ਵੱਲ ਨਾ ਝਾਕੀ ਏ।

ਤੇਰੀ ਰੂਹ ਦੀ ਪੂਜਾ ਕੀਤੀ ਵਾਂਗ ਭਗਵਾਨ ਦੇ
ਮੇਰੇ ਮੂੰਹੋਂ ਨਿਕਲੀ ਹਰ ਗੱਲ ਬੇਬਾਕੀ ਏ।
'ਅਮਰ' ਰਾਜਪੁਰ ਵਾਲਾ ਜਿਉਂਦਾ ਵਾਂਗ ਸੂਰਮਿਆਂ ਦੇ
ਲੱਗੀ ਰਹੀ ਭਾਵੇਂ ਪਿੱਛੇ ਦੁਨੀਆ ਜਾਂ ਵਰਦੀ ਖ਼ਾਕੀ ਏ।

---

## ਮੈਂ ਹਾਂ ਪੰਜਾਬ

ਮੈਂ ਹਾਂ ਪੰਜਾਬ, ਮੈਂ ਹਾਂ ਪੰਜਾਬ।
ਵੱਖਰਾ ਹੁਲੀਆ, ਵੱਖਰੀ ਤਾਬ।

ਸੋਨ-ਸੁਨਹਿਰੀ ਝਲਕਾਂ ਵਾਲਾ,
ਸੂਰਜ-ਮੁਖੀਏ ਵਾਂਗ ਸ਼ਬਾਬ।

ਬਾਬੇ ਨਾਨਕ ਦੀ ਹੈ ਰਹਿਮਤ,
ਰੂਹ ਵਿਚ ਰੱਬਤਾ ਦੀ ਰਬਾਬ।

ਜਿਥੇ ਮਾਨਵ-ਪ੍ਰੇਮ ਦੀ ਧਾਰਾ,
ਧਰਤੀ ਹੈ ਜੰਨਤ ਦਾ ਖ਼ਾਬ।

ਸੋਹਣੀ ਸੂਰਤ ਤੱਕ ਤੱਕ ਮੇਰੀ,
ਜਾਬਰ ਤੌੜਦੇ ਰਹੇ ਗੁਲਾਬ।
ਦਰਿਆਵਾਂ ਦੇ ਨੱਕੇ ਮੋੜਾਂ,
ਰੂਹ ਮੇਰੀ ਰਹਿੰਦੀ ਬੇਤਾਬ।

ਹਰ ਵਾਰੀ ਹਾਂ ਉਜਵਲ ਹੋਇਆ,
ਸਹਿ ਸਹਿ ਕੇ ਭਾਰੀ ਅਜ਼ਾਬ।

ਸੁੱਕ-ਮੁੱਕ ਕੇ ਹਰਿਆ ਹੋ ਜਾਵਾਂ,
ਮੇਰੀ ਮਿੱਟੀ ਵਿਚ ਸੈਲਾਬ।
ਮੈਂ ਹਾਂ ਪੰਜਾਬ, ਮੈਂ ਹਾਂ ਪੰਜਾਬ।

*-ਸੁਹਿੰਦਰ ਬੀਰ*

---

## ਨਹੀਓਂ ਮਰਦਾ ਪੰਜਾਬ

ਹੌਂਸਲੇ ਨੀ ਟੁੱਟੇ ਭਾਵੇਂ, ਘਰ ਟੁੱਟ ਗਏ ਨੇ
ਸ਼ਿਕਵਾ ਨੀ ਕੋਈ ਭਾਵੇਂ, ਲੇਖ ਰੁੱਸ ਗਏ ਨੇ
ਖੁਸ਼ੀਆਂ ਨੇ ਦੂਰ ਪਰ, ਗੁਰੂ ਅੰਗ ਸੰਗ ਆ
ਚੜ੍ਹਦੀ ਕਲਾ ਤੇ ਸਾਡੇ ਹੌਂਸਲੇ ਬੁਲੰਦ ਆ।

ਪਾਣੀਆਂ ਦੇ ਪੁੱਤਾਂ ਨੂੰ ਕੀ, ਪਾਣੀਆਂ ਨੇ ਮਾਰਨਾ
ਸੂਰਜਾਂ ਦੇ ਵਾਰਿਸਾਂ ਨੂੰ, ਅੱਗਾਂ ਨੇ ਕੀ ਸਾੜਨਾ
ਸ਼ੇਰਾਂ ਦੇ ਦਰਾਂ ਦੇ ਮੂਹਰੇ, ਕਿਹੜਾ ਜਾਊ ਖੰਘ ਆ
ਚੜ੍ਹਦੀ ਕਲਾ ਤੇ ਸਾਡੇ ਹੌਂਸਲੇ ਬੁਲੰਦ ਆ।

ਫਾਰਮਟਰੈਕ ਜਾਂਦੇ, ਨਦੀਆਂ 'ਚ ਬੁੱਕਦੇ
ਧੱਕ ਪਾਈ ਜਾਂਦੇ ਆ, ਫਰੰਟ ਟਾਇਰ ਚੁੱਕ ਕੇ
ਕਿਹੜੀ ਮਿੱਟੀ ਦੇ ਬਣੇ ਨੇ, ਹੜ੍ਹ ਰੱਬ ਕੋਲੋਂ ਪੁੱਛਦੇ
ਮੌਤ ਮੂਹਰੇ ਖੜ੍ਹੀ ਇਹੋ, ਕੱਢੀ ਜਾਂਦੇ ਦੰਦ ਆ
ਨਹੀਓਂ ਮਰਦਾ ਪੰਜਾਬ, ਇਹਦੇ ਹੌਂਸਲੇ ਬੁਲੰਦ ਆ।

ਜਦੋਂ ਵੀ ਪੰਜਾਬ ਉੱਤੇ, ਔਖੇ ਸਮੇਂ ਆਉਂਦੇ ਆ
ਪੁੱਤ ਪਰਦੇਸੀ ਕਦੇ, ਪਿੱਠ ਨਾ ਦਿਖਾਉਂਦੇ ਆ
ਲੱਖਾਂ ਤੇ ਕਰੋੜਾਂ ਕੱਠੇ, ਕਰ ਦਿੰਦੇ ਫੰਡ ਆ
ਪੰਜਾਬ ਲਈ ਕਨੇਡਾ ਵਾਲੇ, ਚੀਨ ਵਾਲੀ ਕੰਧ ਆ।
ਅਣਖਾਂ ਦੇ ਪੁੱਤ ਅਸੀਂ, ਪਤਾ ਚਮਕੌਰ ਨੂੰ
ਸਾਡੀਆਂ ਤਸੀਰਾਂ ਬਾਰੇ, ਪੁੱਛਿਓ ਲਾਹੌਰ ਨੂੰ
ਕਾਬਲ ਕੰਧਾਰ ਫਤਹਿ, ਕੀਤਿਓ ਮੈਦਾਨ ਨੇ
ਕਿਲੇ ਜਮਰੌਦ ਦੀਆਂ, ਕੰਧਾਂ 'ਤੇ ਨਿਸ਼ਾਨ ਨੇ
ਸ਼ੇਰਾਂ ਦੇ ਜਬਾੜਿਆਂ 'ਚ ਹੱਥ ਪਾਣਾ ਜਾਣਦੇ।

ਹਾਥੀਆਂ ਨੂੰ ਨੇਜਿਆਂ ਦੀ, ਨੱਥ ਪਾਣਾ ਜਾਣਦੇ
ਸਾਡਿਆਂ ਦੁਮਾਲਿਆਂ ਦੇ, ਨੀਲੇ ਪੀਲੇ ਰੰਗ ਆ
ਸਾਹੋਤੇਆ ਓ ਵੈਰੀ ਸਾਥੋਂ, ਤਾਹੀਓਂ ਅੱਜ ਤੰਗ ਆ
ਸਦਾ ਹੀ ਪੰਜਾਬੀਆਂ ਦੇ ਗੁਰੂ ਅੰਗ ਸੰਗ ਆ
ਚੜ੍ਹਦੀ ਕਲਾ ਤੇ ਸਾਡੇ ਹੌਂਸਲੇ ਬੁਲੰਦ ਆ।

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778-863-2472*

---

## ਹਵਾਵਾਂ

ਵਾਰ-ਵਾਰ ਤੇ ਹਰ ਵਾਰ ਈ
ਚੜ੍ਹਦੇ ਜਾਂ ਲਹਿੰਦੇ ਪਾਸੇ ਵੱਲੋਂ
ਚੱਲੀਆਂ ਜ਼ਹਿਰੀ ਜਿਹੀਆਂ ਹਵਾਵਾਂ
ਅਵਾਮ ਵਿੱਚੋਂ ਦੀ ਲੰਘ ਜਾਂਦੀਆਂ ਨੇ
ਤੇ ਲੰਘਦੀਆਂ - ਲੰਘਦੀਆਂ
ਇਨਸਾਨਾਂ ਨੂੰ ਵੰਡ ਜਾਂਦੀਆਂ ਨੇ

ਚੰਗੇ ਭਲੇ ਇਨਸਾਨਾਂ ਨੂੰ
ਮਜ਼੍ਹਬਾਂ ਵਿੱਚ ਰੰਗ ਜਾਂਦੀਆਂ ਨੇ
ਉਚਾਂ-ਨੀਚਾਂ ਵਿੱਚ ਵੰਡ ਜਾਂਦੀਆਂ ਨੇ
ਜਾਤਾਂ-ਪਾਤਾਂ ਵਿੱਚ ਰੰਗ ਜਾਂਦੀਆਂ ਨੇ
ਤੇ ਲੰਘਦੀਆਂ - ਲੰਘਦੀਆਂ
ਇਨਸਾਨੀਅਤ ਨੂੰ ਡੰਗ ਜਾਂਦੀਆਂ ਨੇ

ਸ਼ੁਕਰ ਰੱਬ ਦਾ
ਕਿ ਵਿੱਚ-ਵਿਚਾਲੇ ਜਿਹੇ
ਮੁਹੱਬਤੀ ਫਿਜ਼ਾਵਾਂ ਵੀ ਵਗ ਜਾਂਦੀਆਂ ਨੇ
ਮੋਹ-ਮੁਹੱਬਤਾਂ ਦੇ ਸੁਨੇਹੇ ਛੱਡ ਜਾਂਦੀਆਂ ਨੇ
ਤੇ ਲੰਘਦੀਆਂ - ਲੰਘਦੀਆਂ
ਇਨਸਾਨੀਅਤ ਦੇ ਬੀਜ ਦੱਬ ਜਾਂਦੀਆਂ ਨੇ।

*-ਕੁਲਵਿੰਦਰ ਬਾਠ*

---

## ਰਾਹਤ

ਹੜ੍ਹ ਦੇ ਪਾਣੀ ਨਾਲ ਹੈ ਆਈ, ਕਿੰਨੀ ਵੱਡੀ ਆਫ਼ਤ।
ਇਸ ਆਫ਼ਤ ਤੋਂ ਰੱਬ ਹੀ ਜਾਣੇ, ਕਦੋਂ ਮਿਲੇਗੀ ਰਾਹਤ।

ਡਿੱਗੇ ਘਰ ਤੇ ਫ਼ਸਲਾਂ ਰੁੜ੍ਹੀਆਂ, ਖੌਰੇ ਕੀ ਕੁਝ ਹੋਣਾ।
ਸਾਡੀ ਤਾਂ ਕਿਸਮਤ ਵਿਚ ਲਿਖਿਆ, ਜੀਵਨ ਭਰ ਦਾ ਰੋਣਾ।
ਕੋਈ ਵੀ ਟੱਬਰ ਨਾ ਦਿੱਸਦਾ, ਜਿਹੜਾ ਬਚਿਆ ਸਾਬਤ।

ਮਾਰ ਪਈ ਹੈ ਐਸੀ, ਸਭ ਕੁਝ ਤਹਿਸ-ਨਹਿਸ ਹੈ ਹੋਇਆ।
ਕਈ ਥਾਈਂ ਦਸ ਫੁੱਟ ਪਾਣੀ ਨੇ, ਘਰਾਂ ਨੂੰ ਆਣ ਡੁਬੋਇਆ।
ਕੁੱਲ ਪੰਜਾਬ ਦੁਖਾਂ ਵਿਚ ਫਸਿਆ, ਦੱਸੀਏ ਕੀਹਦੇ ਬਾਬਤ।

ਦਾਣਾ-ਪੱਠਾ ਰੁੜ੍ਹ ਗਿਆ ਸਾਰਾ, ਪਸ਼ੂ ਨਾ ਬਚਿਆ ਕੋਈ।
ਹਾਹਾਕਾਰ ਮੱਚੀ ਚਹੁੰ ਪਾਸੀਂ, ਕੌਣ ਸੁਣੇ ਅਰਜ਼ੋਈ।
ਤੀਲਾ-ਤੀਲਾ ਜੋੜ ਬਣਾਇਆ, ਲੱਗੀ ਬੜੀ ਸੀ ਲਾਗਤ।

ਵਿਚ ਬਿਪਤਾ ਦੇ ਵੇਖ ਲੋਕਾਂ ਨੂੰ, ਕਈਆਂ ਮਦਦ ਕੀਤੀ।
ਵੰਡਣ ਸਮੱਗਰੀ ਭਾਵੁਕ ਹੋ ਕੇ, ਜੋ ਸਾਡੇ 'ਤੇ ਬੀਤੀ।
ਭਾਈਚਾਰਕ ਸਾਂਝ ਦੀ ਇਸ ਤੋਂ, ਵੱਡੀ ਨਹੀਂ ਸ਼ਨਾਖ਼ਤ।

ਮਾਣ ਨਾ ਕਰੀਏ ਧਨ-ਦੌਲਤ 'ਤੇ, ਵਿਚ ਹਲੀਮੀ ਰਹੀਏ।
ਵੰਡੀਏ ਖੇੜੇ-ਖੁਸ਼ੀਆਂ ਹਰ ਥਾਂ, ਮੰਦੇ ਬੋਲ ਨਾ ਕਹੀਏ।
ਆਕੜ, ਧੌਂਸ ਤੇ ਖ਼ੁਦਗਰਜ਼ੀ ਦੀ, ਛੱਡੀਏ ਆਪਣੀ ਆਦਤ।

ਰੱਬ ਦੇ ਅੱਗੇ ਜ਼ੋਰ ਨਾ ਚੱਲੇ, ਕਰਦਾ ਆਪਣੀ ਮਰਜ਼ੀ।
ਉਹਦੀ ਦਰਗਾਹ ਵਿਚ ਨਾ ਪੁੱਜੇ, ਨਾ ਚਿੱਠੀ ਨਾ ਅਰਜ਼ੀ।
ਜਦ ਬੰਦਾ ਮਨ-ਆਈਆਂ ਕਰਦਾ, ਰੱਬ ਵਿਖਾਵੇ ਤਾਕਤ।

*- ਪ੍ਰੋ. ਨਵ ਸੰਗੀਤ ਸਿੰਘ*
*ਫੋਨ: 94176-92015*

# ਧੋਖੇਬਾਜ਼ ਸਿਆਸਤ - ਪੰਜਾਬ ਦੀ ਜਵਾਨੀ ਦੇ ਕਟਹਿਰੇ ਵਿਚ!

ਪੰਜਾਬ ਦੀ ਜਵਾਨੀ ਨੇ ਆਪਣਾ ਇਮਤਿਹਾਨ ਪਾਸ ਕਰ ਲਿਆ ਹੈ। ਕਿਸਾਨ ਅੰਦੋਲਨ ਅਤੇ ਹੜ੍ਹਾਂ ਦੇ ਪਾਣੀਆਂ ਵਿਚ, ਲੰਗਰਾਂ ਦੇ ਦਰਬਾਰਾਂ ਵਿਚ, ਸੇਵਾ ਦੇ ਮੈਦਾਨਾਂ ਵਿਚ, ਉਹ ਹਮੇਸ਼ਾਂ ਪੰਜਾਬ ਦੀ ਰੂਹ ਵਜੋਂ ਖੜ੍ਹੀ ਹੋਈ।

ਹੁਣ ਵਾਰੀ ਹਰ ਰੰਗ ਦੇ ਸਿਆਸਤਦਾਨ ਦੀ ਹੈ।ਹੁਣ ਵਾਰੀ ਸਿਆਸੀ ਜਮਾਤ ਦੀ ਅਤੇ ਅਫਸਰਸ਼ਾਹੀ ਦੀ ਹੈ।

**ਲੋਕਾਂ ਦੀ ਅਦਾਲਤ**

ਹੁਣ ਪੰਜਾਬ ਦਾ ਹਰ ਗਲੀ-ਕੂਚਾ, ਹਰ ਪਿੰਡ, ਹਰ ਖੇਤ, ਹਰ ਮੈਦਾਨ ਲੋਕਾਂ ਦੀ ਅਦਾਲਤ ਹੈ। ਇਸ ਅਦਾਲਤ ਦੇ ਜੱਜ ਹਨ ਨੌਜਵਾਨ, ਅਤੇ ਮੁਲਜ਼ਮ ਹਨ ਸਭ ਸਿਆਸਤਦਾਨ; ਸਰਕਾਰ ਅਤੇ ਵਿਰੋਧੀ ਦਲ, ਦੋਵੇਂ!

**ਲੋਕਾਂ ਦੀ ਮੰਗ**

ਸਾਨੂੰ ਖਾਲੀ ਵਾਅਦੇ ਨਹੀਂ ਚਾਹੀਦੇ। ਅਸੀਂ ਸਾਫ਼ ਸੁਥਰੇ ਪ੍ਰੋਗਰਾਮ ਚਾਹੁੰਦੇ ਹਾਂ। ਰੋਡਮੈਪ, ਇੰਪਲੀਮੈਂਟੇਸ਼ਨ ਪ੍ਰੋਗਰਾਮ, ਹਰ ਦਿਨ, ਹਰ ਮਹੀਨੇ ਹਰ ਸਾਲ ਦੇ। ਹਰ ਪਾਰਟੀ ਤਿੰਨ ਮਹੀਨਿਆਂ ਦੇ ਅੰਦਰ ਲੋਕਾਂ ਦੀ ਅਦਾਲਤ ਵਿਚ ਲਿਆਵੇ:

1. ਰੁਜ਼ਗਾਰ ਯੋਜਨਾ - ਪਿੰਡਾਂ ਤੇ ਸ਼ਹਿਰਾਂ ਵਿਚ ਵੱਡੇ ਪੱਧਰ 'ਤੇ ਰੁਜ਼ਗਾਰ ਦੇ ਵਿਸਤਾਰ ਲਈ ਉਦਯੋਗ ਕਿਵੇਂ ਲਗਾਓਗੇ? ਸਟਾਰਟਅੱਪ ਪਲੈਨ ਕੀ ਹੈ?

2. ਸਿੱਖਿਆ ਸੰਕਲਪ - ਵਿਦਿਆ ਵਪਾਰ ਦੀਆਂ ਦੁਕਾਨਾਂ ਬੰਦ ਕਰਕੇ ਪੰਜਾਬ ਦੀ ਜਵਾਨੀ ਨੂੰ ਇੱਜ਼ਤਮਈ ਰੁਜ਼ਗਾਰ ਨਾਲ ਜੁੜੀ ਹੋਈ ਉੱਚ ਸਿੱਖਿਆ ਮੁਫਤ ਕਿਵੇਂ ਪ੍ਰਦਾਨ ਕਰਨੀ ਹੈ?

3. ਜੁਰਮ ਅਤੇ ਨਸ਼ਾ-ਵਿਰੋਧੀ ਯੋਜਨਾ - ਨਸ਼ੇ ਦੇ ਸੌਦਾਗਰਾਂ ਅਤੇ ਉਨ੍ਹਾਂ ਦੇ ਸਿਆਸੀ ਸਾਥੀਆਂ ਖ਼ਿਲਾਫ਼ ਸਾਫ਼ ਕਾਰਵਾਈ ਕਿਵੇਂ ਹੋਵੇਗੀ?

4. ਹੰਢਣਸਾਰ ਵਿਕਾਸ - ਪਾਣੀ, ਜ਼ਮੀਨ ਤੇ ਹਵਾ ਦੀ ਰੱਖਿਆ ਲਈ ਕਿਹੜਾ ਨਵਾਂ ਮਾਡਲ ਲਿਆਓਗੇ?

5. ਵਿਕਾਸ ਕਾਰਜਾਂ ਲਈ ਪੈਸੇ ਦਾ ਪ੍ਰਬੰਧ ਕਿਵੇਂ ਕਰੋਗੇ?

5. ਸਮਾਜਿਕ ਨਿਆਂ - ਆਰਥਕ ਅਤੇ ਸਮਾਜਿਕ ਤੌਰ 'ਤੇ ਪਛੜੇ ਲੋਕਾਂ ਦੇ ਸੁਸ਼ਕਤੀਕਰਣ ਲਈ ਕਿਹੜੇ ਕਿਹੜੇ ਪ੍ਰੋਗਰਾਮ ਲੈ ਕੇ ਆ ਰਹੇ ਹੋ?

6. ਜਮਹੂਰੀਕਰਣ -ਲਹੂ ਚੂਸਣ ਵਾਲੀ ਅਫ਼ਸਰਸ਼ਾਹੀ ਤੋਂ ਪੰਜਾਬ ਦੇ ਲੋਕਾਂ ਦਾ ਖਹਿੜਾ ਕਿਵੇਂ ਛੁਡਾਓਗੇ? ਹਰ ਪਿੰਡ-ਸ਼ਹਿਰ ਵਿਚ ਲੋਕਾਂ ਨੂੰ ਆਪਣੇ ਫੈਸਲਾ ਆਪ ਲੈਣ ਦੀ ਵਿਵਸਥਾ ਕਿਵੇਂ ਬਣਾਓਗੇ? ਸੰਸਥਾਵਾਂ ਨੂੰ ਅਫ਼ਸਰਸ਼ਾਹੀ ਦੇ ਚੁੰਗਲ ਤੋਂ ਮੁਕਤ ਕਰਵਾ ਕੇ ਜਮਹੂਰੀ ਲੀਹਾਂ ਤੇ ਕਿਵੇਂ ਪਾਓਗੇ?

7. ਆਪਣੇ ਪ੍ਰੋਗਰਾਮਾਂ ਨੂੰ ਸਫ਼ਲਤਾ ਪੂਰਵਕ ਸਿਰੇ ਚਾੜ੍ਹਨ ਲਈ ਪੈਸੇ ਧੇਲੇ ਦਾ ਪ੍ਰਬੰਧ ਕਿਵੇਂ ਕਰੋਗੇ?

8. ਲੋਕਾਂ/ ਯੂਥ ਦੀ ਤੁਹਾਡੀ ਤੋਹਮਤਾਂ ਅਤੇ ਭੰਡੀ ਪ੍ਰਚਾਰ ਵਾਲੀ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ। ਲੋਕਾਂ/ ਯੂਥ ਨੂੰ ਮੂਰਖ ਬਣਾਉਣਾ ਬੰਦ ਕਰਕੇ, ਇਕ ਦੂਜੇ ਨੂੰ ਸੰਬੋਧਿਤ ਹੋਣ ਦੀ ਬਜਾਏ, ਜੋ ਵੀ ਗੱਲ ਕਰਨੀ ਹੈ ਪੰਜਾਬ ਦੀ ਜਵਾਨੀ ਨੂੰ ਸੰਬੋਧਿਤ ਹੋ ਕੇ ਕਰੋ!

**ਲੋਕਾਂ ਦੀ ਚੇਤਾਵਨੀ**

- ਜੇ ਪ੍ਰੋਗਰਾਮ ਹੈ, ਲੋਕ ਤੁਹਾਡੇ ਨਾਲ ਹਨ।
- ਜੇ ਸਿਰਫ਼ ਝੂਠੇ ਵਾਅਦੇ ਹਨ, ਤਾਂ ਪੰਜਾਬ ਤੁਹਾਨੂੰ ਰੱਦ ਕਰੇਗਾ।
- ਜੇ ਤੁਸੀਂ ਭਵਿੱਖ ਨਾਲ ਧੋਖਾ ਕੀਤਾ, ਤਾਂ ਲੋਕ ਹੁਣ ਤੁਹਾਨੂੰ ਮੁਆਫ਼ ਨਹੀਂ ਕਰਨਗੇ, ਯੂਥ ਜਾਗ ਗਈ ਹੈ।

**ਅੰਤਿਮ ਐਲਾਨ**

ਇਕ ਦੂਜੇ ਦੀਆਂ ਜੂੰਆਂ ਕੱਢਣੀਆਂ ਬੰਦ ਕਰਕੇ 'ਸਿਆਸਤਦਾਨ ਆਪਣਾ ਪ੍ਰੋਗਰਾਮ ਲੈ ਕੇ, ਤਿੰਨ ਮਹੀਨਿਆਂ ਦੇ ਅੰਦਰ ਅੰਦਰ, ਲੋਕਾਂ ਦੀ ਅਦਾਲਤ ਵਿਚ ਪੇਸ਼ ਹੋਣ!' ਨਹੀਂ ਤਾਂ ਪੰਜਾਬ ਦੇ ਨੌਜਵਾਨ ਤੁਹਾਨੂੰ ਸਭ ਤੋਂ ਵੱਡੇ ਜੁਰਮ - ਪੰਜਾਬ ਅਤੇ ਉਸਦੇ ਭਵਿੱਖ ਨਾਲ ਧੋਖੇ - ਦਾ ਮੁਲਜ਼ਮ ਘੋਸ਼ਿਤ ਕਰ ਦੇਣਗੇ।

**ਜਾਗਰੂਕਤਾ ਦਾ ਸੱਦਾ**

ਪੰਜਾਬ ਦੇ ਲੋਕੋ, ਆਓ ਇਕੱਠੇ ਹੋਈਏ:
- ਆਪਣੇ ਪਿੰਡਾਂ ਵਿਚ,
- ਆਪਣੇ ਸ਼ਹਿਰਾਂ ਵਿਚ,
- ਆਪਣੀ ਧਰਤੀ ਦੀ ਰੱਖਿਆ ਲਈ,
- ਆਪਣੀ ਯੂਥ ਦੇ ਸੁਪਨੇ ਪੂਰੇ ਕਰਨ ਲਈ।

ਕਿਸਾਨ ਅੰਦੋਲਨ ਨੇ ਦੁਨੀਆ ਨੂੰ ਦਿਖਾਇਆ ਕਿ ਜੇ ਪੰਜਾਬ ਇਕੱਠਾ ਹੋ ਜਾਏ ਤਾਂ ਇਹ ਸਭ ਤੋਂ ਵੱਡੀ ਤਾਕਤ ਹੈ। ਹੁਣ ਸਮਾਂ ਹੈ ਇੱਕ ਨਵੀਂ ਸੋਚ ਦਾ, ਇੱਕ ਨਵੀਂ ਸ਼ੁਰੂਆਤ ਦਾ — ਰੋਜ਼ਗਾਰ, ਸਿੱਖਿਆ, ਨਿਆਂ ਤੇ ਭਵਿੱਖ ਦੇ ਪੁਨਰ-ਨਿਰਮਾਣ ਦਾ!

**ਧੋਖੇਬਾਜ਼ ਸਿਆਸਤ - ਯੂਥ ਦੇ ਕਟਹਿਰੇ ਵਿਚ ਹੈ!**

ਪੰਜਾਬ ਦੇ ਭਵਿੱਖ ਦਾ ਸੌਦਾ ਕਰਨ ਵਾਲਿਆਂ ਦਾ ਹਿਸਾਬ ਹੁਣ ਯੂਥ ਦੀ ਅਦਾਲਤ ਵਿਚ ਹੀ ਹੋਵੇਗਾ! ਜਦੋਂ ਕੋਈ ਪੁੱਛਦਾ ਹੈ ਕਿ "ਪੰਜਾਬ ਦਾ ਕੀ ਬਣੂੰ" ਇਸ ਦਾ ਇੱਕੋ ਜੁਆਬ ਹੈ "ਪੰਜਾਬ ਦਾ ਉਹੋ ਬਣੂੰ, ਜੋ ਪੰਜਾਬ ਦੀ ਜਵਾਨੀ ਦਾ ਬਣੂੰ।" ਤੇ ਪੰਜਾਬ ਦੀ ਜਵਾਨੀ ਦਾ ਉਹੀ ਬਣੂੰ, ਜੋ ਪੰਜਾਬ ਦੇ ਉਚ-ਵਿਦਿਅਕ ਅਤੇ ਖੋਜ ਢਾਂਚੇ ਦਾ ਬਣੂੰ।" ਤੇ ਪੰਜਾਬ ਦੀਆਂ ਸਾਰੀਆਂ ਸਰਕਾਰਾਂ ਦੀ ਕੇਵਲ ਇੱਕੋ ਕੰਮ 'ਤੇ ਸਹਿਮਤੀ ਬਣੀ ਰਹੀ ਕਿ ਪੰਜਾਬ ਦੇ ਉਚ-ਵਿਦਿਅਕ ਅਤੇ ਖੋਜ ਢਾਂਚੇ ਨੂੰ ਬਰਬਾਦ/ ਨਸ਼ਟ ਕਰਕੇ ਯੂਥ ਨੂੰ ਗੁੰਮਰਾਹ ਕਿਵੇਂ ਕਰਨੈ!

ਤਾਂ ਜੋ ਪੰਜਾਬ ਨੂੰ ਮੰਗਤੇ ਬਣਾ ਕੇ, ਖੈਰਾਤਾਂ ਬਦਲੇ ਵੋਟਾਂ ਹਾਸਲ ਕਰਕੇ, ਪੰਜਾਬ ਨੂੰ ਦੋਵੇਂ ਹੱਥੀਂ ਲੁੱਟਿਆ ਜਾ ਸਕੇ।

*- ਅਮਰਜੀਤ ਸਿੰਘ ਗਰੇਵਾਲ*

# ਚਿੰਤਕ ਅਤੇ ਕਵੀ ਅਮਰਜੀਤ ਗਰੇਵਾਲ ਦੀ ਛੇ ਖੰਡਾਂ ਦੀ ਲੰਮੀ, ਅੰਗਰੇਜ਼ੀ ਕਵਿਤਾ, *Ocean of Dignity* ਦੇ ਪਹਿਲੇ ਖੰਡ *Rising Waters* ਦਾ, ਸ਼ਾਇਰ ਪ੍ਰੋ. ਜਗਮੋਹਨ ਸਿੰਘ ਵੱਲੋਂ ਕੀਤਾ ਗਿਆ ਭਾਵ-ਅਨੁਵਾਦ:

## ਚੜ੍ਹਦੇ ਪਾਣੀ

ਪੰਜਾਬ!
ਤੂੰ ਕਦੇ ਈਨ ਨਹੀਂ ਮੰਨੀ
ਗੋਡੇ ਨਹੀਂ ਟੇਕੇ
ਔਕੜਾਂ, ਮੁਸੀਬਤਾਂ ਵਿਚ ਵੀ
ਸਿਰ ਉੱਚਾ ਰੱਖਿਆ ਹੈ!

ਤੇਰੀ ਪਹਿਚਾਣ
ਸਿਰ ਉੱਚਾ ਚੁੱਕ ਕੇ
ਜੀਣ ਵਿਚ ਹੈ
ਆਫ਼ਤਾਂ ਦੇ ਬਾਵਜੂਦ
ਮੁਸਕਰਾਣ ਵਿਚ ਹੈ
ਹਾਲਾਤ ਨਾਲ
ਲੜਨ ਵਿਚ ਹੈ।

ਪੰਜਾਬ!
ਤੂੰ ਮਾਣ ਸਨਮਾਨ ਕਮਾਇਆ ਹੈ!
ਸੱਤਾਧਾਰੀਆਂ ਕੋਲੋਂ
ਬਖ਼ਸ਼ਿਸ਼ ਵਜੋਂ
ਹਾਸਲ ਨਹੀਂ ਕੀਤਾ!
ਸਖ਼ਤ ਮਿਹਨਤ ਕੀਤੀ ਹੈ
ਪੁੱਤ ਵਾਰੇ ਨੇ
ਖ਼ੂਨ ਵਹਾਇਆ ਹੈ!

ਇਜ਼ਤ ਦਾ ਮੁਕਾਮ ਜੋ ਤੂੰ ਹਾਸਲ ਕੀਤਾ ਹੈ
ਅਸੀਮ ਹੈ
ਇਹ ਪੈਮਾਨਿਆਂ
ਮੰਡੀ ਦੇ ਨਾਪਤੋਲਾਂ
ਮਾਪਦੰਡਾਂ ਦੀ ਸਮਰੱਥਾ ਤੋਂ
ਪਾਰਲੀ ਗੱਲ ਹੈ!

ਤੇਰਾ ਸਨਮਾਨ ਮਿੱਟੀ 'ਚੋਂ ਉਗਮਿਆ ਹੈ
ਅਣਖ ਤੇ ਗ਼ੈਰਤ ਦਾ ਪ੍ਰਤੀਕ ਹੈ
ਹਿੰਮਤ ਹੌਂਸਲੇ ਦਾ ਲਖਾਇਕ ਹੈ
ਇਸ ਦਾ ਸਬੰਧ ਸਮੂਹਕ
ਦੇਖਭਾਲ ਤੇ
ਸਾਂਭ-ਸੰਭਾਲ ਦੇ ਨਿਸ਼ਚੇ ਨਾਲ ਹੈ
ਇਖਲਾਕ ਨਾਲ ਹੈ!

ਪੰਜਾਬ!
ਤੇਰੀ ਧਰਤੀ ਦੀ ਛਾਤੀ 'ਤੇ ਜਦੋਂ
ਹੜ੍ਹ ਆ ਚੜ੍ਹਦੇ ਨੇ
ਸਰਹੱਦਾਂ 'ਤੇ ਲੱਗੀਆਂ
ਕੰਡਿਆਲੀਆਂ ਤਾਰਾਂ ਵਾਂਗਰਾਂ
ਕਾਨੂੰਨ ਅੜਿੱਕਾ ਬਣਦੇ ਨੇ
ਤੂੰ ਹਾਰ ਕੇ ਨਹੀਂ ਬੈਠਦਾ
ਡਿੱਗਦਾ ਨਹੀਂ, ਉਭਰਦਾ ਏਂ!

ਢਾਲ ਲੈਂਦਾ ਏਂ ਆਪਣੇ ਆਪ ਨੂੰ
ਹਾਲਾਤ ਅਨੁਸਾਰ!
ਅਸੂਲਾਂ ਨਾਲ ਸਮਝੌਤਾ ਨਹੀਂ ਕਰਦਾ!
ਪਾ ਲੈਂਦਾ ਏਂ
ਰੋਕਾਂ ਰੁਕਾਵਟਾਂ, ਮੁਸ਼ਕਲਾਤਾਂ 'ਤੇ ਕਾਬੂ!

ਤੇਰਾ ਟਰੈਕਟਰ ਬਣ ਜਾਂਦਾ ਹੈ
ਪਹੀਆਂ 'ਤੇ ਚਲਦਾ
ਗੁਰਬਾਣੀ ਰੂਪ ਗਰੰਥ
ਤੂੰ ਗਾਉਂਦਾ ਏਂ
ਹਿੰਮਤ ਹੌਂਸਲੇ ਨਾਲ ਭਰਪੂਰ ਜਜ਼ਬਾਤੀ ਗੀਤ
ਜੋ ਨੇੜੇ ਨਹੀਂ ਫਟਕਣ ਦੇਂਦੇ ਡਰ ਨੂੰ!

ਤੇਰੇ ਲੰਗਰ ਵਿਚ ਨਹੀਂ ਹੁੰਦਾ ਕੋਈ ਭੇਦਭਾਵ
ਹਰ ਕਿਸੇ ਨੂੰ ਮਿਲਦਾ ਹੈ
ਇਜ਼ਤ ਨਾਲ ਪਰੋਸਿਆ
ਰਸਦਾਇਕ ਭੋਜਨ
ਤੇਰੇ ਲੰਗਰ ਦੀ
ਪੰਗਤ ਵਿਚ ਵਰਤਦੀ ਹੈ
ਬਖ਼ਸ਼ਿਸ਼ ਗੁਰਾਂ ਦੀ
ਮੁੱਕਦੀ ਹੈ ਮੇਰ ਤੇਰ
ਹੁੰਦਾ ਹੈ ਪਰਗਟਾਵਾ
ਬਰਾਬਰੀ ਦਾ!
ਸਾਂਝ ਉਗਮਦੀ ਹੈ
'ਤੂੰ ਤੇ ਮੈਂ' ਮੁੱਕਦੀ ਹੈ
'ਅਸੀਂ' ਵਿਗਸਦੀ ਹੈ
ਪੰਜਾਬ ਤੂੰ
ਗੁਰਾਂ ਦੇ ਨਾਮ 'ਤੇ ਜਿਊਂਦਾ ਏਂ
ਤੇ ਹੋਣੀ ਆਪਣੀ ਆਪ ਸਿਰਜਦਾ ਏਂ
ਤੈਨੂੰ ਸ਼ੁਭ-ਕਾਮਨਾਵਾਂ!

# ਐਨੇ ਸੌਖੇ ਨਹੀਂ ਭਾਰਤ ਅਤੇ ਚੀਨ ਦਰਮਿਆਨ ਸਬੰਧ ਠੀਕ ਹੋਣੇ

ਕੁਝ ਦਿਨ ਪਹਿਲਾਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜ਼ੇਸ਼ਨ (ਐਸ.ਸੀ.ਓ.) ਸੰਮੇਲਨ ਦੇ ਸਬੰਧ ਵਿਚ ਚੀਨ ਦਾ ਦੌਰਾ ਕੀਤਾ ਸੀ। ਉਹ 7 ਸਾਲਾਂ ਬਾਅਦ ਚੀਨ ਗਏ ਹਨ। ਕੁਝ ਸਮਾਂ ਪਹਿਲਾਂ ਮੋਦੀ-ਟਰੰਪ ਦੀ ਦੋਸਤੀ ਦੇ ਸੋਹਲੇ ਗਾਉਣ ਅਤੇ ਚੀਨ ਨੂੰ ਭਾਰਤ ਦਾ ਦੁਸ਼ਮਣ ਨੰਬਰ ਇੱਕ ਗਰਦਾਨ ਰਹੇ ਟੀ.ਵੀ. ਚੈਨਲ ਹੁਣ ਚੀਨ ਨੂੰ ਭਾਰਤ ਦਾ ਸਭ ਤੋਂ ਨਜ਼ਦੀਕੀ ਮਿੱਤਰ ਘੋਸ਼ਿਤ ਕਰ ਰਹੇ ਹਨ। ਪਰ ਅਸਲੀਅਤ ਇਹ ਹੈ ਕਿ ਭਾਰਤ ਅਤੇ ਚੀਨ ਦੇ ਆਪਸੀ ਸਬੰਧ ਆਮ ਵਰਗੇ ਹੋਣੇ ਫਿਲਹਾਲ ਬਹੁਤ ਮੁਸ਼ਕਿਲ ਹਨ। ਇਸ ਦੌਰੇ ਨੇ ਭਾਰਤੀ ਮੀਡੀਆ ਵਿਚ ਵੱਡੇ ਪੱਧਰ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਫੋਨ: 95011-00062

'ਤੇ ਉਤਸ਼ਾਹ ਦਾ ਸੰਚਾਰ ਕੀਤਾ ਹੈ ਪਰ ਇਸ ਦੀਆਂ ਪ੍ਰਾਪਤੀਆਂ ਕੁਝ ਖਾਸ ਨਹੀਂ ਹਨ। ਚੀਨ ਨਾਲ ਭਾਰਤ ਦੇ ਸੀਮਾ ਸਬੰਧੀ ਐਨੇ ਵਿਵਾਦ ਹਨ ਕਿ ਉਨ੍ਹਾਂ ਨੂੰ ਸੁਲਝਾਉਣ ਵਿਚ ਹੀ ਕਈ ਸਾਲ ਗੁਜ਼ਰ ਜਾਣਗੇ। ਸਭ ਨੂੰ ਪਤਾ ਹੈ ਕਿ ਓਪਰੇਸ਼ਨ ਸਿੰਧੂਰ ਸਮੇਂ ਚੀਨ ਨੇ ਪਾਕਿਸਤਾਨ ਦੀ ਹਥਿਆਰਾਂ ਅਤੇ ਗੁਪਤ ਸੂਚਨਾਵਾਂ ਦੇਣ ਸਮੇਤ ਹਰ ਪ੍ਰਕਾਰ ਦੀ ਖੁੱਲ੍ਹਮ-ਖੁੱਲ੍ਹੀ ਮਦਦ ਕੀਤੀ ਸੀ। ਇਸ ਤੋਂ ਇਲਾਵਾ ਉਸ ਨੇ ਦੋ ਕੁ ਮਹੀਨੇ ਪਹਿਲਾਂ ਭਾਰਤ ਨੂੰ ਖਾਦ ਅਤੇ ਦੁਰਲਭ ਖਣਿਜ ਪਦਾਰਥ (ਰੇਅਰ ਅਰਥ ਮੈਟਲਜ਼) ਦੇਣ 'ਤੇ ਪਾਬੰਦੀ ਵੀ ਲਗਾ ਦਿੱਤੀ ਸੀ।

ਦੋਵੇਂ ਦੇਸ਼ ਇੱਕ ਦੂਸਰੇ 'ਤੇ ਦਬਾਅ ਵੀ ਰੱਖਣਾ ਚਾਹੁੰਦੇ ਹਨ ਤੇ ਸਬੰਧ ਵੀ ਸੁਧਾਰਨਾ ਚਾਹੁੰਦੇ ਹਨ। ਭਾਰਤ ਦਾ ਕਹਿਣਾ ਹੈ ਕਿ ਭਾਰਤ-ਚੀਨ ਸਬੰਧਾਂ ਵਿਚ ਕਿਸੇ ਤੀਸਰੀ ਧਿਰ ਦੀ ਦਖਲ-ਅੰਦਾਜ਼ੀ ਨਹੀਂ ਹੋਣੀ ਚਾਹੀਦੀ। ਅਗਸਤ ਮਹੀਨੇ ਵਿਚ ਚੀਨ ਦੇ ਵਿਦੇਸ਼ ਮੰਤਰੀ ਵਾਂਗ ਈ ਨੇ ਆਪਣੇ ਭਾਰਤ ਦੌਰੇ ਸਮੇਂ ਅਮਰੀਕਾ ਦਾ ਨਾਮ ਨਾ ਲੈ ਕੇ ਇੱਕ ਬਿਆਨ ਦੇ ਦਿੱਤਾ ਸੀ ਕਿ ਭਾਰਤ ਚੀਨ ਨਾਲ ਮਿਲ ਕੇ ਵੈਸ਼ਵਿਕ ਧੌਂਸ ਦਾ ਮੁਕਾਬਲਾ ਕਰਨ ਲਈ ਰਾਜ਼ੀ ਹੋ ਗਿਆ ਹੈ। ਇਸ ਬਿਆਨ ਨਾਲ ਭਾਰਤ ਨਾਲ ਪਹਿਲਾਂ ਹੀ ਨਰਾਜ਼ ਚੱਲ ਰਿਹਾ ਟਰੰਪ ਹੋਰ ਭੜਕ ਗਿਆ ਸੀ। ਟਰੰਪ ਵੱਲੋਂ 50% ਟੈਰਿਫ (ਜੋ ਕਿ ਏਸ਼ੀਆ ਦੇ ਹੋਰ ਕਿਸੇ ਵੀ ਦੇਸ਼ ਨਾਲੋਂ ਵੱਧ ਹੈ) ਲਗਾਉਣ ਦੇ ਬਾਵਜੂਦ ਭਾਰਤ ਅਮਰੀਕਾ ਨਾਲ ਆਪਣੇ ਵਪਾਰਕ ਸਬੰਧ ਕਿਸੇ ਹਾਲਤ ਵਿਚ ਖਤਮ ਨਹੀਂ ਕਰ ਸਕਦਾ। ਇਸ ਦਾ ਕਾਰਨ ਇਹ ਹੈ ਕਿ ਅਮਰੀਕਾ ਹੀ ਇੱਕ ਅਜਿਹਾ ਵੱਡਾ ਦੇਸ਼ ਹੈ ਜਿੱਥੇ ਵਪਾਰ ਭਾਰਤ ਦੇ ਪੱਖ ਵਿਚ ਹੈ, ਜਿਸ ਤੋਂ ਦੇਸ਼ ਨੂੰ ਹਰ ਸਾਲ ਕਰੋੜਾਂ ਡਾਲਰ ਦਾ ਫਾਇਦਾ ਹੁੰਦਾ ਹੈ। ਦੋਵੇਂ ਦੇਸ਼ਾਂ-ਚੀਨ ਅਤੇ ਭਾਰਤ ਦੇ ਅਮਰੀਕਾ ਨਾਲ ਵਿਗੜ ਰਹੇ ਸਬੰਧਾਂ ਕਾਰਨ ਅਮਰੀਕਾ ਦੇ ਖਿਲਾਫ ਸਾਂਝਾ ਮੋਰਚਾ ਬਣਾਉਣਾ ਚਾਹੁੰਦੇ ਹਨ। ਟਰੰਪ ਚਾਹੇ ਰੋਜ਼ਾਨਾ ਭਾਰਤ ਦੇ ਖਿਲਾਫ ਕੋਈ ਨਾ ਕੋਈ ਬਿਆਨ ਦਿੰਦਾ ਰਹਿੰਦਾ ਹੈ, ਫਿਰ ਵੀ ਉਹ ਚੀਨ ਨੂੰ ਹੀ ਆਪਣਾ ਸਭ ਤੋਂ ਵੱਡਾ ਸੈਨਿਕ ਅਤੇ ਵਪਾਰਕ ਦੁਸ਼ਮਣ ਮੰਨਦਾ ਹੈ।

ਚੀਨ ਦੁਆਰਾ ਇਹ ਪ੍ਰਾਪੇਗੰਡਾ ਪ੍ਰਚਾਰਿਆ ਜਾ ਰਿਹਾ ਹੈ ਕਿ ਭਾਰਤ ਅਤੇ ਚੀਨ ਵਿਕਾਸਸ਼ੀਲ ਦੁਸ਼ਮਣ ਨਹੀਂ ਸਗੋਂ ਭਾਈਵਾਲ ਹਨ ਜਦ ਕਿ ਉਸ ਨੇ ਭਾਰਤ-ਚੀਨ ਸਰਹੱਦ 'ਤੇ ਭਾਰੀ ਸੈਨਿਕ ਬਲ ਤਾਇਨਾਤ ਕੀਤੇ ਹੋਏ ਹਨ ਤੇ ਉਸ ਵੱਲੋਂ ਅਰੁਣਾਚਲ ਪ੍ਰਦੇਸ਼ ਸਮੇਤ ਭਾਰਤ ਦੇ ਕਈ ਇਲਾਕਿਆਂ 'ਤੇ ਲਗਾਤਾਰ ਦਾਅਵਾ ਕੀਤਾ ਜਾਂਦਾ ਹੈ। ਉਹ ਭਾਰਤ ਦੇ ਵਿਰੋਧ ਦੇ ਬਾਵਜੂਦ ਬ੍ਰਹਮਪੁੱਤਰ ਨਦੀ 'ਤੇ ਸੰਸਾਰ ਦਾ ਸਭ ਤੋਂ ਵੱਡਾ ਡੈਮ ਬਣਾ ਰਿਹਾ ਹੈ ਜਿਸ ਦੀ ਮਦਦ ਨਾਲ ਉਹ ਭਾਰਤ ਵਿਚ ਜਦੋਂ ਚਾਹੇ ਸੋਕਾ ਜਾਂ ਹੜ੍ਹ ਲਿਆ ਸਕਦਾ ਹੈ। ਭਾਰਤ-ਚੀਨ ਸਬੰਧਾਂ ਵਿਚ ਇੱਕ ਹੋਰ ਵੱਡਾ ਰੋੜਾ ਤਾਇਵਾਨ ਦਾ ਮਸਲਾ ਹੈ। ਚੀਨ ਚਾਹੁੰਦਾ ਹੈ ਕਿ ਭਾਰਤ ਉਸ ਦੀ ਸੰਯੁਕਤ ਚੀਨ ਪਾਲਿਸੀ ਦਾ ਸਮਰਥਨ ਕਰੇ ਤੇ ਤਾਇਵਾਨ ਨੂੰ ਉਸ ਦਾ ਹਿੱਸਾ ਮੰਨੇ। ਵਾਂਗ ਈ ਦੇ ਦੌਰੇ ਤੋਂ ਬਾਅਦ ਚੀਨ ਨੇ ਦਾਅਵਾ ਕੀਤਾ ਸੀ ਕਿ ਭਾਰਤ ਨੇ ਉਸ ਦੀ ਇਹ ਗੱਲ ਮੰਨ ਲਈ ਹੈ। ਪਰ ਜਦੋਂ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਦਾ ਖੰਡਨ ਕਰ ਦਿੱਤਾ ਤਾਂ ਉਸ ਨੇ ਇਸ ਦਾ ਬਹੁਤ ਬੁਰਾ ਮਨਾਇਆ ਸੀ। ਉਸ ਦੇ ਵਿਦੇਸ਼ ਮੰਤਰਾਲੇ ਨੇ ਸਖਤ ਬਿਆਨ



ਜਾਰੀ ਕੀਤਾ ਸੀ ਕਿ ਭਾਰਤ ਦਾ ਇਹ ਬਿਆਨ ਹੈਰਾਨੀਜਨਕ ਹੈ, ਕਿਉਂਕਿ ਉਸ ਨੇ ਦੁਵੱਲੀ ਗੱਲ-ਬਾਤ ਦੌਰਾਨ ਇਸ ਬਾਰੇ ਸਹਿਮਤੀ ਪ੍ਰਗਟਾਈ ਸੀ। ਉਸ ਨੇ ਹੋਰ ਕਿਹਾ ਕਿ ਇਸ ਤਰ੍ਹਾਂ ਲੱਗਦਾ ਹੈ ਕਿ ਭਾਰਤ ਵਿਚ ਕੁਝ ਲੋਕ ਇਹ ਨਹੀਂ ਚਾਹੁੰਦੇ ਕਿ ਭਾਰਤ-ਚੀਨ ਸਬੰਧਾਂ ਵਿਚ ਸੁਧਾਰ ਆਵੇ। ਇਹ ਲੋਕ ਚੀਨ ਦੀ ਅਖੰਡਤਾ ਦੇ ਖਿਲਾਫ ਕੰਮ ਕਰ ਰਹੇ ਹਨ ਤੇ ਉਹ ਇਸ ਪਹੁੰਚ ਦਾ ਪੁਰਜ਼ੋਰ ਵਿਰੋਧ ਕਰਦਾ ਹੈ।

ਭਾਰਤ ਅਤੇ ਚੀਨ ਵਿਚ ਫਿਲਹਾਲ ਆਮ ਜਨਤਾ ਨਾਲ ਸਬੰਧਿਤ ਸਾਧਾਰਨ ਮੁੱਦੇ- ਜਿਵੇਂ ਕਿ ਸਿੱਧੀਆਂ ਹਵਾਈ ਉਡਾਣਾਂ, ਹਿਮਾਲੀਆ ਪਰਬਤ ਰਸਤੇ ਵਪਾਰ, ਕੈਲਾਸ਼ ਮਾਨਸਰੋਵਰ ਯਾਤਰਾ ਅਤੇ ਸੌਖੀ ਵੀਜ਼ਾ ਪ੍ਰਣਾਲੀ 'ਤੇ ਹੀ ਗੱਲ ਬਾਤ ਚੱਲ ਰਹੀ ਹੈ। ਇਸ ਤੋਂ ਇਲਾਵਾ ਭਾਰਤ ਨੇ ਚੀਨ ਤੋਂ ਅਤਿ ਜ਼ਰੂਰੀ ਵਸਤੂਆਂ ਜਿਵੇਂ ਖਾਦਾਂ ਅਤੇ ਦੁਰਲਭ ਖਣਿਜ ਪਦਾਰਥਾਂ ਆਦਿ 'ਤੇ ਲੱਗੀਆਂ ਪਾਬੰਦੀਆਂ ਵੀ ਹਟਵਾ ਲਈਆਂ ਹਨ। ਇਥੇ ਵਰਣਨਯੋਗ ਹੈ ਕਿ ਚੀਨ ਨਾਲ ਸਾਡਾ ਵਪਾਰ ਚੀਨ ਪੱਖੀ ਹੈ। ਮਿਸਾਲ ਦੇ ਤੌਰ 'ਤੇ ਜੇ ਭਾਰਤ ਚੀਨ ਤੋਂ 100 ਰੁਪਏ ਦਾ ਸਮਾਨ ਖਰੀਦਦਾ ਹੈ ਤਾਂ ਸਿਰਫ 23 ਰੁਪਏ ਦਾ ਸਮਾਨ ਉਸ ਨੂੰ ਵੇਚਦਾ ਹੈ। ਜਦ ਕਿ ਦੂਸਰੇ ਪਾਸੇ ਟਰੰਪ ਦੇ 50% ਟੈਰਿਫ ਲਗਾਉਣ ਤੋਂ ਪਹਿਲਾਂ ਅਮਰੀਕਾ ਨਾਲ ਭਾਰਤ ਦਾ ਵਪਾਰ ਵਾਧਾ 400 ਕਰੋੜ ਡਾਲਰ ਸਲਾਨਾ ਤੋਂ ਵੱਧ ਸੀ। ਪਰ ਮੁਸੀਬਤ ਇਹ ਕਿ ਦੁਰਲਭ ਖਣਿਜ ਪਦਾਰਥ (ਰੇਅਰ ਅਰਥ ਐਲੀਮੈਂਟਸ, ਜਿਨ੍ਹਾਂ ਤੋਂ ਡਿਫੈਂਸ ਸਿਸਟਮ, ਬਿਜਲਈ ਕਾਰਾਂ ਅਤੇ ਇਲੈਕਟਰੌਨਿਕਸ ਦੇ ਜ਼ਰੂਰੀ ਪੁਰਜ਼ੇ ਬਣਦੇ ਹਨ) ਵਰਗੀਆਂ ਕਈ ਵਸਤੂਆਂ 'ਤੇ ਚੀਨ ਦਾ ਏਕਾਧਿਕਾਰ ਹੈ ਤੇ ਚੀਨ ਇਸ ਨੂੰ ਭਾਰਤ ਅਤੇ ਬਾਕੀ ਵਿਸ਼ਵ ਦੇ ਖਿਲਾਫ ਹਥਿਆਰ ਵਾਂਗ ਵਰਤਦਾ ਹੈ। ਇਸ ਕਾਰਨ ਹੀ ਟਰੰਪ ਚਾਹ ਕੇ ਵੀ ਚੀਨ 'ਤੇ ਟੈਰਿਫ ਨਹੀਂ ਲਗਾ ਸਕਿਆ ਭਾਵੇਂ ਕਿ ਚੀਨ ਰੂਸ ਤੋਂ ਭਾਰਤ ਨਾਲੋਂ ਕਿਤੇ ਵੱਧ ਤੇਲ ਖਰੀਦਦਾ ਹੈ।

ਵਾਂਗ ਈ ਦੇ ਦੌਰੇ ਅਤੇ ਐਸ.ਸੀ.ਓ. ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਮੋਦੀ ਤੇ ਚੀਨ ਦੇ ਰਾਸ਼ਟਰਪਤੀ ਜ਼ੀ ਜਿੰਨਪਿੰਗ ਨਾਲ ਹੋਈ ਮੁਲਾਕਾਤ ਦੌਰਾਨ ਬਾਰਡਰ 'ਤੇ ਵਧ ਰਹੇ ਤਨਾਅ ਨੂੰ ਖਤਮ ਕਰਨ ਸਬੰਧੀ ਖਬਰਾਂ ਚੱਲੀਆਂ ਸਨ। ਮੋਦੀ ਨੇ ਵਪਾਰਕ ਰਿਸ਼ਤਿਆਂ ਨੂੰ ਠੀਕ ਬਣਾਈ ਰੱਖਣ ਲਈ ਬਾਰਡਰ 'ਤੇ ਸ਼ਾਂਤੀ ਕਾਇਮ ਰੱਖਣ 'ਤੇ ਜ਼ੋਰ ਦਿੱਤਾ ਜਦੋਂ ਕਿ ਜ਼ੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਆਪਸੀ ਰਿਸ਼ਤਿਆਂ ਵਿਚ ਨਿੱਘ ਲਿਆਉਣ ਲਈ ਬਾਰਡਰ 'ਤੇ ਵਾਪਰ ਰਹੀਆਂ ਛੋਟੀਆਂ-ਮੋਟੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਇਸ ਤੋਂ ਇਲਾਵਾ ਸਰਹੱਦੀ ਵਿਵਾਦ ਦੇ ਹੱਲ ਲਈ ਚੀਨ ਸਿਰਫ ਸਿੱਕਮ ਤੱਕ ਸੀਮਤ ਰੱਖਣਾ ਚਾਹੁੰਦਾ ਹੈ, ਜੋ ਭਾਰਤ ਨੂੰ ਮੰਨਜ਼ੂਰ ਨਹੀਂ ਹੈ। ਉਹ ਚਾਹੁੰਦਾ ਹੈ ਕਿ ਭਾਰਤ, ਚੀਨ ਅਤੇ ਇੰਗਲੈਂਡ ਦਰਮਿਆਨ 1890 ਈਸਵੀ ਵਿਚ ਸਿੱਕਮ ਅਤੇ ਤਿੱਬਤ ਸਬੰਧੀ ਹੋਈ ਸੰਧੀ ਨੂੰ ਮੰਨਜ਼ੂਰ ਕਰ ਲਵੇ। ਭਾਰਤ ਨੂੰ ਇਹ ਮੰਨਜ਼ੂਰ ਨਹੀਂ ਹੈ ਕਿਉਂਕਿ ਇਸ ਨਾਲ ਸਿੱਕਮ ਦਾ ਕਾਫੀ ਹਿੱਸਾ ਚੀਨ ਦੇ ਕਬਜ਼ੇ ਹੇਠ ਚਲਾ ਜਾਵੇਗਾ। ਭਾਰਤ ਦਾ ਇਹ ਵੀ ਕਹਿਣਾ ਹੈ ਕਿ ਉਹ ਚੀਨ ਦੀ ਕਿਸੇ ਬਸਤੀਵਾਦੀ ਦੇਸ਼ ਨਾਲ ਹੋਈ ਸੰਧੀ ਨੂੰ ਮਾਨਤਾ ਨਹੀਂ ਦੇ ਸਕਦਾ।

ਸੰਮੇਲਨ ਦੌਰਾਨ ਜ਼ੀ ਨੇ ਸੰਦੇਸ਼ ਦਿੱਤਾ ਕਿ ਹਾਥੀ ਅਤੇ ਡਰੈਗਨ ਨੂੰ ਇਕੱਠੇ ਨਾਚ ਕਰਨਾ ਚਾਹੀਦਾ ਹੈ, ਭਾਵ ਕਿ ਦੋਵਾਂ ਦੇਸ਼ਾਂ ਨੂੰ ਸ਼ਾਂਤੀ ਅਤੇ ਸਹਿਯੋਗ ਨਾਲ ਰਹਿਣਾ ਚਾਹੀਦਾ ਹੈ। ਪਰ ਹਰ ਕੋਈ ਜਾਣਦਾ ਹੈ ਕਿ ਚੀਨ ਕਦੇ ਵੀ ਪਾਕਿਸਤਾਨ ਦੀ ਕੀਮਤ 'ਤੇ ਭਾਰਤ ਨਾਲ ਵਪਾਰ ਤੋਂ ਇਲਾਵਾ ਹੋਰ ਕੋਈ ਸਹਿਯੋਗ ਨਹੀਂ ਵਧਾ ਸਕਦਾ। ਪਾਕਿਸਤਾਨ ਨੇ ਮਕਬੂਜ਼ਾ ਕਸ਼ਮੀਰ ਵਿਚੋਂ 5180 ਸੁਕੇਅਰ ਕਿ.ਮੀ. ਇਲਾਕਾ ਚੀਨ ਨੂੰ ਦਿੱਤਾ ਹੋਇਆ ਹੈ। ਚੀਨ ਨੇ ਆਪਣੇ ਸੂਬੇ ਕਾਸ਼ਗਰ ਤੋਂ ਲੈ ਕੇ ਪਾਕਿਸਤਾਨ ਦੇ ਸ਼ਹਿਰ ਹਸਨ ਅਬਦਾਲ ਤੱਕ 1300 ਕਿ.ਮੀ. ਦੇ ਕਰੀਬ ਇੱਕ ਸੜਕ ਬਣਾਈ ਹੋਈ ਹੈ ਜਿਸ ਰਾਹੀਂ ਦੋਵਾਂ ਦੇਸ਼ਾਂ ਦਰਮਿਆਨ ਭਾਰੀ ਵਪਾਰ ਹੁੰਦਾ ਹੈ। ਇਸ ਤੋਂ ਇਲਾਵਾ ਚੀਨ ਨੇ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਅੰਦਰ ਗਵਾਦਰ ਨਾਮਕ ਇੱਕ ਬੰਦਰਗਾਹ ਤਿਆਰ ਕੀਤੀ ਹੈ ਜਿਸ ਦਾ ਸਾਰਾ ਕੰਟਰੋਲ ਚੀਨ ਕੋਲ ਹੈ। ਇਸ ਬੰਦਰਗਾਹ ਕਾਰਨ ਚੀਨ ਦੀ ਅਰਬ ਸਾਗਰ ਅਤੇ ਹੋਰਮਜ਼ ਦੀ ਖਾੜੀ ਤੱਕ ਸਿੱਧੀ ਪਹੁੰਚ ਹੋ ਗਈ ਹੈ। ਬਦਲੇ ਵਿਚ ਚੀਨ ਪਾਕਿਸਤਾਨ ਦੀ 90% ਹਥਿਆਰਾਂ ਦੀ ਪੂਰਤੀ ਬਹੁਤ ਹੀ ਵਾਜ਼ਿਬ ਕੀਮਤ 'ਤੇ ਕਰਦਾ ਹੈ। ਪਾਕਿਸਤਾਨ ਇਸ ਵੇਲੇ ਅਮਰੀਕਾ, ਰੂਸ ਅਤੇ ਚੀਨ-ਤਿੰਨਾਂ ਦੀਆਂ ਅੱਖਾਂ ਦਾ ਤਾਰਾ ਬਣਿਆ ਹੋਇਆ ਹੈ। ਦੂਸਰੇ ਪਾਸੇ ਟਰੰਪ ਪਤਾ ਨਹੀਂ ਕਿਸ ਗੱਲ ਤੋਂ ਭਾਰਤ ਨਾਲ ਨਰਾਜ਼ ਹੈ ਕਿ ਲਗਾਤਾਰ ਧਮਕੀਆਂ ਦੇ ਰਿਹਾ ਹੈ। ਪਰ ਇਸ ਦੇ ਬਾਵਜੂਦ ਵੀ ਭਾਰਤ ਚੀਨ 'ਤੇ ਬਹੁਤਾ ਭਰੋਸਾ ਨਹੀਂ ਕਰ ਸਕਦਾ। ਭਾਰਤ ਨੂੰ ਚੀਨ ਦੀ ਬਜਾਏ ਆਪਣੇ ਸਬੰਧ ਅਮਰੀਕਾ ਨਾਲ ਸੁਧਾਰਨੇ ਚਾਹੀਦੇ ਹਨ। ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਚੀਨੀ ਫੌਜ ਨਾਲ ਗਲਵਾਨ ਘਾਟੀ ਦੀ ਲੜਾਈ (ਮਿਤੀ 16 ਜੂਨ 2020) ਵਿਚ ਭਾਰਤ ਦੇ 20 ਜਵਾਨ ਸ਼ਹੀਦ ਹੋ ਗਏ ਸਨ ਤੇ ਇਸ ਤੋਂ ਪਹਿਲਾਂ 1962 ਵਿਚ ਵੀ ਚੀਨ ਭਾਰਤ ਨੂੰ ਧੋਖਾ ਦੇ ਚੁੱਕਾ ਹੈ।

# ਵਹਿਣ ਦਰਿਆਵਾਂ ਦੇ-ਕੋਈ ਸਰਹੱਦ ਨਾ ਇਨਹੇਂ ਰੋਕੇ

ਪੰਜਾਬ 'ਚ ਆਏ ਭਿਅੰਕਰ ਹੜ੍ਹਾਂ ਸਮੇਂ ਇੱਕ 'ਬੋਲਦੀ' ਤਸਵੀਰ ਬੜੀ ਵਾਇਰਲ ਹੋਈ। ਇਸ ਵਿਚ ਭਾਰਤ-ਪਾਕਿਸਤਾਨ ਦੀ ਕੌਮਾਂਤਰੀ ਸਰਹੱਦ ਉਪਰ ਲੱਗੀ ਕੰਡਿਆਲੀ ਤਾਰ ਅਤੇ ਉਸ ਦੀਆਂ ਕੰਕਰੀਟ ਦੀਆਂ ਥੰਮੀਆਂ ਕਰੀਬ ਸਿਖਰ ਤੀਕ ਡੁੱਬੀਆਂ ਦਿਖਾਈ ਦਿੱਤੀਆਂ। ਸ਼ੂਕਰਾਂ ਮਾਰਦਾ ਪਾਣੀ ਸਰਹੱਦ ਦੇ ਆਰ-ਪਾਰ ਦੋਵੇਂ ਬੰਨ੍ਹੇ ਬਰਾਬਰ ਦੀ ਬਰਬਾਦੀ ਦੇ ਮੰਜ਼ਰ ਪੇਸ਼ ਕਰ ਰਿਹਾ ਸੀ। ਸਮਤਲ ਪਾਣੀ ਨੇ ਸਭ ਹੱਦਾਂ-ਬੰਨ੍ਹੇ ਢਾਹ-ਮਿਟਾ ਦਿੱਤੇ ਸਨ ਤੇ ਕਬਰ 'ਚ ਪਏ ਵਿਚਾਰੇ ਰੈਡਕਲਿਫ ਨੂੰ ਉਸ ਦੁਆਰਾ ਖਿੱਚੀ ਗਈ 'ਰੈਡਕਲਿਫ ਲਾਈਨ' ਲਈ ਮੂੰਹ ਚਿੜ੍ਹਾ ਰਿਹਾ ਸੀ! ਹਿੰਦੁਸਤਾਨ ਦਾ 'ਹਿੰਦੂ' ਪਾਣੀ ਪਾਕਿਸਤਾਨ ਦੇ 'ਮੁਸਲਮਾਨ ਪਾਣੀ' ਨਾਲ ਇੱਕ-ਮਿਕ ਅਤੇ ਇੱਕ-ਰੰਗ ਹੋਇਆ ਪਿਆ ਸੀ ਅਤੇ ਸਿਰਫ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

'ਕਹਿਰਵਾਨ ਪਾਣੀ' ਦੇ ਵਿਕਰਾਲ ਰੂਪ 'ਚ ਦਹਾੜ ਰਿਹਾ ਸੀ। ਧਰਤ-ਪਾਣੀ ਰਲ ਮਿਲ ਗਏ ਸਨ ਤੇ ਅੰਬਰ ਕਿਨਾਰੇ ਦੂਰ ਦਿਸਦੀ ਦੁਮੇਲ ਤੀਕ ਨਿਰੰਤਰਤਾ ਦਾ ਰੂਪ ਧਾਰਨ ਕਰ ਗਏ ਸਨ!

ਦੋਵੇਂ ਪਾਸੇ ਦੀਆਂ ਸਰਹੱਦੀ ਚੌਂਕੀਆਂ ਨੂੰ ਵੀ ਬਹੁਤ ਨੁਕਸਾਨ ਪੁੱਜਾ ਸੀ।

ਦੋਵੇਂ ਪੰਜਾਬਾਂ ਦੇ ਮਟੈਲੇ ਪਾਣੀਆਂ 'ਚ ਪਹਾੜੀਆਂ (ਹਿਮਾਚਲ) ਦਾ ਹਲਕਾ ਲਾਲ ਰੰਗ ਦਾ ਪਾਣੀ ਰਲ ਗਿਆ ਸੀ। ਕਦੀ 1947 ਦੀ ਗੈਰ-ਕੁਦਰਤੀ ਵੰਡ ਦੇ ਉਜਾੜੇ ਸਮੇਂ ਪਾਣੀਆਂ 'ਚ ਖੂਨ ਦੇ ਦਰਿਆ ਵਗੇ ਸਨ ਤੇ ਹੁਣ ਕੁਦਰਤ ਦੀ ਕਰੋਪੀ ਸਮੇਂ ਲਾਲ ਭਾਅ ਮਾਰਦਾ ਹੜ੍ਹਾਂ ਦਾ ਇਹ ਪਾਣੀ ਖੂਨ ਦੇ ਹੰਝੂ ਵਗਾ ਰਿਹਾ ਸੀ।

ਠੀਕ ਹੀ ਕਹਿੰਦੇ ਐ-

"ਪਾਨੀ ਰੇ ਪਾਨੀ ਤੇਰਾ ਰੰਗ ਕੈਸਾ,
ਜਿਸ ਮੇਂ ਮਿਲਾ ਦੋ ਲਗੇ ਉਸ ਜੈਸਾ"(ਹਿੰਦੀ ਫਿਲਮ 'ਸ਼ੋਰ'-1972)

ਇਸੇ ਹੀ ਵੀਡੀਓ ਵਿਚ ਕੁਝ ਪੰਛੀ ਸਰਹੱਦ ਦੇ ਆਰ-ਪਾਰ ਬੇ-ਰੋਕ-ਟੋਕ ਆ ਜਾ ਰਹੇ ਸਨ। ਪੰਛੀਆਂ ਦਾ ਕਿਹੜਾ ਵੀਜ਼ਾ ਲਗਣੈ ਭਲਾ ਜਾਂ ਉਨ੍ਹਾਂ ਨੂੰ ਕੋਈ ਕਾਗਜ਼-ਪੱਤਰ ਤਿਆਰ ਕਰਨੇ ਪੈਣੇ ਹਨ। ਇਧਰੋਂ ਓਧਰ ਤੇ ਓਧਰੋਂ ਏਧਰ ਉਡਾਰੀ ਭਰਨ ਲਈ!

ਇਹ ਸੂਰਤ-ਏ-ਹਾਲ ਦੇਖ ਕੇ ਸਾਨੂੰ ਸੰਨ 2000 ਦੀ ਇੱਕ ਹਿੰਦੀ ਫਿਲਮ 'ਰੀਫਿਊਜੀ' ਦੇ ਜਾਵੇਦ ਅਖਤਰ ਦੇ ਲਿਖੇ ਇੱਕ ਗੀਤ ਦੇ ਬੋਲ ਯਾਦ ਆ ਗਏ-

"ਪੰਛੀ, ਨਦੀਆ, ਪਵਨ ਕੇ ਝੋਂਕੇ,
ਕੋਈ ਸਰਹਦ ਨਾ ਇਨਹੇਂ ਰੋਕੇ।
ਸਰਹਦੇਂ ਇਨਸਾਨੋਂ ਕੇ ਲੀਏ ਹੈਂ,
ਸੋਚੋ ਤੁਮ ਨੇ ਔਰ ਮੈਂ ਨੇ ਕਯਾ ਪਾਯਾ ਹੈ
ਇਨਸਾਂ ਹੋ ਕੇ"।

ਇੱਕ 'ਸ਼ੋਰੀਲੀ' ਤਸਵੀਰ ਹੋਰ ਦੇਖੀ।

8-8, 10-10 ਫੁੱਟ ਉਚੇ ਪਾਣੀ ਵਿਚ ਘਿਰੇ ਲੋਕਾਂ ਕੋਲ ਸ਼ੁਰੂ-ਸ਼ੁਰੂ 'ਚ ਪੀਣ ਦਾ ਪਾਣੀ ਨਹੀਂ ਸੀ! ਜਾਣੀ ਪਾਣੀ ਦੀ ਬਹੁਤਾਤ ਬੇਫਾਇਦਾ ਬਹੁਤਾਤ ਸਾਬਤ ਹੋ ਰਹੀ ਸੀ। ਸੇਵਾ-ਭਾਵ ਵਾਲੇ ਲੋਕ ਪਾਣੀ 'ਚ ਘਿਰੇ ਇਨ੍ਹਾਂ ਪਿਆਸੇ ਲੋਕਾਂ ਦੀ ਤ੍ਰੇਹ ਬੁਝਾਉਣ ਲਈ ਬੋਤਲ-ਬੰਦ ਪਾਣੀ ਮੁਹੱਈਆ ਕਰ ਰਹੇ ਸਨ। ਇਥੇ ਸਾਨੂੰ ਮਸ਼ਹੂਰ ਅੰਗਰੇਜ਼ੀ ਕਵੀ ਸੈਮੂਅਲ ਟੇਲਰ ਕੋਲਰਿਜ (1772-1834) ਦੀ ਪ੍ਰਸਿੱਧ ਕਵਿਤਾ 'ਬਜ਼ੁਰਗ ਮਲਾਹ ਦਾ ਗੀਤ' ('ਦਿ ਰਾਈਮ ਆਫ ਏਨਸ਼ੀਐਂਟ ਮੈਰੀਨਰ' ਦੀਆਂ ਬਹੁਤ ਹੀ ਕੋਟ ਕੀਤੀਆਂ ਜਾਂਦੀਆਂ ਸਤਰਾਂ ਯਾਦ ਆ ਗਈਆਂ:

"ਹਰ ਥਾਂ ਪਾਣੀ ਹੀ ਪਾਣੀ ਸੀ ਪਰ ਪੀਣ ਲਈ ਇਕ ਕਤਰਾ ਤਕ ਨਹੀਂ ਸੀ"('ਵਾਟਰ ਵਾਟਰ ਐਵਰੀਵੇਅਰ... ਨਾਰ ਐਨੀ ਡਰਾਪ ਟੂ ਡ੍ਰਿੰਕ')!

ਇਨ੍ਹਾਂ ਹੜ੍ਹਾਂ ਨੇ ਸਾਬਤ ਕਰ ਦਿਤੈ ਕਿ ਦਰਿਆਵਾਂ ਦੇ ਵਹਿਣਾਂ ਸਾਹਮਣੇ ਕੋਈ ਸਰਹੱਦ ਨਹੀਂ ਟਿਕ ਸਕਦੀ! ਸਰਹੱਦਾਂ ਤਾਂ ਬੰਦਿਆਂ/ਸਿਆਸਤਾਂ ਨੇ ਬਣਾਈਆਂ ਹਨ ਲੋਕਾਂ ਨੂੰ ਲੋਕਾਂ ਤੋਂ ਦੂਰ ਰਖਣ ਲਈ। ਰੱਬ ਨੇ ਜਾਂ ਕੁਦਰਤ ਨੇ ਤਾਂ ਬੰਦਾ ਹੀ ਬਣਾਇਆ ਸੀ ਪਰ ਬੰਦਾ, ਬੰਦਾ ਨਾ ਬਣਿਆ। ਕਾਦਰ ਦੀ ਕੁਦਰਤ ਪ੍ਰਤੀ ਕ੍ਰਿਤਾਰਥ ਹੋਣ ਦੀ ਬਜਾਏ ਕੁਦਰਤ ਨਾਲ ਖਿਲਵਾੜ ਕਰਨ ਲੱਗ ਪਿਆ। ਸਾਡੀ ਆਪਣੀ ਕਵਿਤਾ ਦਾ ਇੱਕ ਸ਼ੇਅਰ ਹੈ-

"ਮਿੱਟੀ ਪੱਟੇ, ਕੰਢੇ ਵੱਢੇ, ਬਿਰਖਾਂ ਦਾ ਕਰੋ ਕਤਲੇਆਮ
ਦਰਿਆਵਾਂ ਨੇ ਤਾਂ ਬਿਫਰਨਾ ਸੀ, ਮਚਣਾ ਸੀ ਇਹ ਕੁਹਰਾਮ"!

ਦਰਿਆ ਆਪਣਾ ਰਾਹ ਆਪ ਬਣਾਉਂਦੈ। ਬੰਦਾ ਬਥੇਰੇ ਬੰਨ੍ਹ ਮਾਰਦੈ ਪਰ ਦਰਿਆ ਆਪਣੇ ਵਹਿਣੀ ਵਗਦਾ ਰਹਿੰਦੈ। ਕਿਹਾ ਜਾਂਦੈ ਕਿ ਦਰਿਆ ਆਪਣਾ ਰਾਹ ਕਦੀ ਨਹੀਂ ਭੁਲਦਾ। ਨਾ ਹੀ ਦਰਿਆ ਆਪਣੀ ਜ਼ਮੀਨ ਛੱਡਦੈ। ਉਹ ਨਵੇਂ ਰਾਹ ਵੀ ਬਣਾਉਂਦੈ ਤੇ ਪੁਰਾਣੇ ਰਾਹਾਂ ਨੂੰ ਵੀ ਯਾਦ ਰੱਖਦੈ। ਸਰਹੱਦੋਂ ਪਾਰ ਦੇ ਇੱਕ ਜਰਨਲਿਸਟ ਅਨੁਸਾਰ 'ਦਰਿਆ ਕੀ ਯਾਦਾਸ਼ਤ 5000 ਸਾਲ ਤਕ ਕੀ ਹੋਤੀ' ਹੈ! ਉਸ ਅਨੁਸਾਰ ਦਰਿਆਵਾਂ ਦੀ 'ਵਹਿਸ਼ਿਆਨਾ ਅੰਗੜਾਈ' ਨੇ ਸੁੱਤੇ ਹੋਏ ਰਾਵੀ, ਸਤਲੁਜ, ਚਨਾਬ ਜਗਾ ਛੱਡੇ, ਵਰਨਾ ਇਨ੍ਹਾਂ ਦਾ ਜ਼ਿਕਰ ਤਾਂ ਸੱਯਾਦ ਅਲੀ ਦੇ ਗੀਤ-

'ਰਾਵੀ 'ਚ ਪਾਣੀ ਕੋਈ ਨਾ/ ਆਪਣੀ ਕਹਾਣੀ ਕੋਈ ਨਾ' 'ਚੋਂ ਹੀ ਸੁਣਨ ਨੂੰ ਮਿਲਦਾ ਸੀ।

ਪਰ ਵਿਸ਼ਵ-ਪ੍ਰਸਿੱਧ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦਾ ਗੀਤ ਤਾਂ ਦਰਿਆਵਾਂ ਰਾਹੀਂ ਦੋਵਾਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਲੋਕਾਂ ਦੇ ਆਪਸੀ ਪਿਆਰ-ਮੁਹੱਬਤ ਦਾ ਜ਼ਿਕਰ ਕਰਦੈ-

"ਰਾਵੀ ਤੋਂ ਚਨਾਬ ਪੁਛਦਾ
ਕੀ ਹਾਲ ਹੈ ਸਤਲੁਜ ਦਾ?"

ਵੈਸੇ, ਮੌਜੂਦਾ ਸਮੇਂ ਭੂਸਰੇ ਦਰਿਆਵਾਂ ਦਾ ਜੋ ਹਾਲ ਹੈ ਉਸ ਤੋਂ ਤਾਂ ਜਵਾਬ ਇਹੀ ਬਣਦੈ-

"ਰਾਵੀ ਨੂੰ ਚਨਾਬ ਪਿਆ ਦਸਦਾ,
ਸਾਡੇ ਵਾਂਗ ਬੁਰਾ ਹਾਲ ਹੈ ਸਤਲੁਜ ਦਾ"!



ਹਾਂ, ਹਰ ਦਰਿਆ ਦਾ ਆਪਣਾ ਸੁਭਾਅ, ਰੰਗ-ਰੂਪ, ਕਿਰਦਾਰ ਹੁੰਦੈ ਅਤੇ ਆਵਾਜ਼ ਵੀ। ਸ਼ਾਂਤੀ ਸਮੇਂ ਇਹ ਸਭ ਮਧੁਰ ਸੰਗੀਤ ਲਗਦੈ ਪਰ ਬੇਖਲਾਏ ਪਾਣੀਆਂ ਵੇਲੇ ਅੱਤ ਗੁਸੈਲਾ ਤਾਂਡਵ।

ਨਾਮਵਰ ਉਰਦੂ ਸ਼ਾਇਰ ਡਾ. ਬਸ਼ੀਰ ਬਦਰ ਦਰਿਆ ਦੇ ਸੁਭਾਅ ਬਾਰੇ ਲਿਖਦੈ-

"ਹਮ ਤੋ ਦਰਿਆ ਹੈਂ, ਹਮੇਂ ਅਪਨਾ ਹੁਨਰ ਮਾਲੂਮ ਹੈ
ਜਿਸ ਤਰਫ ਭੀ ਚਲ ਪੜੇਂਗੇ ਰਾਸਤਾ ਹੋ ਜਾਏਗਾ"।

ਪਰ ਸਾਡਾ ਲੋਕ-ਮਨਾਂ ਦਾ ਪੰਜਾਬੀ ਕਵੀ ਡਾ. ਸੁਰਜੀਤ ਪਾਤਰ ਬਸ਼ੀਰ ਬਦਰ ਦੇ ਇਸ ਵਿਚਾਰ ਨੂੰ ਬੜੇ ਸਿਆਣੇ ਢੰਗ ਨਾਲ 'ਕਾਊਂਟਰ' ਕਰਦੈ-

"ਕਦੀ ਦਰਿਆ ਇਕੱਲਾ ਤੈਅ ਨਹੀਂ ਕਰਦਾ ਦਿਸ਼ਾ ਆਪਣੀ,
ਜ਼ਮੀਂ ਦੀ ਢਾਲ, ਜਲ ਦਾ ਵੇਗ ਹੀ ਰਲ ਮਿਲ ਕੇ ਰਾਹ ਬਣਦੇ"।

ਪਰ ਮੌਸਮ ਬਦਲਣਗੇ, ਮੌਸਮ ਬਦਲਦੇ ਹੀ ਹੁੰਦੇ ਐ! ਜੇ ਉਹ ਦਿਨ ਨਹੀਂ ਰਹੇ ਤਾਂ ਇਹ ਦਿਨ ਵੀ ਨਹੀਂ ਰਹਿਣੇ! ਬੰਦਿਆਂ 'ਤੇ ਹੀ ਭਾਰੀਆਂ ਪੈਂਦੀਆਂ ਅਤੇ ਬੰਦੇ ਹੀ ਇਨ੍ਹਾਂ ਦਾ ਭਾਰ ਝਲਦੇ ਐ। ਉਹ ਹੱਡ ਹੀ ਕੀ ਹੋਏ ਜਿਨ੍ਹਾਂ ਉਪਰ ਕਦੀ ਕੁਝ ਬੀਤੇ ਨਾ ਤੇ ਉਹ ਬੀਤੀ ਹੀ ਕੀ ਹੋਈ ਜੋ ਹੱਡ ਝੱਲਣ ਨਾ! ਕਹਿੰਦੇ ਹਨ ਕਿ 'ਕਾਬੁਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ'! ਪਰ ਪੰਜਾਬ ਦੇ ਜੰਮਿਆਂ ਨੂੰ ਵੀ ਨਿੱਤ ਮੁਸੀਬਤਾਂ! ਪਰ ਪੰਜਾਬੀਆਂ ਨੇ ਕਦੀ ਹਾਰ ਨਹੀਂ ਮੰਨੀ। ਹੁਣ ਵੀ ਨਹੀਂ ਮੰਨਣਗੇ! ਨਾਬਰੀ ਪੰਜਾਬੀਆਂ ਦੇ ਡੀ.ਐਨ.ਏ. ਵਿਚ ਹੈ। ਖ਼ਤਰਿਆਂ ਸਾਹਮਣੇ ਹਿੱਕ ਤਾਣ ਕੇ ਖੜਨਾ ਇਨ੍ਹਾਂ ਦਾ ਸੁਭਾਅ ਹੈ। ਪੰਜਾਬੀ, ਪੰਜਾਬੀਆਂ ਲਈ ਖੜ੍ਹਦੇ ਰਹੇ ਹਨ ਤੇ ਇਸ ਵਾਰ ਤਾਂ ਬਹੁਤ ਹੀ ਡਟ ਕੇ ਖੜ੍ਹੇ ਹਨ! ਦੇਸ਼-ਬਦੇਸ਼ ਦੇ। ਗਾਇਕ, ਕਲਾਕਾਰ, ਸਵੈ-ਸੇਵੀ ਸੰਸਥਾਵਾਂ, ਗੁਆਂਢੀ ਸੂਬੇ, ਸਾਰੇ ਭਾਈਚਾਰਿਆਂ ਦੇ ਲੋਕ-ਹਿਤੈਸ਼ੀ ਮਾਨਵ ਸਮੂਹ ਸਹਾਇਤਾ ਲਈ ਧੜਾ-ਧੜ ਅੱਗੇ ਆਏ। ਮੁਸਲਿਮ ਭਾਈਚਾਰੇ ਨੇ ਬਹੁਤ ਸਾਥ ਦਿਤਾ। ਕਿੰਨਰ ਸਮੁਦਾਏ ਦੇ ਲੋਕ ਵੀ ਪਿੱਛੇ ਨਹੀਂ ਰਹੇ। 'ਖਾਲਸਾ ਏਡ' ਵਰਗੀ ਕੌਮਾਂਤਰੀ ਸਵੈ-ਸੇਵੀ ਸੰਸਥਾ, ਜਿਸ ਨੂੰ ਬੀਤੇ ਸਮੇਂ 'ਚ ਕਈ ਜਣੇ ਅੱਤਵਾਦੀ ਜਾਂ ਖਾਲਿਸਤਾਨੀ ਕਹਿੰਦੇ ਸਨ, ਹਮੇਸ਼ਾਂ ਵਾਂਗ ਆਪਣੀ ਨਿਰਮਲ ਸੇਵਾ ਦੀ ਕਾਰ 'ਤੇ ਖਰੀ ਉਤਰੀ। ਸਾਡੇ ਨੌਜਵਾਨ, ਜਿਨ੍ਹਾਂ ਉਪਰ ਕਈ ਵਾਰ ਨਾਂਹਵਾਚੀ 'ਲੇਬਲ' ਲਗਦੇ ਰਹਿੰਦੇ ਹਨ, ਪੂਰੇ ਜੋਸ਼ ਨਾਲ ਟੁੱਟੇ ਬੰਨ੍ਹਾਂ ਨੂੰ ਮੁੜ ਬੰਨ੍ਹਣ ਅਤੇ ਲੱਕ-ਲੱਕ ਡੂੰਘੇ ਪਾਣੀਆਂ ਵਿਚ ਲੋੜਵੰਦਾਂ ਨੂੰ ਸਹਾਇਤਾ ਸਮੱਗਰੀ ਪਹੁੰਚਾਉਣ ਦਾ ਨੇਕ ਕਾਰਜ ਕਰ ਰਹੇ ਹਨ। ਇਨ੍ਹਾਂ ਸਭ ਨੂੰ ਸਲਾਮ!

ਹੜ੍ਹਾਂ ਦੀ ਬਰਬਾਦੀ ਬਾਰੇ ਬੜਾ ਕੁਝ ਲਿਖਿਆ ਜਾ ਚੁੱਕੈ, ਸੋ ਅਸੀਂ ਇਥੇ ਇਸ ਦਾ ਜ਼ਿਕਰ ਨਹੀਂ ਦੁਹਰਾਵਾਂਗੇ। ਅਸੀਂ ਤਾਂ ਇਹੋ ਐਨਾ ਹੀ ਕਹਾਂਗੇ ਕਿ ਇਨ੍ਹਾਂ ਹੜ੍ਹਾਂ ਤੋਂ ਕੁਝ ਸਬਕ ਸਿੱਖੀਏ। ਇਨ੍ਹਾਂ ਨੂੰ ਸਿਰਫ ਕੁਦਰਤ ਦੀ ਕਰੋਪੀ ਕਹਿ ਕੇ ਆਈ ਗਈ ਨਾ ਕਰ ਦਈਏ, ਸਗੋਂ ਬੰਦੇ ਦੁਆਰਾ ਕੀਤੀਆਂ ਗਈਆਂ ਗਲਤੀਆਂ ਨੂੰ ਵੀ ਸੁਧਾਰੀਏ। "ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ...॥" (ਸ.ਗ.ਗ.ਸ.ਅੰਗ-633)

ਹਾਂ, ਜੇ ਦਰਿਆ ਆਪਣਾ ਰਾਹ ਨਹੀਂ ਭੁਲਦੇ ਤਾਂ ਪੰਜਾਬੀ ਵੀ ਆਪਣਾ ਸੁਭਾਅ ਨਹੀਂ ਛੱਡਦੇ! ਲੋਕ-ਗਾਥਾਈ, ਮਿਥਿਹਾਸਕ ਪੰਛੀ ਕੁਕਨੂਸ (ਫੀਨਿਕਸ) ਬਾਰੇ ਪ੍ਰਚੱਲਿਤ ਹੈ ਕਿ ਉਹ ਆਪਣੀ ਰਾਖ 'ਚੋਂ ਨਵਾਂ-ਨਰੋਆ ਉੱਗ ਪੈਂਦੈ! ਪੰਜਾਬੀ ਨਾਬਰੀ ਲਈ ਜਾਣੇ ਜਾਂਦੇ ਐ, ਇਹ ਅੱਥਰੇ ਦਰਿਆਵਾਂ, ਭੂਤਰੇ ਪਾਣੀਆਂ ਅਤੇ ਮੱਛਰੇ ਹੜ੍ਹਾਂ ਦੀ ਸੱਟ ਖਾ ਕੇ ਵੀ ਹਮੇਸ਼ਾਂ ਵਾਂਗ ਉਠਣਗੇ ਅਤੇ ਦਰਿਆਵਾਂ ਦੇ ਆਪਹੁਦਰੇ ਵਹਿਣ ਰੋਕਣਗੇ!

ਅਖੀਰ ਵਿਚ ਅਸੀਂ ਐਨਾ ਹੀ ਕਹਾਂਗੇ-

"ਹਮ ਨੇ ਇਕ ਸ਼ਾਮ ਚਰਾਗੋਂ ਸੇ ਸਜਾ ਰਖੀ ਹੈ,
ਸ਼ਰਤ ਲੋਗੋਂ ਨੇ ਮਗਰ ਹਵਾਓਂ ਸੇ ਲਗਾ ਰਖੀ ਹੈ।
ਹਵਾਓਂ ਕੇ ਸਾਥ ਰਿਸ਼ਤੇ ਤੋ ਬਹੁਤ ਪੁਰਾਨੇ ਹੈਂ,
ਚਰਾਗ ਤੋ ਹਮੇਂ ਹਰ ਹਾਲ ਮੇਂ ਜਗਾਨੇ ਹੈਂ"!



# ਫ਼ਿਲਮ ਲੋਕ





## ਸਿਮਰਨ ਬੱਗਾ ਦੀ ਵਾਪਸੀ

4 ਅਪ੍ਰੈਲ, 1976 ਨੂੰ ਮੁੰਬਈ ਵਿਚ ਰਿਸ਼ੀ ਬਾਲਾ ਨਵਲ ਦੇ ਰੂਪ ਵਿਚ ਪੈਦਾ ਹੋਈ ਸਿਮਰਨ ਬੱਗਾ ਦੱਖਣ ਦੀ ਮੰਨੀ-ਪ੍ਰਮੰਨੀ ਅਦਾਕਾਰਾ, ਫ਼ਿਲਮ ਨਿਰਮਾਤਾ,ਕੋਰੀਓਗ੍ਰਾਫ਼ਰ ਅਤੇ ਪਿੱਠਵਰਤੀ ਗਾਇਕਾ ਹੈ। ਸਿਮਰਨ ਦਾ ਐਕਟਿੰਗ ਕਰੀਅਰ ਸਾਲ 1995 ਵਿਚ ਰਿਲੀਜ਼ ਹੋਈ, "ਸਨਮ ਹਰਜਾਈ" ਫ਼ਿਲਮ ਨਾਲ ਸ਼ੁਰੂ ਹੋਇਆ 'ਸਨਮ ਹਰਜਾਈ' ਤੋਂ ਇਲਾਵਾ ਸਿਮਰਨ ਨੇ 'ਮੁਕੱਦਰ', 'ਬਾਲ ਬ੍ਰਹਮਚਾਰੀ', 'ਤੇਰੇ ਮੇਰੇ ਸਪਨੇ', 'ਗੁੰਡਾਗਰਦੀ', 'ਦਾਦਾਗਿਰੀ', 'ਕੱਚੇ ਧਾਗੇ', 'ਗੁਲਮੋਹਰ' ਅਤੇ 'ਟਾਈਗਰ-3' ਵਰਗੀਆਂ ਬਾਲੀਵੁੱਡ ਫ਼ਿਲਮਾਂ ਵਿਚ ਕੰਮ ਕੀਤਾ। ਉਹ ਐਮਾਜ਼ੋਨ ਪ੍ਰਾਈਮ ਵੀਡੀਓ ਦੀ ਵੈੱਬ ਸੀਰੀਜ਼ 'ਸਿਟਾਡੇਲ : ਹਨੀ ਬਨੀ' ਵਿਚ ਵੀ ਨਜ਼ਰ ਆ ਚੁੱਕੀ ਹੈ।2009 ਵਿਚ ਉਸ ਨੇ ਜੈਮਨੀ ਟੀ.ਵੀ. 'ਤੇ ਪ੍ਰਸਾਰਿਤ ਤੇਲਗੂ ਲੜੀਵਾਰ 'ਸੁੰਦਰਕਾਂਡ' ਵਿਚ ਇਕ ਮਹਿਮਾਨ ਕਲਾਕਾਰ ਦੀ ਭੂਮਿਕਾ ਨਿਭਾਈ। ਬਾਅਦ ਵਿਚ ਇਸ ਲੜੀਵਾਰ ਨੂੰ ਤਾਮਿਲ ਵਿਚ 'ਸੁੰਦਰਕਾਂਡ' ਦੇ ਰੂਪ ਵਿਚ ਡੱਬ ਕੀਤਾ ਗਿਆ ਅਤੇ ਪੋਲੀਮਰ ਟੀ.ਵੀ. 'ਤੇ ਪ੍ਰਸਾਰਿਤ ਕੀਤਾ ਗਿਆ। ਸਿਮਰਨ ਨੇ ਪਤੀ ਦੀਪਕ ਬੱਗਾ ਵਲੋਂ ਬਣਾਏ ਰਿਆਲਿਟੀ ਸ਼ੋਅ 'ਡਾਂਸ ਡਾਂਸ' ਵਿਚ ਮੁੱਖ ਜੱਜ ਦੀ ਭੂਮਿਕਾ ਨਿਭਾਈ। ਸਾਲ 2008 ਵਿਚ ਸਿਮਰਨ ਨੇ ਤੇਲਗੂ ਵਿਚ ਬਣੀ ਫ਼ਿਲਮ 'ਓਕੱਕਾ ਮਗਾਡੂ', 'ਜਾਨ ਅੱਪਾ ਰਾਓ 40 ਪਲੱਸ' ਅਤੇ 'ਸੇਵਲ' ਨਾਲ ਫ਼ਿਲਮਾਂ ਵਿਚ ਜ਼ਬਰਦਸਤ ਵਾਪਸੀ ਕੀਤੀ।

ਉਸੇ ਸਾਲ ਰਿਲੀਜ਼ ਹੋਈ ਗੌਤਮ ਵਾਸੂਦੇਵ ਮੈਨਨ ਦੀ 'ਵਾਰਣਮ ਆਈਰਮ' ਵਿਚ ਸੂਰਿਆ ਦੀ ਪਤਨੀ ਅਤੇ ਮਾਂ ਦੇ ਰੂਪ ਵਿਚ ਉਸ ਦੇ ਕਿਰਦਾਰ ਨੂੰ ਕ੍ਰਿਟਿਕਸ ਅਤੇ ਦਰਸ਼ਕਾਂ ਨੇ ਬੜਾ ਸਰਾਹਿਆ ਸੀ। ਇਸ ਲਈ ਉਸ ਨੇ ਫ਼ਿਲਮ ਫੇਅਰ ਪੁਰਸਕਾਰ ਵੀ ਜਿੱਤਿਆ। ਉਸ ਤੋਂ ਬਾਅਦ ਉਹ ਹੁਣ ਤੱਕ 3 ਦੱਖਣ ਭਾਰਤੀ ਫ਼ਿਲਮ ਫੇਅਰ ਪੁਰਸਕਾਰ ਅਤੇ ਇਕ ਤਾਮਿਲਨਾਡੂ ਰਾਜ ਫ਼ਿਲਮ ਪੁਰਸਕਾਰ ਜਿੱਤ ਚੁੱਕੀ ਹੈ। ਸਿਮਰਨ ਬੱਗਾ ਦੀਆਂ ਸਰਬੋਤਮ ਫ਼ਿਲਮਾਂ ਵਿਚ 'ਅਵਲ ਵਰੂਵਾਲਾ', 'ਅਰਾਸੂ', 'ਪਤਾ ਨਹੀਂ ਰੱਬ ਕਿਹੜਿਆਂ ਰੰਗਾਂ 'ਚ ਰਾਜ਼ੀ', 'ਵਨਸ ਮੋਰ' ਦੇ ਨਾਂਅ ਸ਼ਾਮਿਲ ਹਨ। ਆਪਣੇ ਐਕਟਿੰਗ ਕਰੀਅਰ ਤੋਂ ਇਲਾਵਾ ਸਿਮਰਨ ਨੇ ਇਕ ਪ੍ਰੋਡਿਊਸਰ ਅਤੇ ਟੈਲੀਵਿਜ਼ਨ ਸ਼ਖ਼ਸੀਅਤ ਦੇ ਰੂਪ ਵਿਚ ਆਪਣੀ ਤਾਕਤ ਦਾ ਪ੍ਰਦਰਸ਼ਨ ਕੀਤਾ ਹੈ। ਸਿਮਰਨ ਵਲੋਂ ਬਣਾਈਆਂ ਪ੍ਰਸਿੱਧ ਫ਼ਿਲਮਾਂ ਵਿਚ 'ਕੰਨਥਿਲ ਮੁਥਮਿੱਤਲ', 'ਵਾਲੀ', 'ਬੁੱਲਾਧਾ ਮਨਮੁਮ ਥੁਲੱਲੁਮ' ਅਤੇ 'ਪ੍ਰੀਅਮਨਵਾਲੇ' ਸ਼ਾਮਿਲ ਹਨ। ਸਿਮਰਨ ਆਖਰੀ ਵਾਰ ਇਸ ਸਾਲ 1 ਮਈ ਨੂੰ ਰਿਲੀਜ਼ ਹੋਈ ਨਿਰਦੇਸ਼ਕ ਅਭਿਸ਼ਨ ਜੀਵੰਥ ਦੀ ਤਾਮਿਲ ਫ਼ਿਲਮ 'ਟੂਰਿਸਟ ਫੈਮਿਲੀ' ਵਿਚ ਐਮ. ਸ਼ਸ਼ੀ ਕੁਮਾਰ ਦੇ ਨਾਲ ਮੁੱਖ ਭੂਮਿਕਾ ਵਿਚ ਨਜ਼ਰ ਆਈ ਸੀ । ਇਹ ਫ਼ਿਲਮ ਇਕ ਸ੍ਰੀਲੰਕਾਈ ਤਾਮਿਲ ਪਰਿਵਾਰ 'ਤੇ ਆਧਾਰਿਤ ਹੈ, ਜੋ ਆਰਥਿਕ ਸੰਕਟ ਕਾਰਨ ਬਿਹਤਰ ਭਵਿੱਖ ਦੀ ਭਾਲ ਵਿਚ ਭਾਰਤ ਆਉਂਦਾ ਹੈ। ਫ਼ਿਲਮ 'ਟੂਰਿਸਟ ਫੈਮਿਲੀ' ਤੋਂ ਬਾਅਦ ਸਿਮਰਨ ਬੱਗਾ ਨਿਰਦੇਸ਼ਕ ਲੋਕੇਸ਼ ਕੁਮਾਰ ਦੀ ਤਾਮਿਲ ਡਰਾਉਣੀ ਫ਼ਿਲਮ 'ਦ ਲਾਸਟ ਵਨ' ਅਤੇ ਇਕ ਲੰਮੇ ਸਮੇਂ ਤੋਂ ਉਡੀਕੀ ਜਾ ਰਹੀ ਗੌਤਮ ਵਾਸੂਦੇਵ ਮੈਨਨ ਵਲੋਂ ਲਿਖੀ ਅਤੇ ਨਿਰਦੇਸ਼ਿਤ ਤਾਮਿਲ ਫ਼ਿਲਮ 'ਧਰੂਵਾ ਨਚਥੀਰਮ' ਕਰ ਰਹੀ ਹੈ।

## ਦਿਸ਼ਾ ਪਟਾਨੀ ਸਹਾਰਾ ਚਮਕ ਦਮਕ ਦਾ

### ਇਸ ਸਮੇਂ ਦਿਸ਼ਾ ਕੋਲ 'ਅਰਜਨ ਉਸਤਰਾ' ਫ਼ਿਲਮ ਹੈ ਤੇ ਉਸ 'ਚ ਵੀ ਉਹ ਇਕ ਖ਼ਾਸ ਰੋਲ ਕਰ ਰਹੀ ਹੈ।



ਤੇਲਗੂ ਤੇ ਹਿੰਦੀ ਫ਼ਿਲਮਾਂ ਦੀ ਲੋਕਪ੍ਰਿਯ ਹੀਰੋਇਨ ਦਿਸ਼ਾ ਪਟਾਨੀ ਨੇ ਕਿਹਾ ਹੈ ਕਿ ਉਸ ਨੂੰ ਆਪਣੀ ਭੈਣ ਖ਼ੁਸ਼ਬੂ ਪਟਾਨੀ 'ਤੇ ਨਾਜ਼ ਹੈ, ਜਿਸ ਨੇ ਭਾਰਤ-ਪਾਕਿ ਯੁੱਧ ਤੋਂ ਬਾਅਦ ਉਨ੍ਹਾਂ ਮਨਚਲਿਆਂ ਨੂੰ ਸਹੀ ਜਵਾਬ ਦਿੱਤਾ, ਜਿਹੜੇ ਰਹਿੰਦੇ ਇਸ ਮੁਲਕ 'ਚ ਹਨ ਪਰ ਮਦਦ ਪਾਕਿਸਤਾਨ ਦੀ ਪ੍ਰਤੱਖ ਤੇ ਅਪ੍ਰਤੱਖ ਰੂਪ 'ਚ ਕਰਦੇ ਹਨ। ਦਰਅਸਲ ਦਿਸ਼ਾ ਨੇ ਦੱਸਿਆ ਕਿ ਇਨ੍ਹਾਂ ਦੇਸ਼ 'ਚ ਰਹਿ ਕੇ ਉਸ ਦੀ ਨੀਯਤ 'ਤੇ ਸ਼ੱਕ ਕਰਨ ਵਾਲਿਆਂ ਨੇ ਇਸ 'ਆਪ੍ਰੇਸ਼ਨ' ਲਈ ਭੱਦੀ ਸ਼ਬਦਾਵਲੀ ਵਰਤੀ ਸੀ ਤਾਂ ਦਿਸ਼ਾ ਦੀ ਭੈਣ ਨੇ ਕਿਹਾ ਕਿ ਇੰਜ ਹੈ ਤਾਂ ਇੰਜ ਹੀ ਸਹੀ, ਫਿਰ ਉਮੀਦ ਹੈ ਕਿ ਭਾਰਤ ਨੇ ਗੁਆਂਢੀ ਮੁਲਕ ਨੂੰ ਸਹੀ ਜਵਾਬ ਦਿੱਤਾ ਹੋਵੇਗਾ। ਦਿਸ਼ਾ ਆਪਣੀ ਫ਼ਿਲਮ ਅਭਿਨੇਤਰੀ ਸਹੇਲੀ ਮੌਨੀ ਰਾਏ ਨਾਲ ਅੱਜਕਲ੍ਹ ਖ਼ੂਬ ਦੇਖੀ ਜਾਂਦੀ ਹੈ ਤੇ ਅਕਸਰ ਦੋਵੇਂ ਡਿਨਰ ਇਕੱਠੀਆਂ ਕਰਦੀਆਂ ਹਨ ਤੇ ਦੋਵਾਂ ਨੂੰ ਦੇਖ ਕੇ ਲੋਕ ਆਖਦੇ ਹਨ ਕਿ ਦੋ ਰਾਣੀਆਂ, ਫਰੇਮ ਇਕ ਅਰਥਾਤ ਦੋਵਾਂ ਨੂੰ ਦੇਖਣ ਵਾਲੇ ਲੋਕ ਹਰ ਮਾਮਲੇ 'ਚ ਇਕੋ ਜਿਹੇ ਨੰਬਰ ਦਿੰਦੇ ਹਨ। ਇਸ ਸਮੇਂ ਦਿਸ਼ਾ ਕੋਲ 'ਅਰਜਨ ਉਸਤਰਾ' ਫ਼ਿਲਮ ਹੈ ਤੇ ਉਸ 'ਚ ਵੀ ਉਹ ਇਕ ਖ਼ਾਸ ਰੋਲ ਕਰ ਰਹੀ ਹੈ। ਦੂਸਰੇ ਪਾਸੇ ਇੰਸਟਾਗ੍ਰਾਮ 'ਤੇ ਦਿਸ਼ਾ ਪਟਾਨੀ ਦੀਆਂ ਬਹੁਤ ਹੀ ਜ਼ਿਆਦਾ ਹਾਟ (ਗਰਮ) ਤਸਵੀਰਾਂ ਦੇਖ ਕੇ ਸੋਸ਼ਲ ਮੀਡੀਆ 'ਤੇ ਦਿਸ਼ਾ ਨੂੰ ਮੰਦਾ ਬੋਲਿਆ ਜਾ ਰਿਹਾ ਹੈ। ਇਕ ਨੇ ਕਿਹਾ ਕਿ ਵੈਸੇ ਇਸ ਦੀ ਭੈਣ ਸਾਧੂ-ਸੰਤਾਂ 'ਤੇ ਉਂਗਲੀ ਉਠਾਉਂਦੀ ਹੈ ਪਰ ਉਹ ਆਪਣੀ ਭੈਣ ਦੀਆਂ 'ਉਕਸਾਊ ਤਸਵੀਰਾਂ 'ਤੇ ਚੁੱਪ ਕਿਉਂ ਹੈ? ਦਿਸ਼ਾ ਇਹ ਪੜ੍ਹ ਕੇ ਗੁੱਸੇ 'ਚ ਤਾਂ ਹੈ ਪਰ ਗੱਲ ਭੈਣ ਖ਼ੁਸ਼ਬੂ ਤੇ ਸਾਧੂ ਸੰਤਾਂ ਨੂੰ ਲੈ ਕੇ ਹੈ, ਤਾਂ ਉਹ ਚੁੱਪ ਹੀ ਭਲੀ ਸਮਝ ਕੇ ਸਮਾਂ ਗੁਜ਼ਾਰ ਰਹੀ ਹੈ। ਉਧਰ ਦਿਸ਼ਾ ਨੂੰ ਹਾਲੀਵੁੱਡ ਦੀ ਇਕ ਫ਼ਿਲਮ ਮਿਲੀ ਹੈ, ਜਿਸ ਨੂੰ ਕੇਵਿਨ ਨਿਰਦੇਸ਼ਨ ਦੇ ਰਹੇ ਹਨ। ਗਲੋਬਲ ਪੱਧਰ 'ਤੇ ਦਿਸ਼ਾ ਦੇ ਕਦਮ ਅੱਗੇ ਵਧ ਰਹੇ ਹਨ ਤੇ ਦਿਸ਼ਾ ਇਹ ਫ਼ਿਲਮ ਕਰ ਕੇ ਖ਼ੁਸ਼ ਹੈ। ਫ਼ਿਲਮ ਦੀ ਸ਼ੂਟਿੰਗ ਮੈਕਸੀਕੋ ਵਿਖੇ ਰੱਖੀ ਗਈ ਹੈ। ਤਾਜ਼ਾ ਖ਼ਬਰਾਂ ਅਨੁਸਾਰ 'ਵੈਲਕਮ ਟੂ ਜੰਗਲ' ਫ਼ਿਲਮ 'ਚ ਵੀ ਦਿਸ਼ਾ ਨੂੰ ਲਿਆ ਗਿਆ ਹੈ। ਇਕ ਹਾਲੀਵੁੱਡ ਫ਼ਿਲਮ ਤੇ ਦੋ ਨਵੀਆਂ ਹਿੰਦੀ ਫ਼ਿਲਮਾਂ ਦਿਸ਼ਾ ਦੇ ਕੈਰੀਅਰ ਨੂੰ ਨਵੀਂ ਦਿਸ਼ਾ ਦੇਣ ਜਾ ਰਹੀਆਂ ਹਨ । ਦਿਸ਼ਾ ਪਟਾਨੀ ਨੂੰ ਵੈਸੇ ਆਮ ਤੌਰ 'ਤੇ ਅਭਿਨੈ 'ਚ ਜ਼ੀਰੋ ਤੇ ਗਲੈਮਰ (ਚਮਕ-ਦਮਕ) 'ਚ ਹੀਰੋ ਕਿਹਾ ਜਾਂਦਾ ਹੈ। 9 ਵਰ੍ਹਿਆਂ 'ਚ ਇਕ ਹਿੱਟ ਫ਼ਿਲਮ ਆਈ ਤਾਂ ਵੀ ਦਿਸ਼ਾ ਪਟਾਨੀ ਦੀ ਗੱਡੀ ਲੀਹ ਤੋਂ ਨਹੀਂ ਉਤਰੀ। ਬੇਸ਼ੱਕ ਟਾਈਗਰ ਸ਼ਰਾਫ਼ ਨਾਲੋਂ ਉਸ ਦੇ ਸੰਬੰਧ ਟੁੱਟ ਗਏ ਹਨ ਪਰ . ਦਿਸ਼ਾ ਨੇ ਆਪਣੇ-ਆਪ ਨੂੰ ਸੰਭਾਲ ਲਿਆ ਹੈ।

## 'ਵਪਾਰਕ ਸਫ਼ਲਤਾ' ਦੇ ਇੰਤਜ਼ਾਰ ਵਿਚ ਹੈ

## ਅਲਾਇਆ ਐਫ਼



28 ਨਵੰਬਰ 1997 ਨੂੰ ਮੁੰਬਈ ਵਿਚ ਅਦਾਕਾਰਾ ਪੂਜਾ ਬੇਦੀ ਦੀ ਬੇਟੀ ਦੇ ਤੌਰ 'ਤੇ ਪੈਦਾ ਹੋਈ ਅਲਾਇਆ ਐਫ. ਦੀ ਸ਼ੁਰੂਆਤੀ ਪੜ੍ਹਾਈ ਮੁੰਬਈ ਦੇ ਜਮੁਨਾ ਬਾਈ ਨਰਸਰੀ ਸਕੂਲ ਵਿਚ ਹੋਈ। ਉਸ ਤੋਂ ਬਾਅਦ ਅੱਗੇ ਦੀ ਪੜ੍ਹਾਈ ਉਸ ਨੇ ਨਿਊਯਾਰਕ ਯੂਨੀਵਰਸਿਟੀ ਤੋਂ ਪੂਰੀ ਕੀਤੀ। ਅਲਾਇਆ ਨੇ ਨਿਊਯਾਰਕ ਫ਼ਿਲਮ ਅਕੈਡਮੀ ਤੋਂ ਇਕ ਸਾਲ ਦਾ ਐਕਟਿੰਗ ਕੋਰਸ ਵੀ ਕੀਤਾ ਹੈ। ਅਲਾਇਆ ਐਫ. ਦੀ ਯਾਤਰਾ ਦੂਜੇ ਸਟਾਰ ਬੱਚਿਆਂ ਤੋਂ ਥੋੜ੍ਹੀ ਵੱਖਰੀ ਰਹੀ। ਉਸ ਨੇ ਸੇਫ ਅਲੀ ਖਾਨ ਦੇ ਨਾਲ ਪਰਿਵਾਰਕ ਕਾਮੇਡੀ ਫ਼ਿਲਮ 'ਜਵਾਨੀ ਜਾਨੇਮਨ' ਤੋਂ ਬਾਲੀਵੁੱਡ ਵਿਚ ਡੇਬਿਊ ਕੀਤਾ ਸੀ। ਇਸ ਡੇਬਿਊ ਫ਼ਿਲਮ ਦੇ ਨਾਲ ਹੀ ਉਸ ਨੇ ਸਭ ਦਾ ਸੰਕੇਤ ਦਿੱਤਾ ਕਿ ਉਹ ਇਸ ਸਨਅਤ ਵਿਚ ਲੰਮੀ ਪਾਰੀ ਖੇਡਣ ਦਾ ਇਰਾਦਾ ਲੈ ਕੇ ਆਈ ਹੈ। ਪਹਿਲੀ ਫ਼ਿਲਮ ਜ਼ਰੀਏ ਢੇਰ ਸਾਰੀਆਂ ਸੰਭਾਵਨਾਵਾਂ ਪੈਦਾ ਕਰਨ ਤੋਂ ਬਾਅਦ ਕਈ ਨਿਰਮਾਤਾ ਉਸ ਦੇ ਨਾਲ ਆਪਣੀ ਫ਼ਿਲਮਾਂ ਸ਼ੁਰੂ ਕਰਨ ਦੀ ਯੋਜਨਾ ਬਣਾਉਣ ਲੱਗੇ ਸਨ, ਪਰ ਉਦੋਂ ਕੋਰੋਨਾ ਆ ਗਿਆ। ਉਸ ਤੋਂ ਬਾਅਦ ਉਸ ਨੂੰ ਦੂਜੀਆਂ ਫ਼ਿਲਮਾਂ ਲਈ 2 ਸਾਲ ਤੱਕ ਇੰਤਜ਼ਾਰ ਕਰਨਾ ਪਿਆ। ਫ਼ਿਲਮ 'ਜਵਾਨੀ ਜਾਨੇਮਨ' ਤੋਂ ਬਾਅਦ ਹੁਣ ਤੱਕ ਉਹ 'ਡੀ', ਏਕਤਾ ਕਪੂਰ ਦੀ ਸੁਪਰ ਨੈਚੁਰਲ ਥ੍ਰਿਲਰ 'ਯੂ ਟਰਨ', ਅਨੁਰਾਗ ਕਸ਼ਿਅਪ ਦੀ ਫ਼ਿਲਮ 'ਆਲਮੋਸਟ ਪਿਆਰ ਵਿਦ ਡੀਜੇ ਮੁਹੱਬਤ', 'ਬੜੇ ਮੀਆਂ ਛੋਟੇ ਮੀਆਂ' ਅਤੇ 'ਸ੍ਰੀਕਾਂਤ' ਵਰਗੀਆਂ ਫ਼ਿਲਮਾਂ ਵਿਚ ਦਿਖਾਈ ਦੇ ਚੁੱਕੀ ਹੈ। ਫ਼ਿਲਮ 'ਸ੍ਰੀਕਾਂਤ' ਵਿਚ ਅਲਾਇਆ ਐਫ. ਅਤੇ ਰਾਜ ਕੁਮਾਰ ਰਾਓ ਪਹਿਲੀ ਵਾਰ ਇਕੱਠੇ ਪਰਦੇ 'ਤੇ ਨਜ਼ਰ ਆਏ ਸਨ। ਫ਼ਿਲਮ ਵਿਚ ਕੰਮ ਕਰਦੇ ਹੋਏ ਰਾਜ ਕੁਮਾਰ ਰਾਓ ਨੇ ਅਲਾਇਆ ਐਫ. ਨੂੰ ਅੱਜ ਦੇ ਦੌਰ ਦੀਆਂ ਸਭ ਤੋਂ ਹੋਣਕਾਰ ਅਭਿਨੇਤਰੀਆਂ ਵਿਚੋਂ ਇਕ ਦੱਸਿਆ ਸੀ। ਇਕ ਨੇਤਰਹੀਣ ਉਦਯੋਗਪਤੀ ਸ੍ਰੀਕਾਂਤ ਬੋਲਿਆ ਕਿ ਬਾਇਓਪਿਕ ਫ਼ਿਲਮ 'ਸ੍ਰੀਕਾਂਤ' ਵਿਚ ਅਲਾਇਆ ਐਫ. ਨੇ ਆਲੀਆ ਭੱਟ ਦੀ ਤਰ੍ਹਾਂ ਆਪਣੇ ਕਿਰਦਾਰ ਨੂੰ ਬੇਹੱਦ ਅਸਲ ਅੰਦਾਜ਼ ਵਿਚ ਨਿਭਾਅ ਕੇ ਹਰ ਕਿਸੇ ਦਾ ਧਿਆਨ ਖਿੱਚਿਆ। ਇਸ ਵਿਚ ਇਕ ਵੱਖਰੇ ਤਰ੍ਹਾਂ ਦੇ ਕਿਰਦਾਰ ਨੂੰ ਬਾਖੂਬੀ ਨਿਭਾਅ ਕੇ ਉਸ ਨੇ ਹੈਰਾਨ ਕਰ ਦਿੱਤਾ ਸੀ। ਅਲਾਇਆ ਐਫ਼. ਨੇ ਜਿਸ ਤਰ੍ਹਾਂ ਫ਼ਿਲਮਾਂ ਵਿਚ ਮਜ਼ਬੂਤ ਔਰਤਾਂ ਵਾਲੇ ਕਿਰਦਾਰ ਨਿਭਾਏ ਅਤੇ ਖ਼ਾਸ ਕਰਕੇ ਕਾਰਤਿਕ ਆਰੀਅਨ ਦੇ ਨਾਲ ਫ਼ਿਲਮ 'ਫ੍ਰੈਡੀ' ਵਿਚ ਕੈਨਾਜ਼ ਨਾਂਅ ਦੀ ਕੁੜੀ ਦਾ ਕਿਰਦਾਰ ਨਿਭਾਇਆ ਜਿਸ ਵਿਚ ਹਾਂਪੱਖੀ ਅਤੇ ਨਾਂਹਪੱਖੀ ਦੋਵੇਂ ਤਰ੍ਹਾਂ ਦੇ ਸ਼ੇਡ ਸਨ।

ਡਿਜ਼ਨੀ ਪਲੱਸ ਹਾਟ ਸਟਾਰ 'ਤੇ ਆਨ ਸਟ੍ਰੀਮ ਹੋਈ ਫ਼ਿਲਮ 'ਫ੍ਰੈਡੀ' ਸਾਲ 2016 ਵਿਚ ਰਿਲੀਜ਼ ਹੋਈ ਕੰਨੜ ਫ਼ਿਲਮ ਯੂ-ਟਰਨ ਦਾ ਹਿੰਦੀ ਰੀਮੇਕ ਸੀ। ਇਸ ਫ਼ਿਲਮ ਲਈ ਹਰ ਕਿਸੇ ਨੇ ਅਲਾਇਆ ਦੇ ਕੰਮ ਦੀ ਬੜੀ ਪ੍ਰਸੰਸਾ ਕੀਤੀ। ਉਸ ਕਿਰਦਾਰ ਵਿਚ ਅਲਾਇਆ ਨੂੰ ਦੇਖਣ ਤੋਂ ਬਾਅਦ ਬਾਲੀਵੁੱਡ ਦੀ ਦੇਸੀ ਕੁੜੀ ਪ੍ਰਿਅੰਕਾ ਚੋਪੜਾ ਨੂੰ ਲੱਗਿਆ ਕਿ ਅਲਾਇਆ ਦਾ ਉਹ ਕਿਰਦਾਰ 'ਇਤਰਾਜ਼' ਵਿਚ ਉਸ ਵਲੋਂ ਨਿਭਾਏ ਅਲਾਇਆ ਐਫ. ਦੇ ਕੰਮ ਦੀ ਪ੍ਰਸੰਸਾ ਕਰਦੇ ਹੋਏ ਪ੍ਰਿਅੰਕਾ ਨੇ ਉਸ ਸਮੇਂ ਉਨ੍ਹਾਂ ਨੂੰ ਬਾਲੀਵੁੱਡ ਦੀ ਅਗਲੀ ਸੰਭਾਵਿਤ ਸੁਪਰ ਸਟਾਰ ਤੱਕ 7 ਵਲੋਂ ਨਿਭਾਏ ਗਏ ਕਿਰਦਾਰ ਦੇ ਮੁਕਾਬਲੇ ਵਿਚ ਜ਼ਿਆਦਾ ਮਜ਼ਬੂਤ ਸੀ, ਦੱਸ ਦਿੱਤਾ ਸੀ। ਅਲਾਇਆ ਦੀ ਜੰਮ ਕੇ ਪ੍ਰਸੰਸਾ ਕਰਦੇ ਹੋਏ ਪ੍ਰਿਅੰਕਾ ਚੋਪੜਾ ਨੇ ਕਿਹਾ ਸੀ, 'ਮੈਨੂੰ ਵਾਕਈ ਅਲਾਇਆ ਬਹੁਤ ਪਸੰਦ ਹੈ ਕਿਉਂਕਿ ਉਸ ਦਾ ਨਜ਼ਰੀਆ ਬਹੁਤ ਵੱਖਰਾ ਹੈ। ਉਹ ਦੂਜਿਆਂ ਦੀ ਤਰ੍ਹਾਂ ਬਣਨ ਦੀ ਕੋਸ਼ਿਸ਼ ਨਹੀਂ ਕਰਦੀ ਹੈ।' ਦਮਦਾਰ ਅਭਿਨੈ ਦੇ ਨਾਲ ਹੀ ਸ਼ਾਨਦਾਰ ਫਿਟਨੈੱਸ ਨੂੰ ਲੈ ਕੇ ਵੀ ਸੁਰਖੀਆਂ ਵਿਚ ਰਹਿਣ ਵਾਲੀ ਅਲਾਇਆ ਐਫ. ਸੋਸ਼ਲ ਮੀਡੀਆ 'ਤੇ ਕਾਫ਼ੀ ਐਕਟਿਵ ਰਹਿੰਦੀ ਹੈ ਅਤੇ ਆਏ ਦਿਨ ਆਪਣੀਆਂ ਖ਼ੂਬਸੂਰਤ ਫੋਟੋਆਂ ਪ੍ਰਸੰਸਕਾਂ ਨਾਲ ਸਾਂਝੀਆਂ ਕਰਦੀ ਹੈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 5645 Evergreen terr Fremont CA 94536
2. 1916 Ticino Ct Pleasanton CA 94566
3. 4643 Sloan St Fremont CA 94538
4. 30252 Cedarbrook Dr Hayward ca 94544
5. 4452 Alice Way Union city CA 94587
6. 776 Vereda ct San Jose CA 95123
7. 8455 Peachtree Ave Newark CA 94560
8. 2169 Charger Dr San Jose CA 95131
9. 9550 Appaloosa Pl Elk Grove CA 95624
10. 9810 Bobcat Ct Gilroy CA 95020
11. 1777 Osage Ave Hayward CA 94545
12. 2249 moody ave Hayward ca 94545
13. 985 Silver Birch Ln Hayward CA 94544
14. 26676 Campeche St Hayward CA 94545

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20